26-JUNE-PAGE-1.qxd 6/25/2025 10:45 PM Page 1

ਵੀਰਵਾਰ, 26 ਜੂਨ, 2025
12 ਹਾੜ੍ਹ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 25

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 26 JUNE, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



## ਦੋ ਇਤਿਹਾਸਕ ਦਿਹਾੜੇ - ਦੋ ਮਹਾਨ ਵਿਰਾਸਤਾਂ

### ਆਪਣੇ ਸੁਝਾਅ ਭੇਜੋ ਅਤੇ ਦੱਸੋ ਕਿ ਪੰਜਾਬ ਸਰਕਾਰ ਇਨ੍ਹਾਂ ਪਾਵਨ ਦਿਹਾੜਿਆਂ ਨੂੰ ਵਿਸ਼ਾਲ ਰੂਪ ਵਿੱਚ ਕਿਸ ਤਰ੍ਹਾਂ ਮਨਾਵੇ



**ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ**

ਸੁਝਾਅ ਭੇਜੋ
gtb350.pb@gmail.com
73800 10010
campaign.punjab.gov.in



**ਸ੍ਰੀ ਅੰਮ੍ਰਿਤਸਰ ਸਾਹਿਬ ਦਾ 450ਵਾਂ ਸਥਾਪਨਾ ਦਿਵਸ**

ਸੁਝਾਅ ਭੇਜੋ
amritsar450.pb@gmail.com
73800 10010
campaign.punjab.gov.in

**ਆਖ਼ਰੀ ਤਰੀਕ** 31 ਜੁਲਾਈ, 2025

"ਪੰਜਾਬ ਦਾ ਇਤਿਹਾਸ ਸਿਰਫ਼ ਕਿਤਾਬਾਂ ਵਿੱਚ ਹੀ ਨਹੀਂ, ਸਾਡੇ ਦਿਲਾਂ ਵਿੱਚ ਵੱਸਦਾ ਹੈ। ਇਹ ਦੋ ਤਰੀਕਾਂ ਸਿਰਫ਼ ਦਿਨ ਨਹੀਂ, ਸਾਡੀ ਪਹਿਚਾਣ ਹਨ। ਆਓ, ਮਿਲ ਕੇ ਕੁੱਝ ਅਜਿਹਾ ਕਰੀਏ ਕਿ ਦੁਨੀਆ ਤੱਕ ਪੰਜਾਬ ਦੀ ਗੂੰਜ ਪਹੁੰਚੇ।"

**ਸ. ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ



ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ।

# ਸਰਕਾਰੀ ਬਹੁ-ਤਕਨੀਕੀ ਕਾਲਜ ਵਿਖੇ ਰੁਜ਼ਗਾਰ ਮੇਲਾ

● ਪ੍ਰਾਈਵੇਟ ਕੰਪਨੀਆਂ ਨੌਜਵਾਨਾਂ ਨੂੰ ਰੋਜਗਾਰ ਦੇਣ ਲਈ ਆਸਾਮੀਆਂ ਤੇ ਪੇਅਪੈਕੇਜ ਸੰਬੰਧੀ ਇੱਕ ਵਿਸ਼ੇਸ਼ ਮਡਿਊਲ ਤਿਆਰ ਕਰਨ : ਡਾਇਰੈਕਟਰ ਮੋਨੀਸ਼ ਕੁਮਾਰ

**ਪਟਿਆਲਾ (ਰਾਜਿੰਦਰ ਕੌਰ ਥਿੰਦ)** ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਤਕਨੀਕੀ ਸਿੱਖਿਆ ਵਿਭਾਗ ਅਤੇ ਪੰਜਾਬ ਵਿਕਾਸ ਕਮਿਸ਼ਨ ਦੇ ਸਾਂਝੇ ਉੱਦਮ ਨਾਲ ਰੁਜ਼ਗਾਰ ਮੇਲਾ ਲਾਇਆ ਗਿਆ। ਮੇਲੇ ਦਾ ਉਦਘਾਟਨ ਕਰਦਿਆਂ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਡਾਇਰੈਕਟਰ ਮੋਨੀਸ਼ ਕੁਮਾਰ ਨੇ ਵਿਦਿਆਰਥੀਆਂ ਦੀ ਚੋਣ ਕਰਨ ਆਈਆਂ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਤੇ ਸੁਝਾਅ ਦਿੱਤਾ ਕਿ ਉਹ ਆਪਣੇ ਕੰਮ ਦੀਆਂ ਲੋੜਾਂ, ਨੌਕਰੀਆਂ ਦੀ ਪਦਵੀਆਂ ਤੇ ਪੇਅ ਪੈਕੇਜ ਸਬੰਧੀ ਜਾਣਕਾਰੀ ਇਕ ਵਿਸ਼ੇਸ਼ ਮਾਡਿਊਲ ਦੇ ਰੂਪ ਵਿੱਚ ਤਿਆਰ ਕਰਕੇ ਕਾਲਜਾਂ ਨਾਲ ਨਿਯਮਤ ਰੂਪ ਵਿੱਚ ਸਾਂਝੀ ਕਰਿਆ ਕਰਨ। ਉਨ੍ਹਾਂ ਕਾਲਜ ਦੇ ਪ੍ਰਿੰਸੀਪਲਾਂ ਨੂੰ ਕਿਹਾ ਕਿ ਉਹ ਇਹ ਮਾਡਿਊਲ ਤੀਜੇ ਸਮੈਸਟਰ ਦੀ ਸ਼ੁਰੂਆਤ ਵਿੱਚ ਹੀ ਵਿਦਿਆਰਥੀਆਂ ਨਾਲ ਸਾਂਝਾ ਕਰਨ ਤਾਂ ਜੋ ਵਿਦਿਆਰਥੀ ਕੰਪਨੀਆਂ ਦੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ। ਇਸ ਮੇਲੇ ਵਿੱਚ ਪੰਜਾਬ ਦੇ ਵੱਖ-ਵੱਖ ਖੇਤਰਾਂ ਤੇ ਕਾਲਜਾਂ ਤੋਂ ਆਏ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਤੇ ਨੌਕਰੀਆਂ ਲਈ ਇੰਟਰਵਿਊ ਦਿੱਤੇ। ਮੇਲੇ ਵਿੱਚ ਪਹੁੰਚੇ ਤਕਨੀਕੀ ਸਿੱਖਿਆ ਵਿਭਾਗ ਦੇ ਵਧੀਕ ਡਾਇਰੈਕਟਰ, ਸ੍ਰੀ ਰਵਿੰਦਰ ਸਿੰਘ ਹੁੰਦਲ ਨੇ ਦੱਸਿਆ ਕਿ ਇਸ ਰੁਜ਼ਗਾਰ ਮੇਲੇ ਵਿੱਚ 12 ਪ੍ਰਮੁੱਖ ਉਦਯੋਗਿਕ ਕੰਪਨੀਆਂ ਸ਼ਾਮਲ ਹੋਈਆਂ ਜਿਨ੍ਹਾਂ ਨੇ ਵੱਖ-ਵੱਖ ਤਕਨੀਕੀ ਤੇ ਗੈਰ-ਤਕਨੀਕੀ ਖੇਤਰਾਂ ਲਈ ਕੁੱਲ 150 ਤੋਂ ਵੱਧ ਅਸਾਮੀਆਂ ਲਈ ਇੰਟਰਵਿਊ ਕੀਤੇ, ਜਿਸ ਵਿੱਚ ਤਕਰੀਬਨ 250 ਵਿਦਿਆਰਥੀਆਂ ਨੇ ਭਾਗ ਲਿਆ।



**150 ਤੋਂ ਵੱਧ ਅਸਾਮੀਆਂ ਲਈ 250 ਵਿਦਿਆਰਥੀਆਂ ਦੇ ਇੰਟਰਵਿਊ ਕੀਤੇ**

# ਫਿਰੋਜ਼ਪੁਰ ਤੋਂ ਚੰਡੀਗੜ੍ਹ ਨੂੰ ਚੱਲਣ ਵਾਲੀ ਟਰੇਨ ਲੰਮੇ ਸਮੇਂ ਤੋਂ ਬੰਦ : ਅਣਜਾਣ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਪਿਛਲੇ ਦਿਨੀਂ ਫਿਰੋਜ਼ਪੁਰ ਤੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੂੰ ਚੱਲਣ ਵਾਲੀ ਟਰੇਨ ਨੂੰ ਲੈ ਕੇ ਰਾਜਨੀਤੀ ਬੜੀ ਗਰਮਾਈ ਰਹੀ। ਸਿਆਸੀ ਪਾਰਟੀਆਂ ਦੇ ਸਿਆਸੀ ਲੀਡਰ ਇਕ ਦੂਜੇ ਉਪਰ ਤੰਜ ਕੱਸਦੇ ਰਹੇ, ਪਰ ਫਿਰੋਜ਼ਪੁਰ ਤੋਂ ਚੰਡੀਗੜ੍ਹ ਨੂੰ ਚੱਲਣ ਵਾਲੀ ਟਰੇਨ, ਜਿਹੜੀ ਰੋਜ਼ਾਨਾ ਫਿਰੋਜ਼ਪੁਰ ਤੋਂ ਚੰਡੀਗੜ੍ਹ ਨੂੰ ਚੱਲਦੀ ਸੀ ਤੇ ਸ਼ਾਮ ਨੂੰ ਚੰਡੀਗੜ੍ਹ ਤੋਂ ਵਾਪਸ ਆਉਂਦੀ ਸੀ, ਉਹ ਲੰਮੇ ਸਮੇਂ ਤੋਂ ਬੰਦ ਹੈ, ਉਸ ਦੇ ਬਾਰੇ ਕਿਸੇ ਸਿਆਸੀ ਪਾਰਟੀ ਦੇ ਆਗੂ ਨੇ ਕੋਸ਼ਿਸ਼ ਨਹੀਂ ਕੀਤੀ ਕਿ ਬਹਾਲ ਕਰਵਾਈ ਜਾਵੇ। ਇਹ ਟਰੇਨ ਲੰਬੇ ਸਮੇਂ ਤੋਂ ਕਿਹੜੇ ਕਾਰਨਾਂ ਕਰਕੇ ਬੰਦ ਹੈ, ਕਿਸੇ ਨੂੰ ਕੋਈ ਪਤਾ ਨਹੀਂ। ਇਸ ਟਰੇਨ ਰਾਹੀਂ ਰੋਜ਼ਾਨਾ ਸੈਂਕੜੇ ਲੋਕ ਸਸਤਾ ਸਫ਼ਰ ਕਰਕੇ ਚੰਡੀਗੜ੍ਹ ਦੇ ਸਰਕਾਰੀ ਕੰਮਾਂ ਲਈ ਪਹੁੰਚਦੇ ਸਨ, ਪਰ ਟਰੇਨ ਦੇ ਬੰਦ ਹੋਣ ਕਰਕੇ ਉਹ ਬੱਸਾਂ 'ਤੇ ਮਹਿੰਗਾ ਸਫ਼ਰ ਕਰਨ ਲਈ ਮਜਬੂਰ ਹਨ, ਕਿਆਸੇ ਤਾਂ ਇਹ ਵੀ ਲਗਾਏ ਜਾ ਰਹੇ ਹਨ ਕਿ ਬੱਸ ਟਰਾਂਸਪੋਰਟਰਾਂ ਦੀ ਕਥਿਤ ਮਿਲੀਭੁਗਤ ਨਾਲ ਇਹ ਟਰੇਨ ਬੰਦ ਹੈ, ਕਿਉਂਕਿ ਇਸ ਟਰੇਨ ਦੇ ਚੱਲਣ ਨਾਲ ਚੰਡੀਗੜ੍ਹ ਨੂੰ ਚੱਲਣ ਵਾਲਿਆਂ ਲਗਜ਼ਰੀ ਬੱਸਾਂ ਦੀ ਸਵਾਰੀ ਘੱਟ ਜਾਂਦੀ ਹੈ, ਲੋਕ ਟਰੇਨ 'ਚ ਸਫ਼ਰ ਕਰਨ ਨੂੰ ਤਰਜੀਹ ਦਿੰਦੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਸਿਆਸੀ ਲੀਡਰ ਵੀ ਬੋਲਦੇ ਨਹੀਂ, ਕਿਉਂਕਿ ਹੋ ਸਕਦਾ ਉਨ੍ਹਾਂ ਦੀ ਵੀ ਬੱਸ ਮਾਲਕਾਂ ਨਾਲ ਮਿਲੀਭੁਗਤ ਹੋਵੇ। ਸੰਯੁਕਤ ਸਮਾਜ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਮੋਜ਼ਾ ਸਿੰਘ ਅਣਜਾਣ ਨੇ ਕਿਹਾ ਕਿ ਉਨ੍ਹਾਂ ਵੱਲੋਂ ਫਿਰੋਜ਼ਪੁਰ ਦੇ ਵਿਧਾਇਕਾਂ, ਐੱਮ ਪੀ ਸ਼ੇਰ ਸਿੰਘ ਘੁਬਾਇਆ ਤੇ ਭਾਜਪਾ ਦੇ ਨੁਮਾਇੰਦੇ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਅਪੀਲ ਹੈ ਕਿ ਜੇਕਰ ਵਾਕਿਆ ਲੋਕਾਂ ਦਾ ਦਰਦ ਹੈ ਤਾਂ ਇਸ ਟਰੇਨ ਨੂੰ ਬਹਾਲ ਕਰਵਾਇਆ ਜਾਵੇ ਤਾਂ ਜੋ ਚੰਡੀਗੜ੍ਹ ਜਾਣ ਵਾਲਿਆਂ ਲਈ ਸਫ਼ਰ ਸੁਖਾਲਾ ਹੋ ਸਕੇ। ਅਣਜਾਣ ਨੇ ਕਿਹਾ ਕਿ ਜਿਹੜੀ ਚੀਜ਼ ਚੱਲ ਪੈਂਦੀ ਜਾਂ ਨਵੀਂ ਆਉਂਦੀ, ਉਹਦੀ ਜ਼ਿੰਮੇਵਾਰੀ ਲੀਡਰ ਲੈ ਲੈਂਦੇ ਹਨ, ਪਰ ਜੋ ਬੰਦ ਹੋ ਜਾਂਦੀ, ਉਨ੍ਹਾਂ ਦਾ ਜ਼ਿੰਮੇਦਾਰ ਕੌਣ ਹੋਵੇਗਾ?





# ਹਰਜੀਤ ਸਿੰਘ ਵਿਰਕ ਬਤੌਰ ਇੰਸਪੈਕਟਰ ਪਦਉੱਨਤ

**ਲੁਧਿਆਣਾ (ਰੈਕਟਰ ਕਥੂਰੀਆ)** ਸਬ-ਇੰਸਪੈਕਟਰ ਹਰਜੀਤ ਸਿੰਘ ਵਿਰਕ ਨੂੰ ਡੀ.ਜੀ.ਪੀ. ਪੰਜਾਬ ਸ੍ਰੀ ਗੌਰਵ ਯਾਦਵ ਵੱਲੋਂ ਜਾਰੀ ਹੁਕਮਾਂ ਤਹਿਤ ਇੰਸਪੈਕਟਰ ਰੈਂਕ 'ਤੇ ਪਦਉੱਨਤ ਕੀਤਾ ਗਿਆ। ਸ੍ਰੀਮਤੀ ਧਨਪ੍ਰੀਤ ਕੌਰ ਆਈ.ਪੀ.ਐੱਸ., ਕਮਿਸ਼ਨਰ ਪੁਲਿਸ ਜਲੰਧਰ ਤੇ ਰੁਪਿੰਦਰ ਸਿੰਘ ਡੀ.ਸੀ.ਪੀ/ਸਿਟੀ ਕਮਿਸ਼ਨਰੇਟ ਲੁਧਿਆਣਾ ਵੱਲੋਂ ਹਰਜੀਤ ਸਿੰਘ ਵਿਰਕ ਦੇ ਮੋਢਿਆਂ 'ਤੇ ਸਟਾਰ ਲਾ ਕੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨਵੀਂ ਤਰੱਕੀ ਪ੍ਰਾਪਤ ਇੰਸਪੈਕਟਰ ਵਿਰਕ ਨੂੰ ਹੋਰ ਸਖ਼ਤ ਮਿਹਨਤ ਕਰਨ, ਸਮਰਪਣ, ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਨ ਲਈ ਉਤਸ਼ਾਹਤ ਕਰਦਿਆਂ ਕਿਹਾ ਕਿ ਤੁਹਾਡੇ ਮੋਢਿਆਂ 'ਤੇ ਲਾਇਆ ਇਹ ਸਟਾਰ ਹੋਰ ਵੱਡੀ ਜ਼ਿੰਮੇਵਾਰੀ ਦਰਸਾਉਂਦਾ ਹੈ। ਕਾਬਲ ਗੌਰ ਹੈ ਕਿ ਸਾਲ 1988 ਵਿੱਚ ਬਤੌਰ ਕਾਂਸਟੇਬਲ ਭਰਤੀ ਹੋਏ ਇੰਸਪੈਕਟਰ ਹਰਜੀਤ ਸਿੰਘ ਵਿਰਕ ਵੱਲੋਂ ਆਪਣੀ ਡਿਊਟੀ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖਦਿਆਂ ਐੱਮ.ਏ. ਪਾਸ ਕੀਤੀ। ਉਪਰੰਤ ਉਨ੍ਹਾਂ ਨੂੰ ਬਤੌਰ ਏ.ਐੱਸ.ਆਈ. ਤਰੱਕੀ ਮਿਲੀ। ਉਨ੍ਹਾਂ ਕਮਿਸ਼ਨਰੇਟ ਲੁਧਿਆਣਾ ਅਧੀਨ ਥਾਣਾ ਸਦਰ, ਸਾਹਨੇਵਾਲ, ਮਹਿਲਾ ਸੈੱਲ, ਸਾਈਬਰ ਸੈੱਲ ਤੇ ਚੌਕੀ ਇੰਚਾਰਜ ਰਘੂਨਾਥ ਇਨਕਲੇਵ (ਬਤੌਰ ਇੰਚਾਰਜ) ਤਫ਼ਤੀਸ਼ੀ ਅਫ਼ਸਰ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੱਤੀਆਂ।

# ਪਵਨ ਕੁਮਾਰ ਨਸ਼ਾ ਮੁਕਤੀ ਮੋਰਚੇ ਦਾ ਉਪ ਕੋਆਰਡੀਨੇਟਰ ਨਿਯੁਕਤ

**ਪਟਿਆਲਾ (ਥਿੰਦ)** ਨੌਜਵਾਨਾਂ ਨੂੰ ਨਸ਼ਾ ਮੁਕਤ ਰਸਤੇ ਵੱਲ ਪ੍ਰੇਰਤ ਕਰਨ ਵਾਲੇ ਯੁਵਾ ਕਾਰਕੁੰਨ ਪਵਨ ਕੁਮਾਰ ਨੂੰ ਆਮ ਆਦਮੀ ਪਾਰਟੀ ਦੇ ਨਸ਼ਿਆਂ ਵਿਰੁੱਧ ਜੰਗ ਪ੍ਰੋਗਰਾਮ ਲਈ ਬਣਾਏ ਗਏ ਨਸ਼ਾ ਮੁਕਤੀ ਮੋਰਚੇ ਦਾ ਜ਼ਿਲ੍ਹਾ ਉਪ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਪਵਨ ਕੁਮਾਰ ਨੇ ਭਗਵੰਤ ਮਾਨ, ਸਿਹਤ ਮੰਤਰੀ ਦਾ ਬਲਬੀਰ ਸਿੰਘ, ਜ਼ਿਲ੍ਹਾ ਪ੍ਰਧਾਨ ਮੇਘ ਚੰਦ ਸ਼ੇਰ ਮਾਜਰਾ ਤੇ ਮਾਲਵਾ ਜ਼ੋਨ ਦੇ ਕੋਆਰਡੀਨੇਟਰ ਜਗਦੀਪ ਸਿੰਘ ਜੱਗਾ ਦਾ ਧੰਨਵਾਦ ਕੀਤਾ।



# 'ਸਿਤਾਰੇ ਜ਼ਮੀਨ ਪਰ : ਸਿਨੇਮਾ ਤੋਂ ਹਕੀਕਤ ਵੱਲ' ਦਾ ਕੇਅਰ ਫ਼ੌਰ ਆਟਿਜ਼ਮ ਵੱਲੋਂ ਆਯੋਜਨ

**ਜਗਰਾਉਂ (ਅਮਿਤ ਖੰਨਾ)** ਕੇਅਰ ਫ਼ੌਰ ਆਟਿਜ਼ਮ ਸੈਂਟਰ ਨੇ ਲੁਧਿਆਣਾ ਦੇ ਪ੍ਰਮੁੱਖ ਮਾਲ ਵਿੱਚ ਇੱਕ ਭਾਵਨਾਤਮਕ ਤੇ ਜਾਗਰੂਕਤਾ ਭਰਪੂਰ ਕਾਰਜਕ੍ਰਮ ਦਾ ਆਯੋਜਨ ਕੀਤਾ। ਇਹ ਆਯੋਜਨ ਹਾਲ ਹੀ ਵਿੱਚ ਰਿਲੀਜ਼ ਹੋਈ ਆਮਿਰ ਖ਼ਾਨ ਦੀ ਫ਼ਿਲਮ 'ਸਿਤਾਰੇ ਜ਼ਮੀਨ ਪਰ' ਤੋਂ ਪ੍ਰੇਰਿਤ ਸੀ, ਜਿਸ ਦਾ ਮਕਸਦ ਖ਼ਾਸ ਜ਼ਰੂਰਤਾਂ ਵਾਲੇ ਬੱਚਿਆਂ ਦੀ ਸਮਝ ਨੂੰ ਸਮਾਜ ਵਿੱਚ ਵਧਾਉਣਾ ਹੈ।ਕਾਰਜਕ੍ਰਮ ਦੀ ਸ਼ੁਰੂਆਤ ਆਟਿਜ਼ਮ ਜਾਗਰੂਕਤਾ ਰਿਬਨ ਪਿੰਨਿੰਗ ਗਤਿਵਿਧੀ ਨਾਲ ਹੋਈ, ਜਿਸ ਵਿੱਚ ਕੇਅਰ ਫ਼ੌਰ ਆਟਿਜ਼ਮ ਦੀ ਸਮਰਪਤ ਟੀਮ ਨੇ ਮਾਲ ਵਿੱਚ ਮੌਜੂਦ ਲੋਕਾਂ ਨੂੰ ਰਿਬਨ ਲਾ ਕੇ ਆਟਿਜ਼ਮ ਬਾਰੇ ਜਾਗਰੂਕ ਕੀਤਾ।ਨਾਲ ਹੀ ਆਟਿਜ਼ਮ ਨਾਲ ਸੰਬੰਧਤ ਸਧਾਰਨ ਤੇ ਜਾਣਕਾਰੀ ਪੂਰਨ ਪੈਂਫ਼ਲੇਟ ਵੀ ਵੰਡੇ ਗਏ, ਤਾਂ ਜੋ ਵੱਧ ਤੋਂ ਵੱਧ ਲੋਕ ਇਸ ਮਾਮਲੇ ਨੂੰ ਠੀਕ ਢੰਗ ਨਾਲ ਸਮਝ ਸਕਣ। ਇਸੇ ਕੜੀ ਵਿੱਚ ਸੰਸਥਾ ਵੱਲੋਂ ਖਾਸ ਜ਼ਰੂਰਤਾਂ ਵਾਲੇ ਬੱਚਿਆਂ ਤੇ ਉਨ੍ਹਾਂ ਦੇ ਪਰਵਾਰਾਂ ਲਈ ਆਮਿਰ ਖ਼ਾਨ ਦੀ ਫਿਲਮ 'ਸਿਤਾਰੇ ਜ਼ਮੀਨ 'ਤੇ' ਦੀ ਇਕ ਵਿਸ਼ੇਸ਼ ਸਕਰੀਨਿੰਗ ਵੀ ਕਰਾਈ ਗਈ। ਸੈਂਟਰ ਦੇ ਓਪਰੇਸ਼ਨਲ ਹੈਡ ਤੇ ਕਲੀਨੀਕਲ ਸਾਈਕੋਲੋਜਿਸਟ ਡਾ. ਅਤੁਲ ਮਦਾਨ ਨੇ ਦੱਸਿਆ ਆਟਿਜ਼ਮ ਦੇ ਲੱਛਣਾਂ ਨੂੰ ਸਮੇਂ ਸਿਰ ਪਛਾਨਣਾ ਅਤੇ ਅਰਲੀ ਇੰਟਰਵੈਂਸ਼ਨ ਸ਼ੁਰੂ ਕਰਨਾ ਬੱਚਿਆਂ ਦੇ ਵਿਕਾਸ ਵਿੱਚ ਵੱਡਾ ਫ਼ਰਕ ਪਾ ਸਕਦਾ ਹੈ। ਮੁੱਖ ਮਹਿਮਾਨ ਇੰਦਰਪਰੀਤ ਕੌਰ ਨੇ ਕਿਹਾ ਕਿ ਕੇਅਰ ਫ਼ੌਰ ਆਟਿਜ਼ਮ ਸੈਂਟਰ ਦਾ ਇਹ ਯਤਨ ਸ਼ਰਾਹਣਯੋਗ ਹੈ।



# ਨਿਰੰਜਣ ਸੂਖਮ ਸਾਹਿਤ ਸਭਾ ਮਾਛੀਵਾੜਾ ਦੇ ਜਨਰਲ ਸਕੱਤਰ ਬਣੇ

**ਸਮਰਾਲਾ (ਸੁਰਜੀਤ ਸਿੰਘ)** ਸਾਹਿਤ ਸਭਾ ਮਾਛੀਵਾੜਾ ਸਾਹਿਬ ਦੀ ਮਾਸਿਕ ਇਕੱਤਰਤਾ ਸਰਕਾਰੀ ਸਕੂਲ ਵਿੱਚ ਪ੍ਰਧਾਨ ਐਸ ਨਸੀਮ ਦੀ ਪ੍ਰਧਾਨਗੀ ਵਿੱਚ ਹੋਈ।ਮੀਟਿੰਗ ਦੇ ਪਹਿਲੇ ਦੌਰ ਵਿੱਚ ਸਭਾ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਹੋਈ, ਜਿਸ ਵਿੱਚ ਨਿਰੰਜਨ ਸੂਖਮ ਨੂੰ ਮੁੜ ਜਨਰਲ ਸਕੱਤਰ, ਬਲਜਿੰਦਰ ਸਿੰਘ ਨੂੰ ਮੀਤ ਪ੍ਰਧਾਨ ਤੇ ਮਲਕੀਤ ਸਿੰਘ ਨੂੰ ਸਕੱਤਰ ਚੁਣ ਲਿਆ ਗਿਆ।ਇਸਦੇ ਨਾਲ ਹੀ ਰਘਬੀਰ ਸਿੰਘ ਭਰਤ ਨੂੰ ਸਭਾ ਦਾ ਸਰਪ੍ਰਸਤ ਤੇ ਗੁਰਭਗਤ ਸਿੰਘ ਨੂੰ ਸਲਾਹਕਾਰ ਵਜੋਂ ਮਾਣ ਦਿੱਤਾ ਗਿਆ।ਰਚਨਾਵਾਂ ਦੇ ਦੌਰ ਵਿੱਚ ਨਛੱਤਰ ਸਿੰਘ ਗਿੱਲ, ਕਸ਼ਮੀਰ ਸਿੰਘ ਨੇ ਗੀਤ ਤੇ ਨਵਦੀਪ ਸ਼ਰਮਾ ਨੇ ਕਵਿਤਾ ਸੁਣਾਈ।ਇਨ੍ਹਾਂ ਰਚਨਾਵਾਂ ਤੇ ਚਰਚਾ ਦੇ ਨਾਲ-ਨਾਲ ਤਾਰੀਫ਼ ਵੀ ਹੋਈ।ਇਸ ਉਪਰੰਤ ਤਾਰਨ ਰਾਮਪੁਰ, ਪ੍ਰਭਜੋਤ, ਬਲਜਿੰਦਰ ਸਿੰਘ, ਨਿਰਵੈਰ ਕੌਰ, ਹਰਨਾਮ ਡੱਲਾ, ਅਮਰਿੰਦਰ ਸੋਹਲ, ਨਿਰੰਜਨ ਸੂਖਮ ਤੇ ਐਸ ਨਦੀਮ ਨੇ ਗ਼ਜ਼ਲਾਂ ਸੁਣਾ ਕੇ ਰੰਗ ਬੰਨ੍ਹਿਆ। ਗ਼ਜ਼ਲਗੋਆਂ ਨੂੰ ਹਾਜ਼ਰ ਸਰੋਤਿਆਂ ਵੱਲੋਂ ਚੰਗੀ ਦਾਦ ਮਿਲੀ।ਅੰਤ ਵਿੱਚ ਸ਼ਾਇਰ, ਐਸ ਨਸੀਮ ਨੇ ਆਪਣੀ ਗ਼ਜ਼ਲ 'ਤੇਰੇ ਬੁੱਲਾਂ 'ਤੇ ਸਦਕੇ ਦਿਲ ਦੁਖਾਈ ਜਾ ਰਹੇ ਨੇ ਜੋ, ਅਜੇ ਵੀ ਚੇਹਿਆਂ ਵਿੱਚ ਮੁਸਕਰਾਈ ਜਾ ਰਹੇ ਨੇ' ਸੁਣਾਈ।ਗ਼ਜ਼ਲ ਨੂੰ ਭਰਪੂਰ ਦਾਦ ਮਿਲੀ।ਪੜ੍ਹੀਆਂ ਰਚਨਾਵਾਂ ਤੇ ਡਾਕਟਰ ਅਮਰਜੀਤ ਸਹਿਗਲ, ਮਲਕੀਤ ਸਿੰਘ ਤੇ ਹਾਜ਼ਰ ਸਾਹਿਤਕਾਰਾਂ ਨੇ ਉਸਾਰੂ ਚਰਚਾ ਕੀਤੀ।ਇਕੱਤਰਤਾ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਨਿਰੰਜਨ ਸੂਖਮ ਨੇ ਕੀਤਾ।ਅੰਤ 'ਚ ਪ੍ਰਧਾਨ ਨਸੀਮ ਨੇ ਸਾਰਿਆਂ ਦਾ ਧੰਨਵਾਦ ਕੀਤਾ।



# ਪੰਜਾਬ ਦੀ ਧਰੋਹਰ ਸੰਭਾਲਣ ਵਾਲੇ ਪੁਰਾਲੇਖ ਵਿਭਾਗ ਦੀ ਹੋਵੇਗੀ ਕਾਇਆਕਲਪ : ਸੌਂਦ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੁਰਾਲੇਖ ਵਿਭਾਗ ਪੰਜਾਬ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀ ਵਿਰਾਸਤੀ ਧਰੋਹਰ ਨੂੰ ਸੰਭਾਲ ਰਹੇ ਪਟਿਆਲਾ ਸਥਿਤ ਪੁਰਾਲੇਖ ਵਿਭਾਗ ਦੀ ਕਾਇਆਕਲਪ ਕਰੇਗੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਸ੍ਰ. ਸੌਂਦ ਨੇ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਨੇ ਆਪਣੀ ਵਿਰਾਸਤੀ ਧਰੋਹਰ ਨੂੰ ਸੰਭਾਲਣ ਵੱਲ ਕਦੇ ਸੰਜੀਦਾ ਢੰਗ ਨਾਲ ਧਿਆਨ ਹੀ ਨਹੀਂ ਦਿੱਤਾ, ਪ੍ਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਟਿਆਲਾ ਦੇ ਇਸ ਪੁਰਾਤਤਵ ਵਿਭਾਗ ਵਿੱਚ ਇਸੇ ਹਫ਼ਤੇ ਹੀ ਸਾਕਾਰਾਤਮਕ ਸੁਧਾਰ ਲਿਆਂਦੇ ਜਾਣਗੇ।ਸ੍ਰੀ ਸੌਂਦ ਨੇ ਕਿਹਾ ਕਿ ਸਾਡੇ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਟੇਟ ਆਰਕਾਈਵਜ਼ ਵਿਭਾਗ ਪਟਿਆਲਾ ਵੱਲੋਂ ਲਗਪਗ 10 ਲੱਖ ਪੁਰਾਤਨ ਰਿਕਾਰਡ, ਜਿਨ੍ਹਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੈਂਕੜੇ ਸਾਲ ਪੁਰਾਤਨ ਸਰੂਪ, ਫਾਇਲਾਂ, ਹੱਥ ਲਿਖਤਾਂ, ਦਸਤਾਵੇਜ਼ (ਸ਼ਾਹੀ ਫ਼ੁਰਮਾਨ) ਪੰਜਾਬ ਤੇ ਕੇਂਦਰ ਸਰਕਾਰ ਦੇ ਗਜ਼ਟ, ਦੁਰਲੱਭ ਪੁਸਤਕਾਂ, ਨਕਸ਼ੇ ਤੇ ਪੇਂਟਿੰਗਜ਼ ਆਦਿ ਤੋਂ ਇਲਾਵਾ 8 ਸ਼ਾਹੀ ਰਿਆਸਤਾਂ ਦਾ ਰਿਕਾਰਡ ਸ਼ਾਮਲ ਹੈ, ਪੂਰੀ ਤਰ੍ਹਾਂ ਸੁਰੱਖਿਅਤ ਕਰਕੇ ਸੰਭਾਲਿਆ ਹੋਇਆ ਹੈ।



# ਲੁਧਿਆਣਾ ਕਾਰਪੋਰੇਸ਼ਨ ਦੀ ਭੌਰਾ ਨੂੰ ਜਾਂਦੀ ਸੜਕ ਦੀ ਹਾਲਤ ਖਸਤਾ

**ਲੁਧਿਆਣਾ (ਰਾਜ ਸਿੰਗਲਾ)** ਬਰਸਾਤੀ ਮੌਸਮ ਸ਼ੁਰੂ ਹੁੰਦਿਆਂ ਹੀ ਨਗਰ ਨਿਗਮ ਦੁਆਰਾ ਬਣਾਈਆਂ ਸੜਕਾਂ ਜਲੰਧਰ ਬਾਈਪਾਸ ਤੋਂ ਪਿੰਡ ਭੌਰਾ ਨੂੰ ਜਾਂਦੀ ਸਰਵਿਸ ਰੋਡ ਦੀ ਹਾਲਤ ਬਰਸਾਤੀ ਮੌਸਮ ਸ਼ੁਰੂ ਹੋਣ ਕਰਕੇ ਬਰਸਾਤੀ ਪਾਣੀ ਖੜਾ ਹੋਣ ਨਾਲ ਟੁੱਟਣੀ ਸ਼ੁਰੂ ਹੋ ਗਈ ਹੈ। ਜਿਸ 'ਤੇ ਪਾਣੀ ਖੜਨ ਨਾਲ ਆਉਣ-ਜਾਣ ਵਾਲੇ ਰਾਹਗੀਰਾਂ ਸਕੂਲੀ ਵਿਦਿਆਰਥੀਆਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ।ਦੁਕਾਨਦਾਰਾਂ ਦਾ ਕਹਿਣਾ ਹੈ ਕਿ ਇਹ ਸੜਕ ਨੈਸ਼ਨਲ ਹਾਈਵੇ ਦੇ ਪੱਧਰ ਨਾਲੋਂ ਨੀਵੀਂ ਹੋਣ ਕਾਰਨ ਬਰਸਾਤੀ ਪਾਣੀ ਖੜਨ ਕਰਕੇ ਹੀ ਕਈ ਥਾਵਾਂ ਤੋਂ ਟੁੱਟਣੀ ਸ਼ੁਰੂ ਹੋਈ ਹੈ। ਮਹੱਲੇਦਾਰਾਂ ਰਾਹਗੀਰਾਂ ਨੇ ਕਾਰਪੋਰੇਸ਼ਨ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸਬੰਧਤ ਵਿਭਾਗ ਨੂੰ ਕਹਿ ਕੇ ਬਰਸਾਤੀ ਜਾਲੀਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੁ ਬਰਸਾਤੀ ਪਾਣੀ ਸੀਵਰੇਜ ਵਿੱਚ ਜਾ ਕੇ ਸੜਕ 'ਤੇ ਨਾ ਖੜੇ ਅਤੇ ਸੜਕ ਦਾ ਬਚਾਅ ਹੋ ਸਕੇ।




# ਸੀ ਏ ਸਟਾਫ ਦੇ ਗੁਰਮੀਤ ਸਿੰਘ ਡੀ ਜੀ ਪੀ ਵੱਲੋਂ ਸਨਮਾਨਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਗੌਰਵ ਦੀ ਅਗਵਾਈ ਹੇਠ ਇੱਕ ਸ਼ਾਨਦਾਰ ਸਮਾਗਮ ਵਿੱਚ ਸੀਨੀਅਰ ਸੁਪਰਡੈਂਟ ਆਫ ਪੁਲਸ (ਐੱਸ ਐੱਸ ਪੀ) ਭੁਪਿੰਦਰ ਸਿੰਘ ਸਿੱਧੂ ਫਿਰੋਜ਼ਪੁਰ ਨੇ ਸੀ ਏ ਸਟਾਫ ਵਿੱਚ ਸੇਵਾ ਨਿਭਾਉਣ ਵਾਲੇ ਗੁਰਮੀਤ ਸਿੰਘ ਨੂੰ ਉਨ੍ਹਾਂ ਦੀ ਨਿਸ਼ਠਾਵਾਨ ਸੇਵਾ ਤੇ ਸਮਰਪਣ ਲਈ ਡਿਸਕ ਨਾਲ ਸਨਮਾਨਤ ਕੀਤਾ। ਇਹ ਸਮਾਰੋਹ ਪੰਜਾਬ ਪੁਲਸ ਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਤੇ ਸਮਾਜ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਸਰਾਹੁਣ ਲਈ ਆਯੋਜਤ ਕੀਤਾ ਗਿਆ। ਗੁਰਮੀਤ ਸਿੰਘ ਦੀਆਂ ਸ਼ਾਨਦਾਰ ਸੇਵਾਵਾਂ ਨੇ ਫਿਰੋਜ਼ਪੁਰ ਪੁਲਸ ਦੇ ਮਾਣ ਨੂੰ ਹੋਰ ਉੱਚਾ ਕੀਤਾ। ਡੀਜੀਪੀ ਗੌਰਵ ਨੇ ਇਸ ਮੌਕੇ ਗੁਰਮੀਤ ਸਿੰਘ ਦੀ ਤਾਰੀਫ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਤੇ ਇਮਾਨਦਾਰੀ ਸਾਰੇ ਪੁਲਸ ਵਿਭਾਗ ਲਈ ਪ੍ਰੇਰਣਾ ਸਰੋਤ ਹੈ।



# 'ਜਲਵਾਯੂ ਤਬਦੀਲੀ ਤੇ ਆਫ਼ਤ ਪ੍ਰਬੰਧਨ' ਵਿਸ਼ੇ 'ਤੇ ਛੇ ਰੋਜ਼ਾ ਸ਼ਾਰਟਟਰਮ ਕੋਰਸ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬੀ ਯੂਨੀਵਰਸਿਟੀ ਵਿਖੇ ਯੂ.ਜੀ.ਸੀ. ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਸੈਂਟਰ ਵੱਲੋਂ ਛੇ ਰੋਜ਼ਾ ਸ਼ਾਰਟ ਟਰਮ ਕੋਰਸ ਆਰੰਭ ਕੀਤਾ ਗਿਆ ਹੈ। ਸੈਂਟਰ ਦੇ ਡਾਇਰੈਕਟਰ ਡਾ. ਰਮਨ ਮੈਣੀ ਨੇ ਕੋਰਸ ਦੀ ਸ਼ੁਰੂਆਤ ਮੌਕੇ ਆਪਣੇ ਸਵਾਗਤੀ ਸ਼ਬਦਾਂ ਦੌਰਾਨ ਦੱਸਿਆ ਕਿ ਇਹ ਕੋਰਸ 'ਜਲਵਾਯੂ ਤਬਦੀਲੀ ਤੇ ਆਫ਼ਤ ਪ੍ਰਬੰਧਨ' ਵਿਸ਼ੇ 'ਤੇ ਕਰਾਇਆ ਜਾ ਰਿਹਾ ਹੈ। ਉਨ੍ਹਾਂ ਇਸ ਵਿਸ਼ੇ ਸਬੰਧੀ ਗੱਲ ਕਰਨ ਦੇ ਨਾਲ਼-ਨਾਲ਼ ਸੈਂਟਰ ਦੀਆਂ ਵੱਲੋਂ ਕੀਤੀਆਂ ਜਾਂਦੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵੀ ਚਾਨਣਾ ਪਾਇਆ। ਆਨਲਾਈਨ ਵਿਧੀ ਰਾਹੀਂ ਹੋਏ ਉਦਘਾਟਨੀ ਸੈਸ਼ਨ ਵਿੱਚ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਜਗਦੀਪ ਸਿੰਘ ਨੇ ਕਿਹਾ ਕਿ ਜਿਵੇਂ ਜਿਵੇਂ ਅੱਜ ਦਾ ਮਨੁੱਖ ਤਰੱਕੀ ਕਰਦਾ ਜਾ ਰਿਹਾ ਹੈ ਤਾਂ ਉਸ ਵੱਲੋਂ ਵਰਤੇ ਜਾਂਦੇ ਸਾਧਨਾਂ ਤੇ ਸਹੂਲਤਾਂ ਨਾਲ ਕਾਰਬਨ ਨਿਕਾਸ ਵਿੱਚ ਅਥਾਹ ਵਾਧਾ ਹੋ ਰਿਹਾ ਹੈ। ਅਜਿਹੀ ਸਥਿਤੀ ਵਿੱਚ ਜਲਵਾਯੂ ਤਬਦੀਲੀ ਤੇ ਆਫ਼ਤ ਪ੍ਰਬੰਧਨ ਦਾ ਵਿਸ਼ਾ ਬੇਹੱਦ ਪ੍ਰਸੰਗਿਕ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦੇ ਸਾਰੇ ਪ੍ਰੋਜੈਕਟਾਂ ਵਿੱਚ ਵਾਤਾਵਰਨ ਸੁਰੱਖਿਆ ਦਾ ਮੁੱਦਾ ਹਮੇਸ਼ਾ ਕੇਂਦਰ ਵਿੱਚ ਰਹਿਣਾ ਚਾਹੀਦਾ ਹੈ।



# ਕੁਰੜ 'ਚ ਕੈਂਪ ਲਾ ਕੇ ਕੇਂਦਰ ਸਰਕਾਰ ਦੀਆਂ ਸਕੀਮਾਂ ਬਾਰੇ ਕੀਤਾ ਜਾਗਰੂਕ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** 'ਭਾਜਪਾ ਦੇ ਸੇਵਾਦਾਰ, ਆ ਗਏ ਤੁਹਾਡੇ ਦੁਆਰ' ਮੁਹਿੰਮ ਤਹਿਤ ਪਿੰਡ ਕੁਰੜ ਵਿਖੇ ਅਮਰ ਸ਼ਹੀਦ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਜਾਗਰੂਕਤਾ ਕੈਂਪ ਸੀਨੀਅਰ ਭਾਜਪਾ ਆਗੂ ਬੀਬੀ ਹਰਚੰਦ ਕੌਰ ਘਨੌਰੀ ਦੀ ਅਗਵਾਈ ਹੇਠ ਲਾਇਆ ਗਿਆ।ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸਿੰਘ ਸ਼ੰਟੀ ਵੀ ਸ਼ਾਮਲ ਹੋਏ।ਸਾਬਕਾ ਵਿਧਾਇਕਾ ਬੀਬੀ ਹਰਚੰਦ ਕੌਰ ਘਨੌਰੀ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਹਾਈਕਮਾਂਡ ਦੇ ਆਦੇਸ਼ਾਂ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੀਆਂ ਭਲਾਈ ਸਕੀਮਾਂ ਦੀ ਜਾਣਕਾਰੀ ਲੋਕਾਂ ਤੱਕ ਪੁਚਾਉਣ ਲਈ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਪਿੰਡਾਂ 'ਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।ਪਿੰਡ-ਪਿੰਡ ਕੈਂਪ ਲਾ ਕੇ ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਣੂ ਕਰਾਇਆ ਗਿਆ, ਜਿਨ੍ਹਾਂ ਵਿੱਚ ਆਯੂਸ਼ਮਾਨ ਕਾਰਡ ਯੋਜਨਾ 5 ਲੱਖ ਰੁਪਏ ਤੱਕ ਮੁਫ਼ਤ ਇਲਾਜ, ਕਿਸਾਨ ਸਨਮਾਨ ਨਿਧੀ ਕਿਸਾਨਾਂ ਨੂੰ 6000 ਰੁਪਏ ਸਾਲਾਨਾ ਸਹਾਇਤਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਘਰ ਬਣਾਉਣ ਲਈ ਆਰਥਿਕ ਸਹਾਇਤਾ, ਈ-ਸਮਰਾਟ ਕਾਰਡ, ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ, ਬੁਢਾਪਾ ਅਤੇ ਵਿਧਵਾ ਪੈਨਸ਼ਨ ਸਕੀਮਾਂ, ਸੂਰਯਾ ਘਰ ਮੁਫ਼ਤ ਬਿਜਲੀ ਯੋਜਨਾ, ਟੂਲ ਕਿਟ ਵੰਡ ਪ੍ਰੋਗਰਾਮ ਆਦਿ ਸ਼ਾਮਲ ਹਨ। ਬੀਬੀ ਘਨੌਰੀ ਨੇ ਇਸ ਮੌਕੇ 600 ਲੋਕਾਂ ਦੇ ਫਾਰਮ ਆਨਲਾਈਨ ਭਰਾਏ ਗਏ, ਤਾਂ ਜੁ ਉਹ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਲੈ ਸਕਣ।ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਆ ਕੇ ਕੈਂਪਾਂ ਰਾਹੀਂ ਇਨ੍ਹਾਂ ਯੋਜਨਾਵਾਂ ਦਾ ਲਾਭ ਉਠਾਉਣ।



# ਅਚਨਚੇਤ ਚੈਕਿੰਗ ਦੌਰਾਨ ਵਿੱਤ ਮੰਤਰੀ ਚੀਮਾ ਨੇ ਦਿੱਤੀ ਚਿਤਾਵਨੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਦੇ ਵਿੱਤ, ਕਰ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਬਕਾਰੀ ਤੇ ਕਰ ਵਿਭਾਗ ਦੇ ਮੁੱਖ ਦਫ਼ਤਰ ਵਿਖੇ ਅਚਨਚੇਤ ਚੈਕਿੰਗ ਕੀਤੀ। ਮੰਗਲਵਾਰ ਦੁਪਹਿਰ ਦੇ ਖਾਣੇ ਦੇ ਤੁਰੰਤ ਬਾਅਦ ਪਟਿਆਲਾ ਪੁੱਜੇ ਹਰਪਾਲ ਸਿੰਘ ਚੀਮਾ ਨੇ ਆਬਕਾਰੀ ਕਮਿਸ਼ਨਰ ਦੇ ਨਾਲ ਆਬਕਾਰੀ ਤੇ ਕਰ ਵਿਭਾਗ ਦੇ ਮੁੱਖ ਦਫ਼ਤਰ ਵਿਖੇ ਅਚਨਚੇਤ ਚੈਕਿੰਗ ਕਰਦਿਆਂ ਵੱਖ-ਵੱਖ ਬ੍ਰਾਂਚਾਂ ਵਿੱਚ ਜਾ ਕੇ ਜਾਇਜ਼ਾ ਲਿਆ ਤੇ ਇੱਥੇ ਤਾਇਨਾਤ ਗ਼ੈਰ ਹਾਜ਼ਰ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਹੋਵੇਗੀ ਕਾਰਵਾਈ। ਅਚਨਚੇਤ ਚੈਕਿੰਗ ਦੌਰਾਨ ਵਿੱਤ ਮੰਤਰੀ ਚੀਮਾ ਨੇ ਚੇਤਾਵਨੀ ਦਿੱਤੀ ਕਿ ਉਨ੍ਹਾਂ ਦੀ ਇਹ ਚੈਕਿੰਗ ਵਿਸ਼ੇਸ਼ ਕਰਕੇ ਕਈ ਫਾਈਲਾਂ ਤੇ ਕੇਸਾਂ ਦਾ ਨਿਪਟਾਰਾ ਕਰਨ ਵਿੱਚ ਹੋ ਰਹੀ ਦੇਰੀ ਦਾ ਕਾਰਨ ਜਾਨਣਾ ਹੈ। ਇਸ ਦੌਰਾਨ ਵਿੱਤ ਮੰਤਰੀ ਤੇ ਕਮਿਸ਼ਨਰ ਐਕਸਾਈਜ ਵਿਭਾਗ ਨੇ ਕਈ ਤਰ੍ਹਾਂ ਦੇ ਦਸਤਾਵੇਜ਼ ਆਪਣੇ ਕਬਜ਼ੇ ਵਿੱਚ ਲਏ ਤੇ ਕਈਆਂ ਦੀ ਸੂਚੀ ਬਣਾ ਕੇ ਅਗਲੇਰੀ ਕਾਰਵਾਈ ਲਈ ਆਦੇਸ਼ ਦਿੱਤੇ। ਸਰਕਾਰੀ ਦਸਤਾਵੇਜ਼ੀ ਫਾਈਲਾਂ ਦੇ ਨਾਲ-ਨਾਲ ਉਨ੍ਹਾਂ ਨੇ ਐਕਸਾਈਜ ਵਿਭਾਗ ਵਿੱਚ ਚੱਲ ਰਹੇ ਕੰਮ ਕਾਜ, ਜਿਸ ਵਿੱਚ ਈ ਆਫਿਸ ਮੁੱਖ ਰੂਪ ਨਾਲ ਸ਼ਾਮਲ ਹੈ, ਦੀ ਵੀ ਜਾਂਚ ਕੀਤੀ ਤੇ ਇਹ ਦੇਖਣ ਦੀ ਕੋਸ਼ਿਸ਼ ਕੀਤੀ ਕਿ ਇੱਕ ਕੇਸ ਜਾਂ ਫਾਈਲ ਨਿਪਟਾਉਣ ਵਿੱਚ ਕਿੰਨੀ ਦੇਰੀ ਹੋ ਰਹੀ ਹੈ ਤੇ ਕੀ ਇਹ ਕੰਮ ਤੁਰੰਤ ਹੋ ਰਹੇ ਨੇ ਜਾਂ ਇੱਕ-ਦੋ ਦਿਨ ਦੀ ਕੁਤਾਹੀ ਵੀ ਵਰਤੀ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਕੰਮ ਕਰਨ ਜਾਂ ਫਾਇਲ ਨਿਪਟਾਉਣ ਵਿੱਚ ਦੇਰੀ ਵੀ ਭ੍ਰਿਸ਼ਟਾਚਾਰ ਮੰਨਿਆ ਜਾਵੇਗਾ। ਇਸ ਦੌਰਾਨ ਵਿੱਤ ਮੰਤਰੀ ਨੇ ਵੱਖ-ਵੱਖ ਬ੍ਰਾਂਚਾਂ ਦੇ ਸੁਪਰਡੈਂਟ ਤੇ ਹੋਰ ਅਧਿਕਾਰੀਆਂ ਨੂੰ ਵੀ ਤਲਬ ਕੀਤਾ ਅਤੇ ਜਿਹੜੇ ਅਧਿਕਾਰੀ ਜਾਂ ਕ੍ਰਮਚਾਰੀ ਮੌਕੇ ਉਤੇ ਮੌਜੂਦ ਨਹੀਂ ਸੀ, ਉਨ੍ਹਾਂ ਦੀ ਹਾਜ਼ਰੀ ਵੀ ਜਾਂਚੀ।



# 350 ਸਾਲਾ ਸ਼ਹੀਦੀ ਦਿਹਾੜੇ ਸੰਬੰਧੀ ਪ੍ਰਚਾਰਕਾਂ ਨਾਲ ਇਕੱਤਰਤਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਚੱਲ ਰਹੀਆਂ ਤਿਆਰੀਆਂ ਦੇ ਚੱਲਦਿਆਂ ਅੰਤਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਅਗਵਾਈ 'ਚ ਪ੍ਰਚਾਰਕ ਸਾਹਿਬਾਨ ਨਾਲ ਇਕੱਤਰਤਾ ਕੀਤੀ ਗਈ। ਇਸ ਦੌਰਾਨ ਪਟਿਆਲਾ, ਨਾਭਾ, ਰਾਜਪੁਰਾ, ਸਮਾਣਾ, ਫ਼ਤਿਹਗੜ੍ਹ ਇਲਾਕੇ ਦੀਆਂ ਸੰਗਤਾਂ ਨੂੰ ਇਸ ਸ਼ਹੀਦੀ ਦਿਹਾੜੇ ਸਬੰਧੀ ਉਲੀਕੇ ਪ੍ਰੋਗਰਾਮਾਂ 'ਚ ਲਿਆਉਣ ਲਈ ਦੀਰਘ ਵਿਚਾਰਾਂ ਕੀਤੀਆਂ ਗਈਆਂ। ਇਕੱਤਰਤਾ 'ਚ ਉਚੇਚੇ ਤੌਰ 'ਤੇ ਮੁੱਖ ਪ੍ਰਚਾਰਕ ਸਰਬਜੀਤ ਸਿੰਘ ਢੋਟੀਆਂ, ਭਾਈ ਸਰਬਜੀਤ ਸਿੰਘ ਲੁਧਿਆਣਾ ਤੇ ਭਾਈ ਸਰਬਜੀਤ ਸਿੰਘ ਢੋਟੀਆਂ, ਭਾਈ ਸਰਬਜੀਤ ਸਿੰਘ ਲੁਧਿਆਣਾ, ਕੋਆਰਡੀਨੇਟਰ ਭਾਈ ਪਰਵਿੰਦਰ ਸਿੰਘ ਰਿਉਂਦ ਤੇ ਮਾਲਵਾ ਦੁਆਬਾ ਜ਼ੋਨ ਤੋਂ ਪ੍ਰਚਾਰਕ ਢਾਡੀ ਸਾਹਿਬਾਨ ਆਦਿ ਨੇ ਸ਼ਿਰਕਤ ਕੀਤੀ। ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਪ੍ਰਚਾਰਕ ਸਾਹਿਬਾਨ ਤੇ ਢਾਡੀ ਸਾਹਿਬਾਨ ਆਦਿ ਨੂੰ ਟੀਚਾ ਦਿੰਦਿਆਂ ਕਿਹਾ ਕਿ ਉਹ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ 6 ਜੁਲਾਈ ਨੂੰ ਹੋਣ ਵਾਲੇ ਮੁੱਖ ਸਮਾਗਮ ਵਿੱਚ ਸੰਗਤਾਂ ਨੂੰ ਵੱਧ ਤੋਂ ਵੱਧ ਲੈ ਕੇ ਪਹੁੰਚਣ। ਜਥੇਦਾਰ ਗੜ੍ਹੀ ਨੇ ਕਿਹਾ ਕਿ ਸਮਾਗਮ ਦੀ ਸਫ਼ਲਤਾ ਲਈ ਹੁਣ ਤੋਂ ਹੀ ਪ੍ਰਚਾਰਕ ਸਾਹਿਬਾਨ ਪਿੰਡਾਂ ਵਿੱਚ ਪਹੁੰਚ ਕਰਨ ਤੇ ਸੰਗਤਾਂ ਨੂੰ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਪ੍ਰੇਰਣ ਤਾਂ ਜੁ ਇਸ ਸਮਾਗਮ ਨੂੰ ਗੁਰੂ ਸਾਹਿਬ ਦੀ ਚਰਨਛੋਹ ਧਰਤੀ 'ਤੇ ਵੱਡੇ ਪੱਧਰ 'ਤੇ ਮਨਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪ੍ਰਚਾਰਕ ਸਾਹਿਬਾਨ ਨੂੰ ਜਿੱਥੇ ਡਿਊਟੀਆਂ ਸੌਂਪੀਆਂ ਗਈਆਂ ਹਨ, ਉੱਥੇ ਹੀ ਹਰ ਪ੍ਰਚਾਰਕ ਨੂੰ ਪਿੰਡ ਵੀ ਸੌਂਪੇ ਗਏ ਹਨ ਤਾਂ ਜੁ ਸੰਗਤਾਂ ਇਸ ਸਮਾਗਮ ਦਾ ਹਿੱਸਾ ਬਣ ਸਕਣ। ਜਥੇਦਾਰ ਗੜ੍ਹੀ ਨੇ ਕਿਹਾ ਕਿ ਪਟਿਆਲਾ ਤੇ ਫ਼ਤਿਹਗੜ੍ਹ ਸਾਹਿਬ ਨਾਲ ਸਬੰਧਤ 500 ਦੇ ਕਰੀਬ ਪਿੰਡਾਂ ਵਿੱਚ ਪ੍ਰਚਾਰਕ ਪਹੁੰਚ ਕਰਨਗੇ। ਇਸ ਦੌਰਾਨ ਮੁੱਖ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਨੇ ਵੀ ਪ੍ਰਚਾਰਕ ਤੇ ਢਾਡੀ ਸਾਹਿਬਾਨ ਦੇ ਜੱਥਿਆਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਸੌਂਪਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਦੇ ਇਸ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਉਲੀਕੇ ਸਮਾਗਮਾਂ ਨੂੰ ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦ ਸਿੰਘ ਧਾਮੀ ਹੋਰਨਾਂ ਦੀ ਅਗਵਾਈ ਵਿਚ ਕਰਾਇਆ ਜਾ ਰਿਹਾ।



# ਪੰਜਾਬ ਸਰਕਾਰ ਮੂੰਗੀ ਤੇ ਮੱਕੀ ਦੀ ਫ਼ਸਲ ਐੱਮ ਐੱਸ ਪੀ 'ਤੇ ਖਰੀਦੇ : ਦੌਲਤਪੁਰਾ

**ਮੋਗਾ (ਇਕਬਾਲ ਸਿੰਘ ਖਹਿਰਾ)** ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਜ਼ਿਲ੍ਹਾ ਦਫਤਰ ਵਿਖੇ ਇਕੱਤਰ ਹੋਏ ਕਿਸਾਨਾਂ ਵੱਲੋਂ ਵਿਚਾਰਾਂ ਕੀਤੀਆਂ ਗਈਆਂ। ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਐਗਜੈਕਟਿਵ ਮੈਂਬਰ ਮੰਦਰਜੀਤ ਸਿੰਘ ਮਨਾਵਾਂ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ, ਸਾਬਕਾ ਸਰਪੰਚ ਲਖਬੀਰ ਸਿੰਘ ਸੰਧੂਆਣਾ, ਜਿਲਾ ਆਗੂ ਬਲਕਰਨ ਸਿੰਘ ਢਿੱਲੋਂ, ਦਫ਼ਤਰ ਇੰਚਾਰਜ ਪ੍ਰਕਾਸ਼ ਸਿੰਘ ਨੇ ਕਿਹਾ ਹੈ ਕਿ ਜੋ ਇਸ ਟਾਈਮ ਵਪਾਰੀਆਂ ਵੱਲੋਂ ਮੂੰਗੀ ਤੇ ਮੱਕੀ ਦੀ ਖਰੀਦ ਕੀਤੀ ਜਾ ਰਹੀ ਹੈ, ਉਸ ਵਿੱਚ ਬਿਲਕੁਲ ਹੀ ਕਿਸਾਨ ਦੀ ਲੁੱਟ ਹੋ ਰਹੀ ਹੈ, ਕਿਉਂਕਿ ਜੋ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਅਸੀਂ ਕਿਸਾਨਾਂ ਦੀਆਂ ਫ਼ਸਲਾਂ ਉੱਤੇ ਐਮਐਸਪੀ ਦੇਵਾਂਗੇ ਤੇ ਐਮਐਸਪੀ ਦੇ ਭਾਅ ਤੇ ਫ਼ਸਲਾਂ ਚੱਕੀਆਂ ਜਾਣਗੀਆਂ, ਪਰ ਅੱਜ ਜੋ ਕਿਸਾਨ ਦੀ ਫਸਲ ਮੂੰਗੀ ਤੇ ਮੱਕੀ ਆਈ ਹੋਈ ਹੈ, ਉਸ ਦੀ ਖਰੀਦ ਅਲੱਗ-ਅਲੱਗ ਜ਼ਿਲ੍ਹਿਆਂ ਵਿੱਚ ਅਲੱਗ-ਅਲੱਗ ਭਾਅ 'ਤੇ ਚੱਲ ਰਹੀ ਹੈ ਅਤੇ ਇਸ ਤਰ੍ਹਾਂ ਕਿਸਾਨ ਨਾਲ ਧੋਖਾ ਹੋ ਰਿਹਾ ਹੈ, ਕਿਉਂਕਿ ਵਪਾਰੀ ਆਪਣੇ ਹਿਸਾਬ ਨਾਲ ਇਨ੍ਹਾਂ ਫ਼ਸਲਾਂ ਦੀ ਖਰੀਦ ਕਰ ਰਹੇ ਹਨ। ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪੰਜਾਬ ਸਰਕਾਰ ਸਰਕਾਰੀ ਮੰਡੀ ਦੇ ਅਧੀਨ ਕਿਸਾਨ ਨੂੰ ਐਮ ਐਸ ਪੀ ਰੇਟ ਦੇ ਕੇ ਮੱਕੀ ਤੇ ਮੂੰਗੀ ਦੀ ਫ਼ਸਲ ਦੀ ਖਰੀਦ ਕਰੇ ਤਾਂ ਜੁ ਕਿਸਾਨ ਨੂੰ ਮੁਨਾਫ਼ਾ ਹੋ ਸਕੇ।ਆਗੂਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਵੱਲੋਂ ਜੋ ਕਿਸਾਨਾਂ ਨਾਲ ਕੀਤੇ ਵਾਅਦਿਆਂ ਅਨੁਸਾਰ ਮੂੰਗੀ ਤੇ ਮੱਕੀ ਦੀ ਫ਼ਸਲ ਆੜ੍ਹਤੀਆਂ ਕੋਲ ਵੇਚ ਰਹੇ ਹਨ। ਉਸ ਦੀ ਐਮ.ਐਸ.ਪੀ ਪ੍ਰਾਈਵੇਟ ਵਪਾਰੀ ਆੜ੍ਹਤੀਆਂ ਤੋਂ ਡਾਟਾ ਲੈ ਕੇ ਜਲਦ ਤੋਂ ਜਲਦ ਉਨ੍ਹਾਂ ਦੇ ਖਾਤਿਆਂ ਵਿੱਚ ਐਮ ਐਸ ਪੀ ਖਰੀਦ ਦੇ ਭਾਅ ਅਨੁਸਾਰ ਪੈਸੇ ਪਾਵੇ ਤਾਂ ਜੁ ਕਿਸਾਨ ਉਤਸ਼ਾਹਤ ਹੋ ਕੇ ਅੱਗੇ ਤੋਂ ਬਦਲਵੀਆਂ ਫ਼ਸਲਾਂ ਵੱਲ ਧਿਆਨ ਦੇ ਸਕਣ।



# ਭਰੂਣ ਹੱਤਿਆ ਰੋਕਣ ਲਈ ਆਮ ਲੋਕਾਂ ਦਾ ਜਾਗਰੂਕ ਹੋਣਾ ਜ਼ਰੂਰੀ : ਡਾ. ਰਮਨਦੀਪ ਕੌਰ

**ਸਮਰਾਲਾ (ਸੁਰਜੀਤ ਸਿੰਘ)** ਸਿਵਲ ਸਰਜਨ ਡਾ. ਰਮਨਦੀਪ ਕੌਰ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਮਾਸ ਮੀਡੀਆ ਵਿੰਗ ਦੀ ਟੀਮ ਵੱਲੋਂ ਜ਼ਿਲ੍ਹੇ ਭਰ 'ਚ ਵਿਦਿਆਰਥੀਆਂ ਤੇ ਆਮ ਲੋਕਾਂ ਨੂੰ ਸਮੇਂ-ਸਮੇਂ 'ਤੇ ਵੱਖ-ਵੱਖ ਵਿਸ਼ਿਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ 'ਚ ਸਿਖਿਆਰਥਣਾਂ ਨੂੰ ਜਾਗਰੂਕ ਕੀਤਾ ਗਿਆ।ਸਿਵਲ ਸਰਜਨ ਡਾ. ਰਮਨਦੀਪ ਕੌਰ ਨੇ ਦੱਸਿਆ ਕਿ ਮਾਦਾ ਭਰੂਣ ਹੱਤਿਆ ਇੱਕ ਸਮਾਜਿਕ ਬੁਰਾਈ ਅਤੇ ਕਾਨੂੰਨੀ ਜੁਰਮ ਹੈ।ਅਜਿਹੀਆਂ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਸਰਕਾਰ ਤੇ ਸਿਹਤ ਵਿਭਾਗ ਪੂਰਨ ਰੂਪ ਵਿੱਚ ਯਤਨਸ਼ੀਲ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਪੀ ਸੀ ਪੀ.ਐਨ.ਡੀ ਟੀ ਐਕਟ ਪੂਰਨ ਰੂਪ ਵਿੱਚ ਲਾਗੂ ਕੀਤਾ ਗਿਆ ਹੈ।ਇਸ ਐਕਟ ਦੀ ਪਾਲਣਾ ਵਿੱਚ ਕੀਤੀ ਗਈ ਕੁਤਾਹੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਭਰੂਣ ਹੱਤਿਆ ਨੂੰ ਰੋਕਣ ਲਈ ਆਮ ਲੋਕਾਂ ਦਾ ਜਾਗਰੂਕ ਹੋਣਾ ਬਹੁਤ ਜਰੂਰੀ ਹੈ ਤਾਂ ਹੀ ਸਿਹਤਮੰਦ ਅਤੇ ਸੱਭਿਅਕ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਸਿਖਿਆਰਣਾਂ ਨੂੰ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਪਰਮਿੰਦਰ ਸਿੰਘ ਤੇ ਜ਼ਿਲ੍ਹਾ ਬੀਸੀਸੀ ਕੋਆਰਡੀਨੇਟਰ ਬਰਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਅਜੋਕੇ ਸਮੇਂ ਵਿੱਚ ਲੜਕੇ ਅਤੇ ਲੜਕੀਆਂ ਵਿੱਚ ਕੋਈ ਫ਼ਰਕ ਨਹੀਂ ਹੈ।ਕੁੜੀਆਂ ਵੀ ਮੁੰਡਿਆਂ ਵਾਂਗ ਪੜ੍ਹ-ਲਿਖ ਕੇ ਆਪਣੇ ਪੈਰਾਂ ਸਿਰ ਖੜੀਆਂ ਹੋ ਕੇ ਆਪਣੇ ਮਾਪਿਆਂ ਦਾ ਸਹਾਰਾ ਬਣਦੀਆਂ ਹਨ।ਇਸ ਲਈ ਹਰ ਮਾਂ-ਬਾਪ ਨੂੰ ਆਪਣੀ ਕੁੜੀ ਦੇ ਜਨਮ ਤੇ ਵੀ ਉਨੀ ਹੀ ਖੁਸ਼ੀ ਮਨਾਉਣੀ ਚਾਹੀਦੀ ਹੈ, ਜਿੰਨੀ ਕਿ ਮੁੰਡੇ ਦੇ ਜਨਮ ਦਿਨ ਤੇ ਮਨਾਈ ਜਾਂਦੀ ਹੈ।ਉਨ੍ਹਾਂ ਸਿਖਿਅਰਥਣਾਂ ਨੂੰ ਦੱਸਿਆ ਕਿ ਕੁੜੀਆਂ ਵੀ ਪੜ੍ਹ ਲਿਖ ਕੇ ਵੱਖ-ਵੱਖ ਅਹੁਦਿਆਂ 'ਤੇ ਪਹੁੰਚ ਚੁੱਕੀਆਂ ਹਨ।ਕੁੜੀਆਂ ਵੀ ਸਮਾਜ ਵਿੱਚ ਆਪਣੇ ਮਾਂ ਬਾਪ ਦੀ ਆਗਿਆਕਾਰ ਬਣ ਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ।



# ਨਵ-ਨਿਯੁਕਤ ਡੀ ਐੱਸ ਪੀ ਅਮਰਵਿੰਦਰ ਸਿੰਘ ਟਿੱਲਾ ਬਾਬਾ ਫ਼ਰੀਦ ਹੋਏ ਨਤਮਸਤਕ

**ਫ਼ਰੀਦਕੋਟ (ਡਿਸੂਜਾ)** ਟਿੱਲਾ ਬਾਬਾ ਫ਼ਰੀਦ ਜੀ ਵਿਖੇ ਨਵ-ਨਿਯੁਕਤ ਡੀ.ਐਸ.ਪੀ. ਅਮਰਵਿੰਦਰ ਸਿੰਘ ਅਸ਼ੀਰਵਾਦ ਲੈਣ ਲਈ ਪਹੁੰਚੇ। ਸਿਮਰਜੀਤ ਸਿੰਘ ਸੇਖੋਂ ਪ੍ਰੈਜੀਡੈਂਟ ਬਾਬਾ ਫ਼ਰੀਦ ਧਾਰਮਿਕ ਤੇ ਵਿੱਦਿਅਕ ਸੰਸਥਾਵਾਂ ਨੇ ਉਨ੍ਹਾਂ ਦਾ ਸੁਆਗਤ ਕੀਤਾ।ਟਿੱਲਾ ਬਾਬਾ ਫਰੀਦ ਜੀ ਦੇ ਗ੍ਰੰਥੀ ਹਰਵਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ ਤੇ ਮੈਨੇਜਰ ਨਿਸ਼ਾਨ ਸਿੰਘ ਵੱਲੋਂ ਬਾਬਾ ਫ਼ਰੀਦ ਸੰਸਥਾਵਾਂ ਦੇ ਸਿਰਜਕ ਇੰਦਰਜੀਤ ਸਿੰਘ ਖਾਲਸਾ ਦੀਆਂ ਬਾਬਾ ਫ਼ਰੀਦ ਦੀ ਜੀਵਨੀ ਤੇ ਲਿਖਤ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ। ਅਮਰਵਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਹੀ ਖੁਸ਼ਕਿਸਮਤ ਸਮਝਦੇ ਹਨ ਕਿ ਉਨ੍ਹਾਂ ਨੂੰ ਬਾਬਾ ਫਰੀਦ ਜੀ ਦੀ ਇਸ ਪਵਿੱਤਰ ਨਗਰੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।



# ਸਿਹਤ ਸੰਭਾਲ ਹੁਨਰ ਸਿਖਲਾਈ ਸ਼ੁਰੂ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਬਣਨ ਲਈ ਤਿਆਰ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਅਗਨੀਵੀਰਾਂ ਨੂੰ ਸਸ਼ਕਤ ਬਣਾਉਣ ਦੇ ਉਦੇਸ਼ ਨਾਲ ਇੱਕ ਇਤਿਹਾਸਕ ਪਹਿਲਕਦਮੀ ਵਿੱਚ ਪੰਜਾਬ ਅਗਨੀਵੀਰਾਂ ਲਈ ਢਾਂਚਾਗਤ ਸਿਹਤ ਸੰਭਾਲ ਹੁਨਰ ਸਿਖਲਾਈ ਸ਼ੁਰੂ ਕਰਨ ਵਾਲਾ ਦੇਸ ਦਾ ਪਹਿਲਾ ਸੂਬਾ ਬਣਨ ਲਈ ਤਿਆਰ ਹੈ, ਜਿਸ ਵਿੱਚ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ ਇਸ ਨੂੰ ਲਾਗੂ ਕਰਨ ਦੀ ਅਗਵਾਈ ਕਰ ਰਹੀ ਹੈ। ਬੀਐਫਯੂਐਚਐਸ ਤੇ ਪੰਜਾਬ ਹੁਨਰ ਵਿਕਾਸ ਮਿਸ਼ਨ ਵਿਚਕਾਰ ਉੱਚ-ਪੱਧਰੀ ਵੀਡੀਓ ਕਾਨਫਰੰਸ ਮੀਟਿੰਗ ਹੋਈ, ਜਿਸ 'ਚ ਪ੍ਰਾਪਤੀਆਂ ਦੀ ਸਮੀਖਿਆ ਕੀਤੀ ਗਈ ਤੇ ਰਾਜ ਭਰ ਵਿੱਚ ਹੁਨਰ ਵਿਕਾਸ ਯਤਨਾਂ ਦੇ ਵਿਸਥਾਰ ਬਾਰੇ ਚਰਚਾ ਕੀਤੀ ਗਈ। ਮੀਟਿੰਗ ਦੀ ਸਹਿ-ਪ੍ਰਧਾਨਗੀ ਪ੍ਰੋਫੈਸਰ (ਡਾ.) ਰਾਜੀਵ ਸੂਦ, ਵਾਈਸ ਚਾਂਸਲਰ ਤੇ ਸ੍ਰੀਮਤੀ ਅੰਮ੍ਰਿਤ ਸਿੰਘ ਮਿਸ਼ਨ ਡਾਇਰੈਕਟਰ ਨੇ ਕੀਤੀ। ਮੀਟਿੰਗ ਦੌਰਾਨ ਗੱਲ ਉਜਾਗਰ ਕੀਤੀ ਗਈ ਕਿ ਪਿਛਲੇ ਸਾਲ ਦੌਰਾਨ ਫ਼ਰੀਦਕੋਟ ਸਿਹਤ ਹੁਨਰ ਵਿਕਾਸ ਕੇਂਦਰ ਵਿਖੇ 200 ਤੋਂ ਵੱਧ ਉਮੀਦਵਾਰਾਂ ਨੂੰ ਪੰਜ ਵੱਖ-ਵੱਖ ਸਿਹਤ ਸੰਭਾਲ ਨਾਲ ਸਬੰਧਤ ਹੁਨਰ ਕੋਰਸਾਂ 'ਚ ਸਫ਼ਲਤਾਪੂਰਵਕ ਸਿਖਲਾਈ ਦਿੱਤੀ ਜਾ ਚੁੱਕੀ ਹੈ। ਇਸ ਸਫ਼ਲਤਾ ਦੇ ਆਧਾਰ 'ਤੇ ਹੁਣ ਪਟਿਆਲਾ ਤੇ ਅੰਮ੍ਰਿਤਸਰ ਵਿਖੇ ਵਾਧੂ ਹੁਨਰ ਵਿਕਾਸ ਕੇਂਦਰਾਂ ਨੂੰ ਚਾਲੂ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ, ਜਿਸ ਨਾਲ ਪੰਜਾਬ ਭਰ ਵਿੱਚ ਗੁਣਵੱਤਾ ਵਾਲੀ ਸਿਹਤ ਸੰਭਾਲ ਹੁਨਰ ਸਿਖਲਾਈ ਤੱਕ ਪਹੁੰਚ ਹੋਰ ਵਧੇਗੀ। ਮੀਟਿੰਗ ਦਾ ਇੱਕ ਮੁੱਖ ਆਕਰਸ਼ਣ ਅਗਨੀਵੀਰਾਂ ਲਈ ਆਪਣੀ ਕਿਸਮ ਦੇ ਪਹਿਲੇ ਸਿਹਤ ਸੰਭਾਲ ਹੁਨਰ ਸਿਖਲਾਈ ਪ੍ਰੋਗਰਾਮ ਦੀ ਆਉਣ ਵਾਲੀ ਸ਼ੁਰੂਆਤ ਸੀ, ਜਿਸ ਨਾਲ ਪੰਜਾਬ ਇਸ ਖੇਤਰ ਵਿੱਚ ਮੋਹਰੀ ਸੂਬਾ ਬਣ ਗਿਆ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਭਰਵੀਂ ਇਕੱਤਰਤਾ





**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਅਧੀਨ ਸਬ ਡਵੀਜ਼ਨ ਵਿੱਚ ਭਰਵੀਂ ਇਕੱਤਰਤਾ ਹੋਈ। ਡੀ ਐਸ ਪੀ ਜਤਿੰਦਰਪਾਲ ਸਿੰਘ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਥਾਣਾ ਮਹਿਲ ਕਲਾਂ, ਠੁੱਲੀਵਾਲ ਤੇ ਥਾਣਾ ਟੱਲੇਵਾਲ ਅਧੀਨ ਆਉਂਦੇ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਐੱਸ ਐੱਸ ਪੀ ਸ੍ਰੀ ਸਰਫਰਾਜ ਆਲਮ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਭਰ ਵਿੱਚ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਕਰੜੇ ਕਦਮ ਚੁੱਕੇ ਜਾ ਰਹੇ ਹਨ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਨੁਕਸਾਨ ਬਾਰੇ ਸੁਚੇਤ ਕਰਕੇ ਉਨ੍ਹਾਂ ਨੂੰ ਨਸ਼ਿਆਂ ਵਿਰੁੱਧ ਲੜਨ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ। ਐੱਸ ਐੱਸ ਪੀ ਆਲਮ ਨੇ ਦੱਸਿਆ ਕਿ ਪੰਜਾਬ ਭਰ ਵਿੱਚ ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਨੂੰ ਢਹਿ ਢੇਰੀ ਕੀਤਾ ਜਾ ਰਿਹਾ ਹੈ।

26-JUNE-PAGE-3.qxd 6/25/2025 10:34 PM Page 1

ਵੀਰਵਾਰ, 26 ਜੂਨ, 2025
12 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 25

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 26 JUNE, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮਜੀਠੀਆ ਹਿਰਾਸਤ 'ਚ

## ਛਾਪੇ ਦੌਰਾਨ 29 ਮੋਬਾਈਲ ਫੋਨ, 4 ਲੈਪਟਾਪ, 2 ਆਈਪੈਡ, 8 ਡਾਇਰੀਆਂ ਬਰਾਮਦ

**ਚੰਡੀਗੜ੍ਹ** : ਵਿਜੀਲੈਂਸ ਬਿਊਰੋ ਤੇ ਪੁਲਸ ਦੀਆਂ ਟੀਮਾਂ ਨੇ ਨਸ਼ਿਆਂ ਅਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੇ ਟਿਕਾਣਿਆਂ 'ਤੇ ਤਾਬੜਤੋੜ ਛਾਪੇ ਮਾਰੇ।

ਵਿਜੀਲੈਂਸ ਬਿਊਰੋ ਦੀ ਟੀਮ ਨੇ ਮਜੀਠੀਆ ਨੂੰ ਅੰਮ੍ਰਿਤਸਰ 'ਚ ਹਿਰਾਸਤ ਵਿੱਚ ਲੈਣ ਪਿੱਛੋਂ ਮੁਹਾਲੀ ਦੇ ਸੈਕਟਰ 68 ਸਥਿਤ ਵਿਜੀਲੈਂਸ ਬਿਊਰੋ ਦੇ ਮੁੱਖ ਦਫਤਰ 'ਵਿਜੀਲੈਂਸ ਭਵਨ' ਵਿਖੇ ਲਿਜਾ ਕੇ ਪੁੱਛਗਿੱਛ ਕੀਤੀ। ਬਾਹਰ ਵੱਡੀ ਗਿਣਤੀ 'ਚ ਅਕਾਲੀ ਆਗੂ ਤੇ ਵਰਕਰ ਪੰਜਾਬ ਸਰਕਾਰ ਦੇ ਖਿਲਾਫ ਤੇ ਮਜੀਠੀਆ ਦੇ ਹੱਕ ਵਿਚ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਰਹੇ।


ਅੰਮ੍ਰਿਤਸਰ 'ਚ ਛਾਪੇ ਦੌਰਾਨ ਵਿਜੀਲੈਂਸ ਅਧਿਕਾਰੀ ਨੂੰ ਸਵਾਲ ਕਰਦੇ ਮਜੀਠੀਆ।

ਮਜੀਠੀਆ ਦੀ ਅੰਮ੍ਰਿਤਸਰ ਵਿੱਚ ਗਰੀਨ ਐਵੇਨਿਊ ਸਥਿਤ ਰਿਹਾਇਸ਼ 'ਚ ਮਾਰੇ ਛਾਪੇ ਦੌਰਾਨ 29 ਮੋਬਾਈਲ ਫੋਨ, 4 ਲੈਪਟਾਪ, 2 ਆਈਪੈਡ, 8 ਡਾਇਰੀਆਂ ਅਤੇ ਕਈ ਦਸਤਾਵੇਜ਼ ਜ਼ਬਤ ਕੀਤੇ ਗਏ ਤੇ ਉਨ੍ਹਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਛਾਪੇ ਦੀ ਅਗਵਾਈ ਏ ਆਈ ਜੀ ਸਵਰਨਦੀਪ ਸਿੰਘ ਨੇ ਕੀਤੀ, ਜਿਨ੍ਹਾ ਨੂੰ ਹਾਲ ਹੀ ਵਿੱਚ ਮੁਅੱਤਲੀ ਤੋਂ ਬਾਅਦ ਬਹਾਲ ਕੀਤਾ ਗਿਆ ਸੀ। ਉਹ ਇਸ ਸਮੇਂ ਵਿਜੀਲੈਂਸ ਮੁਹਾਲੀ ਦੀ ਫਲਾਇੰਗ ਸਕੁਐਡ ਟੀਮ ਵਿੱਚ ਕੰਮ ਕਰ ਰਹੇ ਹਨ।

ਮਜੀਠੀਆ ਵਿਰੁੱਧ ਸਾਲ 2021 ਵਿੱਚ ਦਰਜ ਕੀਤੇ ਗਏ ਐੱਨ ਡੀ ਪੀ ਐੱਸ ਐਕਟ ਤਹਿਤ ਨਸ਼ੀਲੇ ਪਦਾਰਥਾਂ ਨਾਲ ਸੰਬੰਧਤ ਇੱਕ ਮਾਮਲੇ ਵਿੱਚ ਪਹਿਲਾਂ ਹੀ ਜਾਂਚ ਚੱਲ ਰਹੀ ਹੈ। ਇਸ ਤੋਂ ਇਲਾਵਾ, ਹਾਲ ਹੀ ਵਿੱਚ ਮਜੀਠੀਆ ਤੇ ਉਨ੍ਹਾ ਨਾਲ ਜੁੜੇ ਲੋਕਾਂ ਦੇ ਸ਼ੱਕੀ ਵਿੱਤੀ ਲੈਣ-ਦੇਣ ਦੀ ਵੀ ਜਾਂਚ ਸ਼ੁਰੂ ਕੀਤੀ ਗਈ ਸੀ। ਬੁੱਧਵਾਰ ਵਿਜੀਲੈਂਸ ਬਿਊਰੋ ਅਤੇ ਪੰਜਾਬ ਪੁਲਸ ਨੇ ਸੂਬੇ ਭਰ ਵਿੱਚ 25 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਵਿੱਚ ਅੰਮ੍ਰਿਤਸਰ ਵਿੱਚ 9 ਥਾਵਾਂ ਸ਼ਾਮਲ ਹਨ।

ਗਰੀਨ ਐਵੇਨਿਊ ਵਿਚਲੀ ਰਿਹਾਇਸ਼ ਦੇ ਬਾਹਰ ਅਕਾਲੀ ਵਰਕਰਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਮਜੀਠੀਆ ਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਿਚ ਸਾਫ ਕੀਤਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਸਿਆਸੀ ਬਦਲਾਖੋਰੀ ਵਾਲੀ ਕਾਰਵਾਈ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾ ਕਿਹਾ ਕਿ ਉਨ੍ਹਾ ਦੇ ਘਰ ਵਿੱਚ ਵਿਜੀਲੈਂਸ ਨੇ ਛਾਪੇਮਾਰੀ ਕੀਤੀ ਹੈ। ਉਹ ਖੁਦ ਘਰ ਵਿੱਚ ਹਨ ਅਤੇ ਉਨ੍ਹਾ ਨੂੰ ਬਿਨਾਂ ਕੋਈ ਜਾਣਕਾਰੀ ਦਿੱਤੇ ਇਸ ਟੀਮ ਨੇ ਘਰ ਵਿੱਚ ਛਾਪੇਮਾਰੀ ਕੀਤੀ ਹੈ, ਜਿਸ ਦੀ ਅਗਵਾਈ ਵਿਜੀਲੈਂਸ ਵਿਭਾਗ ਦੇ ਐੱਸ ਐੱਸ ਪੀ ਕਰ ਰਹੇ ਹਨ। ਉਨ੍ਹਾ ਕਿਹਾ ਕਿ ਨਸ਼ਿਆਂ ਦੇ ਸੰਬੰਧ ਵਿੱਚ ਦਰਜ ਕੇਸ ਵਿੱਚ ਜਦੋਂ ਉਨ੍ਹਾ ਖਿਲਾਫ ਕੁਝ ਨਹੀਂ ਮਿਲਿਆ ਤਾਂ ਸਰਕਾਰ ਉਨ੍ਹਾ ਖਿਲਾਫ ਇੱਕ ਹੋਰ ਨਵਾਂ ਮਾਮਲਾ ਦਰਜ ਕਰਨ ਦਾ ਯਤਨ ਕਰ ਰਹੀ ਹੈ। ਭਗਵੰਤ ਮਾਨ ਸਰਕਾਰ ਉਨ੍ਹਾ ਨੂੰ ਡਰਾਉਣ ਅਤੇ ਧਮਕਾਉਣ ਦਾ ਯਤਨ ਕਰ ਰਹੀ ਹੈ, ਪਰ ਉਹ ਡਰਨ ਵਾਲੇ ਨਹੀਂ ਹਨ। ਉਨ੍ਹਾ ਕਿਹਾ, "ਮੈਂ ਹਮੇਸ਼ਾ ਪੰਜਾਬ ਦੇ ਮੁੱਦਿਆਂ 'ਤੇ ਗੱਲ ਕੀਤੀ ਹੈ ਅਤੇ ਭਵਿੱਖ ਵਿੱਚ ਵੀ ਗੱਲ ਕਰਦਾ ਰਹਾਂਗਾ। ਮੈਨੂੰ ਅਕਾਲ ਪੁਰਖ 'ਤੇ ਪੂਰਾ ਭਰੋਸਾ ਹੈ ਅਤੇ ਅੰਤ ਵਿੱਚ ਸੱਚਾਈ ਦੀ ਜਿੱਤ ਹੋਵੇਗੀ।" ਉਨ੍ਹਾ ਐਕਸ 'ਤੇ ਇੱਕ ਵੀਡੀਓ ਵੀ ਅਪਲੋਡ ਕੀਤੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਦੇ ਕੱਪੜਿਆਂ ਵਿੱਚ ਪੁਲਸ ਕਰਮਚਾਰੀ ਦਿਖਾਈ ਦੇ ਰਹੇ ਹਨ, ਜਿਨ੍ਹਾਂ ਤੋਂ ਉਹ ਉਨ੍ਹਾਂ ਦੀ ਸ਼ਨਾਖਤ ਬਾਰੇ ਪੁੱਛ ਰਹੇ ਹਨ। ਮਜੀਠੀਆ ਆਪਣੇ ਸਹਿਯੋਗੀਆਂ ਨੂੰ ਇਸ ਸਾਰੀ ਕਾਰਵਾਈ ਦੀ ਵੀਡੀਓ ਬਣਾਉਣ ਬਾਰੇ ਵੀ ਕਹਿ ਰਹੇ ਹਨ।

ਹਲਕਾ ਮਜੀਠਾ ਤੋਂ ਵਿਧਾਇਕ ਬੀਬੀ ਗਨੀਵ ਕੌਰ, ਜੋ ਮਜੀਠੀਆ ਦੀ ਪਤਨੀ ਹਨ, ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਇੱਕ ਵੀਡੀਓ ਵਿੱਚ ਵਿਜੀਲੈਂਸ ਦੀ ਟੀਮ ਨਾਲ ਬਹਿਸ ਕਰਦੇ ਹੋਏ ਦਿਖਾਈ ਦੇ ਰਹੇ ਹਨ। ਗਨੀਵ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਘਰ ਵਿੱਚ ਬਿਨਾਂ ਆਗਿਆ ਲਏ 25 ਤੋਂ 30 ਵਿਜੀਲੈਂਸ ਕਰਮਚਾਰੀ ਦਾਖਲ ਹੋਏ ਹਨ, ਜੋ ਕਿ ਸਰਾਸਰ ਨਿਯਮਾਂ ਦੀ ਉਲੰਘਣਾ ਹੈ। ਜੇਕਰ ਕੋਈ ਮਸਲਾ ਹੈ ਤਾਂ ਉਨ੍ਹਾਂ ਨੂੰ ਦੱਸਿਆ ਜਾਵੇ। ਬਿਨਾਂ ਪ੍ਰਵਾਨਗੀ ਲਏ ਜਬਰੀ ਘਰ ਵਿੱਚ ਦਾਖਲ ਹੋਣਾ ਕਿੰਨਾ ਕੁ ਜਾਇਜ਼ ਹੈ।

ਵਿਜੀਲੈਂਸ ਅਧਿਕਾਰੀਆਂ ਨੇ ਮਜੀਠੀਆ ਦੀਆਂ ਚੰਡੀਗੜ੍ਹ ਵਿਚਲੀਆਂ ਰਿਹਾਇਸ਼ਾਂ 'ਤੇ ਵੀ ਦਸਤਕ ਦਿੱਤੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਲੀਗਲ ਸੈੱਲ ਦੇ ਪ੍ਰਧਾਨ ਐਡਵੋਕੇਟ ਅਰਸ਼ਦੀਪ ਕਲੇਰ ਨੇ ਮੌਕੇ 'ਤੇ ਪਹੁੰਚ ਕੇ ਵਿਜੀਲੈਂਸ ਬਿਊਰੋ ਦੀ ਟੀਮ ਨੂੰ ਸਰਚ ਵਾਰੰਟ ਦਿਖਾਉਣ ਦੀ ਗੱਲ ਆਖੀ। ਹਾਲਾਂਕਿ ਵਿਜੀਲੈਂਸ ਬਿਊਰੋ ਨੇ ਕੋਈ ਗੱਲ ਕੀਤੇ ਬਿਨਾਂ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ।

ਮਜੀਠੀਆ ਦੀ ਮਜੀਠਾ ਸਥਿਤ ਰਿਹਾਇਸ਼ ਅਤੇ ਦਫਤਰ 'ਤੇ ਵੀ ਵਿਜੀਲੈਂਸ ਬਿਊਰੋ ਅਤੇ ਮਜੀਠਾ ਪੁਲਸ ਦੀ ਟੀਮ ਵੱਲੋਂ ਛਾਪੇਮਾਰੀ ਕੀਤੀ ਗਈ। ਇਸ ਮੌਕੇ • ਬਾਕੀ ਸਫਾ 10 'ਤੇ

# ਸ਼ੁਭਾਂਸ਼ੂ ਸ਼ੁਕਲਾ ਦੀ ਪੁਲਾੜ ਵੱਲ ਸਫਲ ਉਡਾਣ

**ਨਵੀਂ ਦਿੱਲੀ** : ਸ਼ੁਭਾਂਸ਼ੂ ਸ਼ੁਕਲਾ ਸਮੇਤ ਚਾਰ ਪੁਲਾੜ ਯਾਤਰੀਆਂ ਨੂੰ ਆਪਣੇ ਨਾਲ ਲੈ ਕੇ ਗਿਆ ਫਾਲਕਨ 9 ਰਾਕੇਟ 8 ਮਿੰਟ ਦੇ ਅੰਦਰ ਧਰਤੀ 'ਤੇ ਸੁਰੱਖਿਅਤ ਵਾਪਸ ਆ ਗਿਆ। ਸਪੇਸ ਐੱਕਸ ਦੇ ਡਰੈਗਨ ਸਪੇਸਕ੍ਰਾਫਟ ਨੂੰ ਲੈ ਕੇ ਫਾਲਕਨ 9 ਰਾਕੇਟ ਨੇ ਦੁਪਹਿਰ 12 ਵਜੇ ਦੇ ਕਰੀਬ ਅਮਰੀਕਾ ਦੇ ਫਲੋਰੀਡਾ ਸਥਿਤ ਕੈਨੇਡੀ ਸਪੇਸ ਸੈਂਟਰ ਤੋਂ ਉਡਾਣ ਭਰੀ ਸੀ। ਫਾਲਕਨ 9 ਰਾਕੇਟ ਰੀਯੂਜ਼ੇਬਲ ਹੈ, ਜਿਸ ਨੂੰ ਐਲਨ ਮਸਕ ਦੀ ਕੰਪਨੀ ਸਪੇਸ ਐਕਸ ਨੇ ਤਿਆਰ ਕੀਤਾ ਹੈ। ਇਹ ਦੁਨੀਆ ਦਾ ਪਹਿਲਾ ਆਰਬਿਟਲ ਕਲਾਸ ਰੀਯੂਜ਼ੇਬਲ ਰਾਕੇਟ ਹੈ। ਇਹ ਰਾਕੇਟ ਸਪੇਸਕ੍ਰਾਫਟ ਨੂੰ ਪੁਲਾੜ ਵਿੱਚ ਛੱਡ ਕੇ ਧਰਤੀ 'ਤੇ ਵਾਪਸ ਆ ਜਾਂਦਾ ਹੈ। ਫਾਲਕਨ 9 ਰਾਕੇਟ 'ਚ 9 ਮਰਲਿਨ ਇੰਜਣ ਲੱਗੇ ਹਨ, ਜੋ ਪਾਵਰ ਜਨਰੇਟ ਕਰਨ ਲਈ ਕੈਰੋਸਿਨ ਤੇ ਲਿਕਵਿਡ ਆਕਸੀਜਨ ਦਾ ਇਸਤੇਮਾਲ ਕਰਦੇ ਹਨ। ਰਾਕੇਟ ਦੀ ਤਰ੍ਹਾਂ ਇਸ ਦਾ ਇੰਜਣ ਵੀ ਰੀਯੂਜ਼ੇਬਲ ਹੈ।



ਸ਼ੁਭਾਂਸ਼ੂ ਸ਼ੁਕਲਾ ਨੇ ਤਿੰਨ ਹੋਰ ਯਾਤਰੀਆਂ ਨਾਲ ਐਕਸੀਓਮ-4 ਮਿਸ਼ਨ ਤਹਿਤ ਬੁੱਧਵਾਰ ਕੈਨੇਡੀ ਸਪੇਸ ਸੈਂਟਰ ਤੋਂ ਦੁਪਹਿਰ 12:01 ਵਜੇ ਕੌਮਾਂਤਰੀ ਪੁਲਾੜ ਸਟੇਸ਼ਨ ਲਈ ਉਡਾਣ ਭਰ ਕੇ ਇਤਿਹਾਸ ਰਚਿਆ। ਉਹ ਅਮਰੀਕੀ ਨਿੱਜੀ ਪੁਲਾੜ ਕੰਪਨੀ ਸਪੇਸਐਕਸ ਅਤੇ ਐਕਸੀਓਮ ਸਪੇਸ ਦੇ ਏ ਐੱਕਸ-4 ਮਿਸ਼ਨ ਤਹਿਤ ਕੌਮਾਂਤਰੀ ਪੁਲਾੜ ਸਟੇਸ਼ਨ (ਆਈ ਐੱਸ ਐੱਸ) ਲਈ ਰਵਾਨਾ ਹੋਏ ਹਨ। ਇਸ ਵਪਾਰਕ ਮਿਸ਼ਨ ਦੀ ਅਗਵਾਈ ਕਮਾਂਡਰ ਪੈਗੀ ਵਿਟਸਨ ਕਰ ਰਹੇ ਹਨ, ਜਦੋਂਕਿ ਸ਼ੁਭਾਂਸ਼ੂ ਸ਼ੁਕਲਾ ਇਸ ਵਿਚ ਮਿਸ਼ਨ ਪਾਇਲਟ ਹਨ। ਹੰਗਰੀ ਦੇ ਪੁਲਾੜ ਯਾਤਰੀ ਟਿਬੋਰ ਕਪੂ ਤੇ ਪੋਲੈਂਡ ਦੇ ਸਲਾਵੋਜ਼ ਉਜ਼ਨਾਂਸਕੀ ਵਿਸਨੀਵਸਕੀ ਮਿਸ਼ਨ ਮਾਹਰ ਵਜੋਂ ਸ਼ਾਮਲ ਹਨ। ਇਹ ਕੌਮਾਂਤਰੀ ਪੁਲਾੜ ਸਟੇਸ਼ਨ ਵੱਲ ਲਾਂਚ ਕੀਤੇ ਜਾਣ ਵਾਲਾ ਚੌਥਾ ਨਿੱਜੀ ਪੁਲਾੜ ਮਿਸ਼ਨ ਹੈ। ਸ਼ੁਰੂ ਵਿੱਚ ਇਸ ਮਿਸ਼ਨ ਦੀ ਲਾਂਚਿੰਗ 29 ਮਈ ਨਿਰਧਾਰਤ ਕੀਤੀ ਗਈ ਸੀ, ਪਰ ਤਕਨੀਕੀ ਅਤੇ ਸੁਰੱਖਿਆ ਕਾਰਨਾਂ ਕਰਕੇ ਇਸ ਨੂੰ ਕਈ ਵਾਰ ਮੁਲਤਵੀ ਕਰਨਾ ਪਿਆ। ਲਖਨਊ ਵਿੱਚ ਜਨਮੇ ਸ਼ੁਭਾਂਸ਼ੂ ਸ਼ੁਕਲਾ ਦੀ ਇਸ ਇਤਿਹਾਸਕ ਉਡਾਣ ਨੂੰ ਭਾਰਤ ਦੇ ਪੁਲਾੜ ਇਤਿਹਾਸ ਵਿੱਚ ਇੱਕ ਨਵੀਂ ਪ੍ਰਾਪਤੀ ਵਜੋਂ ਦਰਜ ਕੀਤਾ ਗਿਆ ਹੈ। ਉਡਾਣ ਤੋਂ ਪਹਿਲਾਂ ਉਸ ਨੇ ਕਿਹਾ ਸੀ ਕਿ ਉਸ ਨੂੰ ਭਾਰਤ ਦੀ ਨੁਮਾਇੰਦਗੀ ਕਰਨ 'ਤੇ ਮਾਣ ਹੈ ਅਤੇ ਇਹ ਮਿਸ਼ਨ ਵਿਗਿਆਨ ਅਤੇ ਪੁਲਾੜ ਖੋਜ ਦੀ ਦਿਸ਼ਾ ਵਿੱਚ ਵਿਸ਼ਵਵਿਆਪੀ ਭਾਈਵਾਲੀ ਦਾ ਪ੍ਰਤੀਕ ਹੈ। ਸਪੇਸਐਕਸ ਅਤੇ ਐਕਸੀਓਮ ਸਪੇਸ ਦੀ ਇਸ ਸਫਲਤਾ ਨੇ ਨਾ ਸਿਰਫ ਪੁਲਾੜ ਸੈਰ-ਸਪਾਟਾ ਅਤੇ ਵਪਾਰਕ ਮਿਸ਼ਨਾਂ ਦੇ ਭਵਿੱਖ ਨੂੰ ਉਜਾਗਰ ਕੀਤਾ ਹੈ ਬਲਕਿ ਭਾਰਤ ਦੇ ਨੌਜਵਾਨਾਂ ਨੂੰ ਇਸ ਖੇਤਰ ਵਿੱਚ ਅੱਗੇ ਵਧਣ ਲਈ ਵੀ ਪ੍ਰੇਰਤ ਕੀਤਾ ਹੈ।



# ਕੁੱਲੂ 'ਚ ਚਾਰ ਜਗ੍ਹਾ ਫਟਿਆ ਬੱਦਲ

**ਸ਼ਿਮਲਾ** : ਮਾਨਸੂਨ ਦੀ ਦਸਤਕ ਤੋਂ ਬਾਅਦ ਬੁੱਧਵਾਰ ਹਿਮਾਚਲ 'ਚ ਭਾਰੀ ਬਾਰਿਸ਼ ਨਾਲ ਕਈ ਥਾਵਾਂ 'ਤੇ ਤਬਾਹੀ ਹੋਈ। ਬੰਜਾਰ, ਸੈਂਜ, ਕੁੱਲੂ, ਮਨੀਕਰਨ ਤੋਂ ਲੈ ਕੇ ਮਨਾਲੀ ਤੱਕ ਵੱਖ-ਵੱਖ ਥਾਵਾਂ 'ਤੇ ਬੱਦਲ ਫਟਣ ਅਤੇ ਅਚਾਨਕ ਹੜ੍ਹ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਸੈਂਜ 'ਚ ਜੀਵਾਨਾਲਾ, ਗੜਸਾ ਦੇ ਸ਼ਿਲਾਗੜ੍ਹ, ਮਨਾਲੀ ਦੇ ਸ਼ੋ ਗੈਲਰੀ, ਬੰਜਾਰ ਦੇ ਹੋਰਨਾਗੜ੍ਹ 'ਚ ਬੱਦਲ ਫਟਣ ਦੀ ਘਟਨਾ ਹੋਈ। ਇਸੇ ਤਰ੍ਹਾਂ ਗੜਸਾ ਨਾਲਾ ਅਤੇ ਜਿਭੀ ਦੇ ਕੋਲ ਕੋਟਲਾਧਾਰ ਕੋਲ ਭਾਰੀ ਮੀਂਹ ਕਾਰਨ ਹੜ੍ਹ ਦੀ ਸਥਿਤੀ ਬਣ ਗਈ। ਸੈਂਜ ਬਾਜ਼ਾਰ 'ਚ ਇੱਕ ਜੀਪ ਜੀਵਾ ਨਾਲਾ 'ਚ ਰੁੜ੍ਹ ਗਈ ਅਤੇ ਬਿਜਲੀ ਪ੍ਰੋਜੈਕਟ ਵੀ ਪਾਣੀ 'ਚ ਰੁੜ੍ਹ ਗਿਆ। ਇਸੇ ਤਰ੍ਹਾਂ ਸੈਂਜ ਘਾਟੀ ਦੇ ਰੈਲਾ ਬਿਹਾਲ ਖੇਤਰ 'ਚ ਬੱਦਲ ਫਟਣ ਕਾਰਨ ਚਾਰ ਮਕਾਨ ਨੁਕਸਾਨੇ ਗਏ। ਇਸ ਘਟਨਾ 'ਚ ਤਿੰਨ ਵਿਅਕਤੀਆਂ ਦੇ ਰੁੜ੍ਹ ਜਾਣ ਦੀ ਖ਼ਬਰ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ, ਖੋਜ ਅਤੇ ਬਚਾਅ ਕੰਮ ਸ਼ੁਰੂ ਕੀਤਾ ਗਿਆ ਹੈ। ਕਾਂਗੜਾ ਜ਼ਿਲ੍ਹੇ ਦੀ ਕਨੀਆਰਾ ਦੀ ਮਨੂਣੀ ਖੱਡ 'ਚ ਇੱਕ ਵਿਅਕਤੀ ਰੁੜ੍ਹ ਗਿਆ।

# ਨਾਟੋ ਦੇਸ਼ ਰੱਖਿਆ ਖਰਚ ਪੰਜ ਫੀਸਦੀ ਵਧਾਉਣਗੇ

**ਹੇਗ** : ਨਾਟੋ ਆਗੂਆਂ ਨੇ ਬੁੱਧਵਾਰ ਨੀਦਰਲੈਂਡ ਦੇ ਸ਼ਹਿਰ ਹੇਗ ਵਿੱਚ ਆਪਣੇ ਸਿਖਰ ਸੰਮੇਲਨ ਦੌਰਾਨ ਰੱਖਿਆ ਖਰਚਿਆਂ ਵਿੱਚ ਵੱਡਾ ਵਾਧਾ ਕਰਨ ਦਾ ਫੈਸਲਾ ਕੀਤਾ ਅਤੇ ਹਮਲੇ ਦੀ ਸੂਰਤ ਵਿੱਚ ਇੱਕ-ਦੂਜੇ ਦੀ ਮਦਦ 'ਤੇ ਆਉਣ ਦੀ ਵਚਨਬੱਧਤਾ ਦੁਹਰਾਈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੰਗ 'ਤੇ ਨਾਟੋ ਆਗੂ 2035 ਤੱਕ ਰੱਖਿਆ 'ਤੇ ਕੁਲ ਘਰੇਲੂ ਉਤਪਾਦਨ (ਜੀ ਡੀ ਪੀ) ਦਾ ਪੰਜ ਫੀਸਦੀ ਖਰਚਣ 'ਤੇ ਸਹਿਮਤ ਹੋਏ। ਯੂਰਪੀ ਨਾਟੋ ਦੇਸ਼ਾਂ ਨੇ ਇਸ ਲਈ ਰੂਸ ਤੋਂ ਖਤਰੇ ਨੂੰ ਆਧਾਰ ਬਣਾਇਆ ਹੈ।

## ਦੋ ਸ਼ਰਧਾਲੂਆਂ ਦੀ ਭਾਲ ਜਾਰੀ

**ਉੱਤਰਕਾਸ਼ੀ** : ਯਮੁਨੋਤਰੀ ਜਾਣ ਵਾਲੇ ਟਰੈਕ ਰੂਟ 'ਤੇ ਕੈਂਚੀ ਭੈਰਵ ਮੰਦਰ ਵਜੋਂ ਜਾਣੇ ਜਾਂਦੇ ਸਥਾਨ 'ਤੇ ਢਿੱਗਾਂ ਖਿਸਕਣ ਤੋਂ ਬਾਅਦ ਲਾਪਤਾ ਹੋਏ ਦੋ ਸ਼ਰਧਾਲੂਆਂ ਦੀ ਭਾਲ ਐੱਨ ਡੀ ਆਰ ਐੱਫ ਦੀ ਟੀਮ ਨੇ ਖੋਜੀ ਕੁੱਤਿਆਂ ਸਮੇਤ ਬੁੱਧਵਾਰ ਸਵੇਰੇ ਮੁੜ ਸ਼ੁਰੂ ਕੀਤੀ। ਸੋਮਵਾਰ ਪਹਾੜੀ ਤੋਂ ਡਿੱਗਣ ਵਾਲੇ ਪੱਥਰਾਂ ਕਾਰਨ ਦਿੱਲੀ ਤੋਂ ਗਿਆਰਾਂ ਸਾਲਾ ਭਾਵਿਕਾ ਸ਼ਰਮਾ ਅਤੇ ਮੁੰਬਈ ਤੋਂ ਕਮਲੇਸ਼ ਜੇਠਵਾ ਲਾਪਤਾ ਹਨ। ਇਸ ਤੋਂ ਪਹਿਲਾਂ ਮੁੰਬਈ ਦੇ ਰਸਿਕ ਨਾਂਅ ਦੇ ਇੱਕ ਸ਼ਰਧਾਲੂ ਨੂੰ ਜ਼ਖਮੀ ਹਾਲਤ ਵਿੱਚ ਬਚਾਇਆ ਗਿਆ ਸੀ, ਜਦੋਂ ਕਿ ਦੋ ਲਾਸ਼ਾਂ ਜਿਨ੍ਹਾਂ ਦੀ ਪਛਾਣ ਯੂ ਪੀ ਦੇ ਜੌਨਪੁਰ ਤੋਂ ਹਰੀਸ਼ੰਕਰ (47) ਅਤੇ ਉਸ ਦੀ 8 ਸਾਲਾ ਧੀ ਖਿਆਤੀ ਵਜੋਂ ਹੋਈ, ਨੂੰ ਸੋਮਵਾਰ ਰਾਤ ਮਲਬੇ ਵਿੱਚੋਂ ਬਾਹਰ ਕੱਢਿਆ ਗਿਆ ਸੀ।

## ਟੱਲੀ ਮਾਸਟਰਨੀ ਮੁਅੱਤਲ

**ਧਾਰ** : ਮੱਧ ਪ੍ਰਦੇਸ਼ ਦੇ ਧਾਰ ਜ਼ਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸੋਮਵਾਰ ਨੂੰ ਕਥਿਤ ਤੌਰ 'ਤੇ ਸ਼ਰਾਬੀ ਅਧਿਆਪਕਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਆਦਿਵਾਸੀ ਸਿੱਖਿਆ ਵਿਭਾਗ ਨੇ ਉਸ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਸਕੂਲ ਜ਼ਿਲ੍ਹਾ ਹੈੱਡਕੁਆਰਟਰ ਤੋਂ ਕਰੀਬ 50 ਕਿਲੋਮੀਟਰ ਦੂਰ ਮਨਾਵਰ ਵਿਕਾਸ ਬਲਾਕ ਦੇ ਸਿੰਘਾਨਾ ਪਿੰਡ ਵਿੱਚ ਸਥਿਤ ਹੈ।

## ਭਾਰਤ ਨਾਲ ਸਾਰਥਕ ਵਾਰਤਾ ਲਈ ਤਿਆਰ : ਸ਼ਾਹਬਾਜ਼

**ਇਸਲਾਮਾਬਾਦ** : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਭਾਰਤ ਨਾਲ ਸਾਰੇ ਬਕਾਇਆ ਮੁੱਦਿਆਂ ਨੂੰ ਹੱਲ ਕਰਨ ਲਈ ਸਾਰਥਕ ਗੱਲਬਾਤ ਲਈ ਆਪਣੀ ਤਿਆਰੀ ਜ਼ਾਹਰ ਕੀਤੀ ਹੈ। ਉਨ੍ਹਾ ਭਾਰਤ ਨਾਲ ਗੱਲਬਾਤ ਬਾਰੇ ਵਿਚਾਰ ਮੰਗਲਵਾਰ ਸਾਊਦੀ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾ ਕਿਹਾ, "ਪਾਕਿਸਤਾਨ ਜੰਮੂ-ਕਸ਼ਮੀਰ, ਪਾਣੀ, ਵਪਾਰ ਅਤੇ ਅੱਤਵਾਦ ਸਮੇਤ ਸਾਰੇ ਬਕਾਇਆ ਮੁੱਦਿਆਂ 'ਤੇ ਭਾਰਤ ਨਾਲ ਸਾਰਥਕ ਗੱਲਬਾਤ ਕਰਨ ਲਈ ਤਿਆਰ ਹੈ।" ਭਾਰਤ ਦਾ ਸਟੈਂਡ ਹੈ ਕਿ ਉਹ ਪਾਕਿਸਤਾਨ ਨਾਲ ਸਿਰਫ ਮਕਬੂਜ਼ਾ ਕਸ਼ਮੀਰ ਦੀ ਵਾਪਸੀ ਅਤੇ ਅੱਤਵਾਦ ਦੇ ਮੁੱਦੇ 'ਤੇ ਹੀ ਗੱਲਬਾਤ ਕਰੇਗਾ।

# ਆਟੋ-ਕਾਰ ਦੀ ਟੱਕਰ 'ਚ 4 ਦੀ ਮੌਤ



**ਫਿਲੌਰ (ਨਿਰਮਲ)** ਫਿਲੌਰ ਨੇੜੇ ਪਿੰਡ ਬੁਰਜ ਪੁਖਤਾ ਵਿਖੇ ਬੁੱਧਵਾਰ ਆਟੋ ਅਤੇ ਕਾਰ ਦੀ ਟੱਕਰ 'ਚ 4 ਲੋਕਾਂ ਦੀ ਮੌਤ ਹੋ ਗਈ, ਜਦਕਿ 3 ਹੋਰ ਜ਼ਖ਼ਮੀ ਹੋ ਗਏ। ਆਟੋ ਝੰਡੀ ਪੀਰ ਕੰਡਿਆਣਾ ਤੋਂ ਫਿਲੌਰ ਵੱਲ ਜਾ ਰਿਹਾ ਸੀ ਕਿ ਬੁਰਜ ਪੁਖਤਾ ਵਿਖੇ ਸਾਹਮਣੋਂ ਆ ਰਹੀ ਕਾਰ ਨਾਲ ਟੱਕਰ ਹੋ ਗਈ। ਉਸ ਵਿੱਚ ਸਵਾਰ ਰਣਜੀਤ ਕੌਰ, ਸੁਨੀਤਾ ਦੇਵੀ, ਰੱਖੀ, ਮਨਜੀਤ ਕੌਰ ਦੀ ਮੌਤ ਹੋ ਗਈ। ਨਿਰਮਲ ਸਿੰਘ, ਮੁਖਤਿਆਰ ਸਿੰਘ ਅਤੇ ਇੱਕ ਛੋਟਾ ਬੱਚਾ ਗੰਭੀਰ ਜ਼ਖ਼ਮੀ ਹੋ ਗਏ। ਡਾ. ਨੀਰਜ ਸੋਢੀ ਨੇ ਦੱਸਿਆ ਕਿ ਬੱਚੇ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ ਹੈ, ਜਦਕਿ ਹੋਰ ਜ਼ਖ਼ਮੀਆਂ ਦਾ ਇਲਾਜ ਚੱਲ ਰਿਹਾ ਹੈ।

# ਉਪ ਰਾਸ਼ਟਰਪਤੀ ਬੇਹੋਸ਼ ਹੋ ਗਏ


**ਨੈਨੀਤਾਲ** : ਉਪ ਰਾਸ਼ਟਰਪਤੀ ਜਗਦੀਪ ਧਨਖੜ ਬੁੱਧਵਾਰ ਇੱਥੇ ਕੁਮਾਊਂ ਯੂਨੀਵਰਸਿਟੀ ਦੇ ਗੋਲਡਨ ਜੁਬਲੀ ਸਮਾਰੋਹ ਵਿੱਚ ਸ਼ਾਮਲ ਹੋਣ ਦੌਰਾਨ ਬੇਹੋਸ਼ ਹੋ ਗਏ। ਜਿਉਂ ਹੀ ਉਪ ਰਾਸ਼ਟਰਪਤੀ ਆਪਣਾ ਭਾਸ਼ਣ ਦੇਣ ਪਿੱਛੋਂ ਮੰਚ ਤੋਂ ਹੇਠਾਂ ਉਤਰੇ, ਉਹ ਆਪਣੇ ਸਾਬਕਾ ਸੰਸਦੀ ਸਹਿਯੋਗੀ ਮਹਿੰਦਰ ਸਿੰਘ ਪਾਲ ਕੋਲ ਗਏ, ਜੋ ਦਰਸ਼ਕਾਂ ਵਿੱਚ ਬੈਠੇ ਸਨ। ਪਾਲ ਉੱਤਰਾਖੰਡ ਹਾਈ ਕੋਰਟ ਵਿੱਚ ਵਕੀਲ ਹਨ, ਜਿਨ੍ਹਾਂ 1989 ਵਿੱਚ ਲੋਕ ਸਭਾ ਮੈਂਬਰ ਵਜੋਂ ਸੇਵਾ ਨਿਭਾਈ ਸੀ, ਜਦੋਂ ਧਨਖੜ ਵੀ ਰਾਜਸਥਾਨ ਦੇ ਝੁੰਝੁਨੂ ਤੋਂ ਸੰਸਦ ਮੈਂਬਰ ਸਨ। ਦੋਵੇਂ ਆਗੂ ਇੱਕ-ਦੂਜੇ ਨੂੰ ਦੇਖ ਕੇ ਭਾਵੁਕ ਹੋ ਗਏ। ਕੁਝ ਦੇਰ ਇੱਕ-ਦੂਜੇ ਨਾਲ ਗੱਲ ਕਰਨ ਤੋਂ ਬਾਅਦ ਧਨਖੜ ਨੇ ਪਾਲ ਨੂੰ ਜੱਫੀ ਪਾ ਲਈ ਅਤੇ ਉਹ ਉਨ੍ਹਾ ਦੇ ਮੋਢਿਆਂ 'ਤੇ ਬੇਹੋਸ਼ ਹੋ ਗਏ।



ਕੁਝ ਗਲਤ ਹੋਣ ਦਾ ਅਹਿਸਾਸ ਕਰਦਿਆਂ ਹੀ ਉਪ ਰਾਸ਼ਟਰਪਤੀ ਦੇ ਨਾਲ ਆਈ ਮੈਡੀਕਲ ਟੀਮ ਨੇ ਫੌਰੀ ਕਾਰਵਾਈ ਕੀਤੀ ਅਤੇ ਉਨ੍ਹਾ ਨੂੰ ਹੋਸ਼ ਵਿੱਚ ਵਾਪਸ ਲਿਆਂਦਾ। ਧਨਖੜ ਜਲਦੀ ਹੀ ਠੀਕ ਹੋ ਗਏ। ਉਪ ਰਾਸ਼ਟਰਪਤੀ ਇਸ ਪਿੱਛੋਂ ਉੱਤਰਾਖੰਡ ਦੇ ਰਾਜ ਭਵਨ ਚਲੇ ਗਏ, ਜਿੱਥੇ ਉਹ ਰਾਤ ਠਹਿਰਨਗੇ।

# ਈਰਾਨੀ ਪ੍ਰਮਾਣੂ ਪ੍ਰੋਗਰਾਮ ਨੂੰ ਬਹੁਤੀ ਢਾਹ ਨਹੀਂ ਲੱਗੀ

**ਨਿਊਯਾਰਕ** : ਅਮਰੀਕੀ ਮੀਡੀਆ ਹਾਊਸ ਸੀ ਐੱਨ ਐੱਨ ਤੇ ਨਿਊਯਾਰਕ ਟਾਈਮਜ਼ ਨੇ ਦਾਅਵਾ ਕੀਤਾ ਹੈ ਕਿ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਅਮਰੀਕੀ ਹਮਲਿਆਂ ਦੇ ਬਾਅਦ ਵੀ ਉਸ ਦਾ ਪ੍ਰਮਾਣੂ ਪ੍ਰੋਗਰਾਮ ਤਬਾਹ ਨਹੀਂ ਹੋਇਆ ਹੈ। ਇਹ ਦਾਅਵਾ ਇੱਕ ਖੁਫੀਆ ਰਿਪੋਰਟ ਦੇ ਆਧਾਰ 'ਤੇ ਕੀਤਾ ਗਿਆ ਹੈ, ਜਿਸ ਵਿੱਚ ਅਮਰੀਕੀ ਹਮਲੇ ਤੋਂ ਬਾਅਦ ਹੋਏ ਨੁਕਸਾਨ ਦਾ ਅੰਦਾਜ਼ਾ ਲਾਇਆ ਗਿਆ ਹੈ। ਸੀ ਐੱਨ ਐੱਨ ਨੂੰ ਇੱਕ ਖੁਫੀਆ ਸੂਤਰ ਨੇ ਦੱਸਿਆ ਕਿ ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਕੁਝ ਮਹੀਨਿਆਂ ਲਈ ਹੀ ਪਿੱਛੇ ਧੱਕਿਆ ਗਿਆ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਦਾਅਵੇ ਨੂੰ ਖਾਰਜ ਕਰਦਿਆਂ ਸੀ ਐੱਨ ਐੱਨ ਤੇ ਨਿਊਯਾਰਕ ਟਾਈਮਜ਼ ਦੀਆਂ ਖਬਰਾਂ ਨੂੰ ਫੇਕ ਨਿਊਜ਼ ਕਰਾਰ ਦਿੱਤਾ ਹੈ। ਟਰੰਪ ਨੇ ਹੇਗ ਵਿੱਚ ਨਾਟੋ ਸਿਖਰ ਸੰਮੇਲਨ ਦੌਰਾਨ ਪੱਤਰਕਾਰਾਂ ਨੂੰ ਦੱਸਿਆ ਕਿ ਇਜ਼ਰਾਈਲੀ ਏਜੰਟ ਹਮਲੇ ਤੋਂ ਬਾਅਦ ਫੋਰਡੋ ਪਲਾਂਟ ਵੱਲ ਗਏ ਸਨ ਤੇ ਉਨ੍ਹਾਂ ਰਿਪੋਰਟ ਦਿੱਤੀ ਕਿ ਪਲਾਂਟ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਇਸ ਦੇ ਨਾਲ ਹੀ ਟਰੰਪ ਨੇ ਕਿਹਾ ਕਿ ਜੇ ਈਰਾਨ ਨੇ ਮੁੜ ਪ੍ਰਮਾਣੂ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਫਿਰ ਹਮਲਾ ਕਰਾਂਗੇ।


ਅਮਰੀਕਾ ਨੇ ਈਰਾਨ ਦੇ ਉੱਤਰ-ਪੂਰਬੀ ਸ਼ਹਿਰ ਕੋਮ ਵਿੱਚ ਫੋਰਦੋ ਸਥਿਤ ਈਂਧਨ ਭਰਪੂਰ ਕਰਨ ਵਾਲੇ ਪਲਾਂਟ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ ਸੀ।

ਉਧਰ ਇਜ਼ਰਾਈਲੀ ਸੂਤਰਾਂ ਨੇ ਏ ਬੀ ਸੀ ਨਿਊਜ਼ ਨੂੰ ਦੱਸਿਆ ਕਿ ਫੋਰਡੋ 'ਤੇ ਅਮਰੀਕੀ ਹਮਲਾ ਤਸੱਲੀਬਖਸ਼ ਨਹੀਂ ਰਿਹਾ। ਨਤੀਜਾ ਸੱਚੀਂ ਚੰਗਾ ਨਹੀਂ ਰਿਹਾ। ਟਰੰਪ ਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਈਰਾਨੀ ਪ੍ਰਮਾਣੂ ਪ੍ਰੋਗਰਾਮ ਨੂੰ ਕਾਫੀ ਹੱਦ ਤਕ ਤਬਾਹ ਕਰ ਦੇਣ ਦਾ ਦਾਅਵਾ ਕੀਤਾ ਸੀ। ਇਸੇ ਦੌਰਾਨ ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਨੇ ਕਿਹਾ ਹੈ ਕਿ ਉਨ੍ਹਾ ਦਾ ਦੇਸ਼ ਪ੍ਰਮਾਣੂ ਪ੍ਰੋਗਰਾਮ ਨੂੰ ਬੰਦ ਨਹੀਂ ਕਰੇਗਾ। ਉਨ੍ਹਾਂ ਤਕਨੀਕ ਹਾਸਲ ਕਰਨ ਲਈ ਬਹੁਤ ਮਿਹਨਤ ਕੀਤੀ ਹੈ। ਉਨ੍ਹਾਂ ਦੇ ਵਿਗਿਆਨੀਆਂ ਨੇ ਕੁਰਬਾਨੀਆਂ ਦਿੱਤੀਆਂ ਹਨ।

ਇਸੇ ਦੌਰਾਨ ਖਬਰ ਏਜੰਸੀ ਰਾਇਟਰਜ਼ ਨੇ ਤਿੰਨ ਸੂਤਰਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਅਮਰੀਕਾ ਵੱਲੋਂ ਕੀਤੀ ਇਕ ਮੁੱਢਲੀ ਖੁਫੀਆ ਸਮੀਖਿਆ ਤੋਂ ਪਤਾ ਲੱਗਾ ਹੈ ਕਿ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲੇ ਨਾਲ ਤਹਿਰਾਨ ਦਾ ਪ੍ਰਮਾਣੂ ਪ੍ਰੋਗਰਾਮ ਕੁਝ ਮਹੀਨਿਆਂ ਲਈ ਪਿੱਛੇ ਧੱਕਿਆ ਗਿਆ ਹੈ। ਇਨ੍ਹਾਂ ਵਿੱਚੋਂ ਦੋ ਸੂਤਰਾਂ ਨੇ ਦੱਸਿਆ ਕਿ ਮੁੱਢਲੀ ਰਿਪੋਰਟ ਰੱਖਿਆ ਖੁਫੀਆ ਏਜੰਸੀ ਵੱਲੋਂ ਤਿਆਰ ਕੀਤੀ ਗਈ ਸੀ, ਜੋ ਪੈਂਟਾਗਨ ਦੀ ਖੁਫੀਆ ਸ਼ਾਖਾ ਹੈ ਤੇ 18 ਅਮਰੀਕੀ ਖੁਫੀਆ ਏਜੰਸੀਆਂ ਵਿੱਚੋਂ ਇਕ ਹੈ। ਸੂਤਰਾਂ ਨੇ ਕਲਾਸੀਫਾਈਡ ਜਾਣਕਾਰੀ ਨਾਲ ਜੁੜੇ ਮਸਲਿਆਂ 'ਤੇ ਚਰਚਾ ਕਰਨ ਲਈ ਨਾਂਅ ਨਾ ਛਾਪਣ ਦੀ ਬੇਨਤੀ ਕੀਤੀ। ਤਿੰਨ ਸੂਤਰਾਂ ਮੁਤਾਬਕ ਇਸ ਖੁਫੀਆ ਸਮੀਖਿਆ ਤੋਂ ਪਤਾ ਲੱਗਾ ਹੈ ਕਿ ਈਰਾਨ ਆਪਣਾ ਪ੍ਰਮਾਣੂ ਪ੍ਰੋਗਰਾਮ ਅਗਲੇ ਕੁਝ ਮਹੀਨਿਆਂ ਵਿੱਚ ਸ਼ੁਰੂ ਕਰ ਸਕਦਾ ਹੈ ਤੇ ਇਨ੍ਹਾਂ ਵਿੱਚੋਂ ਇਕ ਨੇ ਕਿਹਾ ਕਿ ਇਹ ਅਗਲੇ ਇਕ ਜਾਂ ਦੋ ਮਹੀਨਿਆਂ 'ਚ ਸ਼ੁਰੂ ਹੋ ਸਕਦਾ ਹੈ। ਇਹ ਕਲਾਸੀਫਾਈਡ ਸਮੀਖਿਆ ਟਰੰਪ ਤੇ ਰੱਖਿਆ ਮੰਤਰੀ ਪੀਟ ਹੇਗਸੇਥ ਸਮੇਤ ਸਿਖਰਲੇ ਅਮਰੀਕੀ ਅਧਿਕਾਰੀਆਂ ਦੇ ਬਿਆਨਾਂ ਦੇ ਉਲਟ ਹੈ। ਟਰੰਪ ਸਣੇ ਇਨ੍ਹਾਂ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਹਮਲਿਆਂ, ਜਿਸ ਵਿੱਚ ਬੰਕਰ-ਬਸਟਿੰਗ ਬੰਬਾਂ ਅਤੇ ਹੋਰ ਰਵਾਇਤੀ ਹਥਿਆਰਾਂ ਦੀ ਵਰਤੋਂ ਕੀਤੀ ਗਈ ਸੀ, ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਅਸਲ ਵਿੱਚ ਖਤਮ ਕਰ ਦਿੱਤਾ ਹੈ।

ਟਰੰਪ ਪ੍ਰਸ਼ਾਸਨ ਨੇ ਮੰਗਲਵਾਰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਦੱਸਿਆ ਕਿ ਉਸ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ 'ਤਬਾਹ' ਕਰ ਦਿੱਤਾ ਹੈ।

ਇੱਕ ਅਮਰੀਕੀ ਅਧਿਕਾਰੀ, ਜਿਸ ਨੇ ਸਮੀਖਿਆ ਰਿਪੋਰਟ ਪੜ੍ਹੀ, ਨੇ ਨੋਟ ਕੀਤਾ ਕਿ ਇਸ ਵਿੱਚ ਕਈ ਚੇਤਾਵਨੀਆਂ ਅਤੇ 'ਜੇਕਰ' ਹਨ ਅਤੇ ਕਿਹਾ ਕਿ ਆਉਣ ਵਾਲੇ ਦਿਨਾਂ ਅਤੇ ਹਫਤਿਆਂ ਵਿੱਚ ਇੱਕ ਹੋਰ ਸੁਧਰੀ ਹੋਈ ਰਿਪੋਰਟ ਦੀ ਉਮੀਦ ਕੀਤੀ ਜਾ ਰਹੀ ਹੈ। ਸਮੀਖਿਅਕਾਂ ਨੇ ਕਿਹਾ ਕਿ ਜੇਕਰ ਮੁਲਾਂਕਣ ਉਪਗ੍ਰਹਿ ਦੀਆਂ ਤਸਵੀਰਾਂ 'ਤੇ ਅਧਾਰਤ ਸੀ, ਤਾਂ ਡੂੰਘੇ ਦੱਬੇ ਫੋਰਡੋ ਸਥਿਤ ਪ੍ਰਮਾਣੂ ਟਿਕਾਣੇ (ਯੂਰੇਨੀਅਮ ਸੋਧ ਸਹੂਲਤ) ਨੂੰ ਪੁੱਜੇ ਨੁਕਸਾਨ ਦੀ ਹੱਦ ਦਾ ਖੁਲਾਸਾ ਕਰਨਾ ਜ਼ਰੂਰੀ ਨਹੀਂ ਹੋਵੇਗਾ। ਟਰੰਪ ਨੇ ਕਿਹਾ ਸੀ ਕਿ ਈਰਾਨ ਨੂੰ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਰੋਕਣ ਲਈ ਹਮਲੇ ਜ਼ਰੂਰੀ ਸਨ। ਈਰਾਨ ਹਾਲਾਂਕਿ ਇਸ ਗੱਲ ਤੋਂ ਇਨਕਾਰ ਕਰਦਾ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਉਸ ਦਾ ਪ੍ਰਮਾਣੂ ਪ੍ਰੋਗਰਾਮ ਸ਼ਾਂਤੀਪੂਰਨ ਉਦੇਸ਼ਾਂ ਲਈ ਹੈ।

## ਅੱਜ-ਨਾਮਾ

ਐਮਰਜੈਂਸੀ ਦਾ ਫੇਰ ਜਦ ਦਿਨ ਆਇਆ,
ਕਈਆਂ ਬਾਤਾਂ ਦੀ ਯਾਦ ਹੈ ਆਈ ਬੇਲੀ।
ਇੰਦਰਾ ਗਾਂਧੀ ਸੀ ਹਾਰ ਗਈ ਕੇਸ ਕਿੱਦਾਂ,
ਕਿਵੇਂ ਉਹ ਰਾਤ ਸੀ ਗਈ ਬਿਤਾਈ ਬੇਲੀ।
ਜਿਸ ਵੀ ਪਾਰਟੀ ਦਾ ਕਾਬੂ ਆਏ ਲੀਡਰ,
ਫੜ-ਫੜ ਜਾਂਦੇ ਸਨ ਜੇਲ੍ਹ ਪੁਚਾਈ ਬੇਲੀ।
ਐਮਰਜੈਂਸੀ ਫਿਰ ਜਿੱਦਾਂ ਹਟਾਈ ਗਈ ਸੀ,
ਕਾਂਗਰਸ ਲੋਕਾਂ ਸੀ ਕਿੱਦਾਂ ਹਟਵਾਈ ਬੇਲੀ।
ਸਿੱਖਿਆ ਭੋਰਾ ਨਹੀਂ ਉਹਦੇ ਤੋਂ ਲੀਡਰਾਂ ਨੇ,
ਚੱਲੀ ਜਾਏ ਅਜੇ ਵੀ ਓਦਾਂ ਦਾ ਹਾਲ ਬੇਲੀ।
ਕਰ ਜਾਏ ਜਿੰਨੀ ਤਰੱਕੀ ਇਹ ਦੇਸ਼ ਬੇਸ਼ੱਕ,
ਰਹੂਗਾ ਅਕਲ ਦਾ ਦੇਸ਼ ਵਿੱਚ 'ਕਾਲ ਬੇਲੀ।

-ਤੀਸ ਮਾਰ ਖਾਂ

# ਸੀ ਬੀ ਐੱਸ ਈ ਦੀ ਦਸਵੀਂ ਦੀ ਪ੍ਰੀਖਿਆ ਦੋ ਵਾਰ ਹੋਵੇਗੀ

**ਨਵੀਂ ਦਿੱਲੀ**: ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ ਬੀ ਐੱਸ ਈ) ਦੀ ਵਰ੍ਹਾ 2026 ਤੋਂ ਦਸਵੀਂ ਕਲਾਸ ਦੀ ਬੋਰਡ ਪ੍ਰੀਖਿਆ ਸਾਲ ਵਿੱਚ ਦੋ ਵਾਰੀ ਲੈਣ ਦਾ ਫੈਸਲਾ ਕੀਤਾ ਗਿਆ ਹੈ। ਪਹਿਲੀ ਪ੍ਰੀਖਿਆ ਫਰਵਰੀ-ਮਾਰਚ 'ਚ ਹੋਵੇਗੀ ਅਤੇ ਦੂਜੀ ਮਈ 'ਚ ਹੋਵੇਗੀ। ਪਹਿਲੀ ਪ੍ਰੀਖਿਆ ਮੁੱਖ ਪ੍ਰੀਖਿਆ ਹੋਵੇਗੀ ਅਤੇ ਦੂਜੀ ਪ੍ਰੀਖਿਆ ਸੁਧਾਰ ਪ੍ਰੀਖਿਆ ਦੇ ਨਾਂਅ ਨਾਲ ਜਾਣੀ ਜਾਵੇਗੀ।

ਦੋਹਾਂ ਬੋਰਡ ਪ੍ਰੀਖਿਆਵਾਂ 'ਚ ਵਿਸ਼ਿਆਂ ਨੂੰ ਬਦਲਣ ਦੀ ਇਜਾਜ਼ਤ ਨਹੀਂ ਹੋਵੇਗੀ। ਮੈਰਿਟ ਸਰਟੀਫਿਕੇਟ ਦੂਜੀ ਪ੍ਰੀਖਿਆ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ। ਪ੍ਰੀਖਿਆ ਦੀ ਕਾਪੀ ਦੀ ਫੋਟੋ ਕਾਪੀ ਤੇ ਦੁਬਾਰਾ ਮੁਲਾਂਕਣ ਦੀ ਸਹੂਲਤ ਵੀ ਦੂਜੀ ਪ੍ਰੀਖਿਆ ਦੇ ਬਾਅਦ ਹੀ ਉਪਲੱਬਧ ਹੋਵੇਗੀ।

ਬੋਰਡ ਦੀ ਦੋ ਵਾਰੀ ਪ੍ਰੀਖਿਆ ਕਰਨ ਦੀ ਸਹੂਲਤ ਬਦਲਵੇਂ ਤੌਰ 'ਤੇ ਸ਼ੁਰੂ ਕੀਤੀ ਜਾਵੇਗੀ। ਇਹ ਜ਼ਰੂਰੀ ਨਹੀਂ ਕਿ ਵਿਦਿਆਰਥੀ ਦੋਨੋਂ ਵਾਰ ਬੋਰਡ ਪ੍ਰੀਖਿਆ 'ਚ ਹਿੱਸਾ ਲੈਣ, ਪਹਿਲੀ ਪ੍ਰੀਖਿਆ ਮੁੱਖ ਪ੍ਰੀਖਿਆ ਹੋਵੇਗੀ। ਵਿਦਿਆਰਥੀ ਦੂਜੀ ਪ੍ਰੀਖਿਆ ਸੁਧਾਰ ਲਈ ਦੇ ਸਕਦੇ ਹਨ।



ਕੌਮੀ ਸਿੱਖਿਆ ਨੀਤੀ 2020 ਤਹਿਤ ਬੋਰਡ ਪ੍ਰੀਖਿਆਵਾਂ ਦੀ ਪ੍ਰਣਾਲੀ 'ਚ ਇਹ ਬਦਲਾਅ ਕੀਤਾ ਗਿਆ ਹੈ। ਇਹ ਬਦਲਾਅ ਸਿੱਖਿਆ ਨੂੰ ਘੱਟ ਤਣਾਅ ਵਾਲਾ ਤੇ ਵਧੇਰੇ ਸਮਾਵੇਸ਼ੀ ਬਣਾਉਣ ਦੀ ਦਿਸ਼ਾ 'ਚ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

ਪ੍ਰੀਖਿਆਵਾਂ ਨੂੰ ਵਧੇਰੇ ਲਚਕੀਲਾ, ਵਿਦਿਆਰਥੀ ਕੇਂਦਰਤ ਤੇ ਦੋ ਮੌਕਿਆਂ ਦੀ ਵਿਵਸਥਾ ਤਹਿਤ ਡਿਜ਼ਾਈਨ ਕੀਤਾ ਗਿਆ ਹੈ। ਬੋਰਡ ਪ੍ਰੀਖਿਆਵਾਂ ਨੂੰ ਇਸ ਤਰ੍ਹਾਂ ਵਿਕਸਤ ਕੀਤਾ ਗਿਆ ਹੈ ਕਿ ਉਹ ਸਿਰਫ ਰਟਣ ਦੀ ਬਜਾਏ ਵਿਦਿਆਰਥੀਆਂ ਦੀਆਂ ਮੂਲ ਯੋਗਤਾਵਾਂ ਦਾ ਮੁਲਾਂਕਣ ਕਰ ਸਕਣ।

# ਕੁਝ ਲੋਕਾਂ ਲਈ ਮੋਦੀ ਪਹਿਲਾਂ, ਦੇਸ਼ ਬਾਅਦ 'ਚ : ਖੜਗੇ

**ਨਵੀਂ ਦਿੱਲੀ** : ਕਾਂਗਰਸ ਆਗੂ ਸ਼ਸ਼ੀ ਥਰੂਰ ਦੀ ਖਿੱਲੀ ਉਡਾਉਂਦਿਆਂ ਪਾਰਟੀ ਮੁਖੀ ਮਲਿਕਾਰਜੁਨ ਖੜਗੇ ਨੇ ਬੁੱਧਵਾਰ ਕਿਹਾ ਕਿ ਉਨ੍ਹਾ ਦੀ ਪਾਰਟੀ 'ਪਹਿਲਾਂ ਦੇਸ਼' ਦੇ ਮੰਤਰ ਵਿੱਚ ਵਿਸ਼ਵਾਸ ਰੱਖਦੀ ਹੈ, ਪਰ ਕੁਝ ਲੋਕਾਂ ਲਈ ਇਹ 'ਪਹਿਲਾਂ ਮੋਦੀ ਅਤੇ ਦੇਸ਼ ਬਾਅਦ ਵਿੱਚ' ਹੈ। ਖੜਗੇ ਨੇ ਕਿਹਾ, 'ਮੈਨੂੰ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਆਉਂਦੀ। ਉਨ੍ਹਾ (ਥਰੂਰ) ਦੀ ਭਾਸ਼ਾ ਬਹੁਤ ਵਧੀਆ ਹੈ, ਇਸ ਲਈ ਅਸੀਂ ਉਨ੍ਹਾ ਨੂੰ ਕਾਂਗਰਸ ਵਰਕਿੰਗ ਕਮੇਟੀ ਮੈਂਬਰ ਬਣਾਇਆ ਹੈ।'

ਖੜਗੇ ਥਰੂਰ ਦੇ 'ਅਪ੍ਰੇਸ਼ਨ ਸਿੰਧੂਰ' ਆਊਟਰੀਚ 'ਤੇ ਲਿਖੇ ਲੇਖ ਬਾਰੇ ਪੁੱਛੇ ਗਏ ਇਕ ਸਵਾਲ ਦਾ ਜਵਾਬ ਦੇ ਰਹੇ ਸਨ। ਇਸ ਲੇਖ ਵਿੱਚ ਥਰੂਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕੀਤੀ ਸੀ।

ਕਾਂਗਰਸ ਪ੍ਰਧਾਨ ਨੇ ਕਿਹਾ, "ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਿਰੋਧੀ ਧਿਰ ਨੇ ਇਕੱਠਿਆਂ ਕਿਹਾ ਕਿ ਉਹ ਉਸ ਫੌਜ ਦੇ ਨਾਲ ਹਨ, ਜੋ (ਅਪ੍ਰੇਸ਼ਨ ਸਿੰਧੂਰ ਦੌਰਾਨ) ਲੜ ਰਹੀ ਹੈ। ਅਸੀਂ (ਕਾਂਗਰਸ) ਕਿਹਾ ਕਿ ਦੇਸ਼ ਸਭ ਤੋਂ ਵੱਡਾ ਹੈ ਅਤੇ ਅਸੀਂ (ਸਰਕਾਰ ਨਾਲ) ਮਿਲ ਕੇ ਕੰਮ ਕਰਾਂਗੇ। ਅਸੀਂ ਕਿਹਾ 'ਪਹਿਲਾਂ ਦੇਸ਼, ਪਾਰਟੀ ਪਿੱਛੋਂ' ਹੈ। ਕੁਝ ਲੋਕ ਕਹਿੰਦੇ ਹਨ 'ਪਹਿਲਾਂ ਮੋਦੀ, ਦੇਸ਼ ਪਿੱਛੋਂ' ਹੈ। ਇਸ ਵਿੱਚ ਅਸੀਂ ਕੀ ਕਰ ਸਕਦੇ ਹਾਂ।"

ਖੜਗੇ ਦੀਆਂ ਟਿੱਪਣੀਆਂ ਤੋਂ ਫੌਰੀ ਬਾਅਦ ਥਰੂਰ ਨੇ ਐੱਕਸ 'ਤੇ ਇੱਕ ਲੁਕਵੀਂ ਪੋਸਟ ਪਾਈ, ਜਿਸ ਵਿੱਚ ਇੱਕ ਪੰਛੀ ਦੀ ਤਸਵੀਰ ਸੀ ਅਤੇ ਇਸ ਦੀ ਕੈਪਸ਼ਨ ਸੀ: 'ਉੱਡਣ ਦੀ ਇਜਾਜ਼ਤ ਨਾ ਮੰਗੋ। ਖੰਭ ਤੁਹਾਡੇ ਹਨ। ਅਤੇ ਅਸਮਾਨ ਕਿਸੇ ਦਾ ਨਹੀਂ ਹੈ।'

ਥਰੂਰ ਨੇ ਸੋਮਵਾਰ ਨੂੰ 'ਦੀ ਹਿੰਦੂ' ਵਿੱਚ ਪ੍ਰਕਾਸ਼ਤ ਇੱਕ ਲੇਖ ਵਿੱਚ ਕਿਹਾ ਕਿ ਮੋਦੀ ਦੀ ਊਰਜਾ, ਗਤੀਸ਼ੀਲਤਾ ਅਤੇ ਸ਼ਮੂਲੀਅਤ ਕਰਨ ਦੀ ਇੱਛਾ ਵਿਸ਼ਵ ਪੱਧਰ 'ਤੇ ਭਾਰਤ ਲਈ ਇੱਕ ਪ੍ਰਮੁੱਖ ਸੰਪਤੀ ਬਣੀ ਹੋਈ ਹੈ, ਪਰ ਉਹ ਇਸ ਸੰਬੰਧੀ ਵਧੇਰੇ ਸਮਰਥਨ ਦੇ ਹੱਕਦਾਰ ਹਨ।

ਉਨ੍ਹਾ ਦੀਆਂ ਟਿੱਪਣੀਆਂ ਨੂੰ ਕਾਂਗਰਸ ਪਾਰਟੀ ਨੂੰ ਪ੍ਰੇਸ਼ਾਨ ਕਰਨ ਅਤੇ ਪਾਰਟੀ ਲੀਡਰਸ਼ਿਪ ਨਾਲ ਉਨ੍ਹਾ ਦੇ ਸੰਬੰਧਾਂ ਵਿੱਚ ਦਰਾੜਾਂ ਵਧਾਉਣ ਦੀ ਸੰਭਾਵਨਾ ਵਾਲੀਆਂ ਵਜੋਂ ਦੇਖਿਆ ਗਿਆ। ਲੇਖ ਵਿੱਚ ਥਰੂਰ ਨੇ ਕਿਹਾ ਕਿ ਅਪ੍ਰੇਸ਼ਨ ਸਿੰਧੂਰ ਤੋਂ ਬਾਅਦ ਸਫਾਰਤੀ ਪਹੁੰਚ ਕੌਮੀ ਸੰਕਲਪ ਅਤੇ ਪ੍ਰਭਾਵਸ਼ਾਲੀ ਸੰਚਾਰ ਦਾ ਇੱਕ ਪਲ ਸੀ। ਪ੍ਰਧਾਨ ਮੰਤਰੀ ਦਫਤਰ ਨੇ ਥਰੂਰ ਦਾ ਇਹ ਲੇਖ ਐੱਕਸ 'ਤੇ ਸਾਂਝਾ ਕੀਤਾ ਸੀ।

CMYK

26-June-PAGE-4.qxd 6/25/2025 11:00 PM Page 1

ਨਵਾਂ ਜ਼ਮਾਨਾ
ਵੀਰਵਾਰ, 26 ਜੂਨ 2025

# ਐਲਾਨੀ ਤੇ ਅਣ-ਐਲਾਨੀ ਐਮਰਜੈਂਸੀ

25 ਜੂਨ 1975 ਨੂੰ ਇੰਦਰਾ ਗਾਂਧੀ ਵੱਲੋਂ ਐਲਾਨੀ ਗਈ ਐਮਰਜੈਂਸੀ ਨੂੰ ਦੇਸ਼ ਨੇ ਭੋਗਿਆ ਹੈ ਤੇ ਅੱਜ ਕਈ ਲੋਕ ਕਹਿੰਦੇ ਹਨ ਕਿ ਮੋਦੀ ਸਰਕਾਰ ਵਿੱਚ ਅਣਐਲਾਨੀ ਐਮਰਜੈਂਸੀ ਚੱਲ ਰਹੀ ਹੈ। ਇੰਦਰਾ ਗਾਂਧੀ ਨੇ ਸੰਵਿਧਾਨ ਦੇ ਆਰਟੀਕਲ 352 ਤਹਿਤ ਐਮਰਜੈਂਸੀ ਐਲਾਨ ਕੇ ਪ੍ਰੈੱਸ ਦੀ ਆਜ਼ਾਦੀ ਖੋਹ ਲਈ ਸੀ, ਲੋਕਾਂ ਦੇ ਬੁਨਿਆਦੀ ਅਧਿਕਾਰ ਮੁਅੱਤਲ ਕਰ ਦਿੱਤੇ ਸਨ, ਆਪੋਜ਼ੀਸ਼ਨ ਆਗੂਆਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਸੀ ਤੇ ਚੋਣਾਂ ਮੁਲਤਵੀ ਕਰ ਦਿੱਤੀਆਂ ਸਨ। ਮੋਦੀ ਨੇ ਕਾਨੂੰਨੀ ਤੌਰ 'ਤੇ ਐਮਰਜੈਂਸੀ ਦਾ ਐਲਾਨ ਨਹੀਂ ਕੀਤਾ, ਪਰ ਦੇਸ਼ ਵਿੱਚ ਡਰ ਤੇ ਦਬਾਅ ਦਾ ਮਾਹੌਲ ਬਣਿਆ ਹੋਇਆ ਹੈ। ਸਰਕਾਰ ਦੀ ਨੁਕਤਾਚੀਨੀ ਕਰਨ ਵਾਲੇ ਪੱਤਰਕਾਰਾਂ 'ਤੇ ਕਾਰਵਾਈਆਂ, ਆਪੋਜ਼ੀਸ਼ਨ ਆਗੂਆਂ ਤੇ ਉਨ੍ਹਾਂ ਦੇ ਹਮਦਰਦਾਂ 'ਤੇ ਈ ਡੀ ਤੇ ਸੀ ਬੀ ਆਈ ਦੇ ਛਾਪੇ, ਸੋਸ਼ਲ ਮੀਡੀਆ 'ਤੇ ਨਿਗਰਾਨੀ ਇਹ ਸਭ ਜਮਹੂਰੀਅਤ ਨੂੰ ਅੰਦਰੋਂ ਕਮਜ਼ੋਰ ਕਰ ਰਹੇ ਹਨ। ਇੰਦਰਾ ਵੇਲੇ ਮੀਡੀਆ ਨੂੰ ਸੈਂਸਰ ਕੀਤਾ ਗਿਆ। ਅਖਬਾਰ ਛਾਪਣ ਤੋਂ ਪਹਿਲਾਂ ਮਨਜ਼ੂਰੀ ਲੈਣੀ ਪੈਂਦੀ ਸੀ। ਕੁਝ ਅਖਬਾਰਾਂ ਨੇ ਤਾਂ ਵਿਰੋਧ ਵਿੱਚ ਆਪਣੇ ਸੰਪਾਦਕੀ ਪੰਨੇ ਖਾਲੀ ਛੱਡ ਦਿੱਤੇ ਸਨ। ਅੱਜਕੱਲ੍ਹ ਸਿੱਧੀ ਸੈਂਸਰਸ਼ਿਪ ਤਾਂ ਨਹੀਂ, ਪਰ ਮੀਡੀਆ 'ਤੇ ਅਦਿੱਖ ਦਬਾਅ ਹੈ। ਸਰਕਾਰ ਦੇ ਅਲੋਚਕ ਪੱਤਰਕਾਰਾਂ ਨੂੰ ਮਾਲਕਾਂ 'ਤੇ ਦਬਾਅ ਪਾ ਕੇ ਨੌਕਰੀ ਤੋਂ ਕਢਵਾਇਆ ਜਾਂਦਾ ਹੈ ਜਾਂ ਉਨ੍ਹਾਂ ਖਿਲਾਫ ਕੇਸ ਦਰਜ ਕਰ ਦਿੱਤੇ ਜਾਂਦੇ ਹਨ। ਬੀ ਬੀ ਸੀ ਨੇ ਮੋਦੀ 'ਤੇ ਡਾਕੂਮੈਂਟਰੀ ਬਣਾਈ ਤਾਂ ਭਾਰਤ ਵਿੱਚ ਉਸ ਦੇ ਦਫਤਰ 'ਤੇ ਛਾਪਾ ਪੈ ਗਿਆ। ਇਸੇਂ ਤਰ੍ਹਾਂ ਪੱਤਰਕਾਰ ਸਿੱਦੀਕ ਕੱਪਨ ਨੂੰ ਸਿਰਫ ਇੱਕ ਰਿਪੋਰਟਿੰਗ ਮਿਸ਼ਨ 'ਤੇ ਜਾਂਦੇ ਸਮੇਂ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਇੰਦਰਾ ਵੇਲੇ ਨਿਆਂ ਪਾਲਿਕਾ 'ਤੇ ਦਬਾਅ ਸਾਫ ਦਿਸਿਆ। ਕੁਝ ਜੱਜਾਂ ਨੂੰ ਤਰੱਕੀ ਇਸ ਕਰਕੇ ਨਹੀਂ ਦਿੱਤੀ ਗਈ, ਕਿਉਂਕਿ ਉਹ ਸਰਕਾਰ ਦੇ ਖਿਲਾਫ ਫੈਸਲੇ ਦੇ ਰਹੇ ਸਨ। ਅੱਜ ਅਦਾਲਤਾਂ ਤਾਂ ਲੱਗਦੀਆਂ ਹਨ, ਪਰ ਸੰਵੇਦਨਸ਼ੀਲ ਮਾਮਲਿਆਂ 'ਤੇ ਫੈਸਲਿਆਂ ਵਿੱਚ ਦੇਰੀ ਹੁੰਦੀ ਹੈ। ਸੰਵਿਧਾਨ ਦੀ ਰਾਖੀ ਕਰਨ ਵਾਲੀਆਂ ਸੰਸਥਾਵਾਂ ਵੀ ਕਮਜ਼ੋਰ ਪੈ ਰਹੀਆਂ ਹਨ। ਚੋਣ ਕਮਿਸ਼ਨ 'ਤੇ ਵੀ ਪੱਖਪਾਤ ਦੇ ਦੋਸ਼ ਲੱਗ ਰਹੇ ਹਨ। ਇੰਦਰਾ ਵੇਲੇ ਆਪੋਜ਼ੀਸ਼ਨ ਦੇ ਆਗੂਆਂ ਨੂੰ ਬਿਨਾਂ ਮੁਕੱਦਮਾ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ ਸੀ। ਅੱਜਕੱਲ੍ਹ ਵਿਰੋਧੀਆਂ ਨੂੰ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਤਹਿਤ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। 84 ਸਾਲਾ ਫਾਦਰ ਸਟੈਨ ਸਵਾਮੀ ਤਾਂ ਬਿਨਾਂ ਦੋਸ਼ ਸਾਬਤ ਹੋਏ ਜੇਲ੍ਹ ਵਿੱਚ ਮਰ ਗਏ। ਵਿਦਿਆਰਥੀ ਆਗੂ ਉਮਰ ਖਾਲਿਦ ਕਈ ਵਰ੍ਹਿਆਂ ਤੋਂ ਜੇਲ੍ਹ ਵਿੱਚ ਹੈ ਅਤੇ ਉਸ ਖਿਲਾਫ ਮੁਕੱਦਮਾ ਅਜੇ ਵੀ ਸ਼ੁਰੂ ਨਹੀਂ ਹੋਇਆ। ਇੰਦਰਾ ਗਾਂਧੀ ਨੇ ਚੋਣਾਂ ਹੀ ਟਾਲੀਆਂ ਸਨ, ਅੱਜਕੱਲ੍ਹ ਮੋਦੀ ਦੀ ਅਗਵਾਈ ਵਿੱਚ ਭਾਜਪਾ ਚੋਣਾਂ ਜਿੱਤਦੀ ਹੈ, ਪਰ ਆਪੋਜ਼ੀਸ਼ਨ ਆਗੂਆਂ ਖਿਲਾਫ ਏਜੰਸੀਆਂ ਦੀ ਦੁਰਵਰਤੋਂ ਅਤੇ ਪ੍ਰਚਾਰ ਵਿੱਚ ਧਾਰਮਕ ਭਾਵਨਾਵਾਂ ਭੜਕਾਉਣਾ ਚਿੰਤਾ ਦਾ ਗੰਭੀਰ ਵਿਸ਼ਾ ਹੈ। ਇੰਦਰਾ ਵੇਲੇ ਅੰਦੋਲਨਾਂ ਨੂੰ ਕੁਚਲਿਆ ਗਿਆ ਅਤੇ ਨਸਬੰਦੀ ਵਰਗੇ ਫੈਸਲੇ ਜ਼ਬਰਦਸਤੀ ਲਾਗੂ ਕੀਤੇ ਗਏ। ਅੱਜਕੱਲ੍ਹ ਅੰਦੋਲਨਕਾਰੀਆਂ ਨੂੰ ਕੇਸ ਕਰਕੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ ਅਤੇ ਸੋਸ਼ਲ ਮੀਡੀਆ 'ਤੇ ਬਦਨਾਮ ਕੀਤਾ ਜਾਂਦਾ ਹੈ। ਸ਼ਾਹੀਨ ਬਾਗ ਦੇ ਅੰਦੋਲਨਕਾਰੀਆਂ ਤੇ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧੀਆਂ ਖਿਲਾਫ ਯੂ ਏ ਪੀ ਏ ਵਰਗੇ ਜਾਬਰ ਕਾਨੂੰਨ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਇਸੇ ਤਰ੍ਹਾਂ ਕਿਸਾਨ ਅੰਦੋਲਨ ਨੂੰ ਪਹਿਲਾਂ ਬਦਨਾਮ ਕੀਤਾ ਗਿਆ।

ਜਿੱਥੇ ਇੰਦਰਾ ਦਾ ਰਾਜ ਨਿੱਜੀ ਸੱਤਾ ਦੀ ਰਾਖੀ ਲਈ ਸੀ, ਉੱਥੇ ਮੋਦੀ ਦਾ ਰਾਜ ਇੱਕ ਵਿਚਾਰਧਾਰਾ 'ਹਿੰਦੂਤਵ' ਦੇ ਵਿਸਥਾਰ ਉੱਤੇ ਅਧਾਰਤ ਹੈ। ਇਸ ਨਾਲ ਕੁਝ ਤਬਕਿਆਂ ਵਿੱਚ ਡਰ ਤੇ ਅਸੁਰੱਖਿਆ ਦਾ ਮਾਹੌਲ ਹੈ। ਮੁਸਲਮਾਨਾਂ ਦੇ ਖਿਲਾਫ ਹਿੰਸਾ ਦੀਆਂ ਘਟਨਾਵਾਂ ਵਧੀਆਂ ਹਨ। ਸਕੂਲੀ ਕਿਤਾਬਾਂ ਵਿੱਚੋਂ ਮੁਗਲ ਇਤਿਹਾਸ ਤੇ ਵਿਗਿਆਨਕ ਵਿਚਾਰਾਂ ਨੂੰ ਹਟਾਇਆ ਜਾ ਰਿਹਾ ਹੈ। ਇੰਦਰਾ ਨੇ ਤਾਂ ਐਮਰਜੈਂਸੀ ਹਟਾ ਲਈ ਤੇ ਫਿਰ ਲੋਕਾਂ ਨੇ ਚੋਣਾਂ ਵਿੱਚ ਉਸ ਨੂੰ ਸੱਤਾ ਤੋਂ ਬੇਦਖਲ ਵੀ ਕਰ ਦਿੱਤਾ, ਪਰ ਮੋਦੀ ਦੀ ਅਣਐਲਾਨੀ ਐਮਰਜੈਂਸੀ ਕਾਰਨ ਲੋਕ ਡਰੇ ਹੋਏ ਹਨ, ਸੰਸਥਾਵਾਂ ਡਰੀਆਂ ਹੋਈਆਂ ਹਨ ਤੇ ਵਿਰੋਧ ਕਰਨ ਵਾਲਿਆਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਇਹ ਐਮਰਜੈਂਸੀ ਗੋਲੀ ਜਾਂ ਤਾਲੇ ਨਾਲ ਨਹੀਂ, ਸਗੋਂ ਦਹਿਸ਼ਤ ਨਾਲ ਚਲਾਈ ਜਾ ਰਹੀ ਹੈ। ਇਹ ਹੌਲੀ-ਹੌਲੀ ਜਮਹੂਰੀਅਤ ਨੂੰ ਖਤਮ ਕਰ ਰਹੀ ਹੈ। ਇੰਦਰਾ ਦੀ ਐਮਰਜੈਂਸੀ ਨੂੰ ਲੋਕਾਂ ਨੇ ਵੱਡੀ ਪੱਧਰ 'ਤੇ ਅੰਦੋਲਨ ਕਰਕੇ ਹਟਵਾਇਆ ਸੀ ਤੇ ਹੁਣ ਫਿਰ ਉਸੇ ਤਰ੍ਹਾਂ ਦਾ ਹੀ ਅੰਦੋਲਨ ਕਰਨ ਦੀ ਲੋੜ ਹੈ। ਲੋਕਾਂ ਨੂੰ ਖੁਦ ਹੀ ਉੱਠਣਾ ਪੈਣਾ ਹੈ, ਕਿਉਂਕਿ ਵਲਵਲਾ ਪੈਦਾ ਕਰਨ ਵਾਲੇ ਆਗੂ ਅੱਜਕੱਲ੍ਹ ਬਹੁਤ ਘਟ ਗਏ ਹਨ।

# ਸਰਕਾਰ ਦੇ ਦਾਅਵੇ ਤੇ ਭਾਰਤੀ ਕਿਸਾਨਾਂ ਦੀ ਸਥਿਤੀ


ਗੁਰਮੀਤ ਸਿੰਘ ਪਲਾਹੀ

ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਖੇਤੀ ਖੇਤਰ ਮਜ਼ਬੂਤ ਹੈ, ਪਰ ਸਵਾਲ ਉੱਠ ਰਿਹਾ ਹੈ ਕਿ ਕੀ ਦੇਸ਼ ਦੇ ਕਿਸਾਨ ਦਾ ਜੀਵਨ ਮਜ਼ਬੂਤ ਹੈ?

ਨਾਬਾਰਡ ਦੀ 2021-22 ਦੀ ਰਿਪੋਰਟ ਪੜ੍ਹੋ, ਜੋ ਸਪੱਸ਼ਟ ਕਹਿੰਦੀ ਹੈ ਕਿ ਲਗਭਗ 55 ਫ਼ੀਸਦੀ ਖੇਤੀ ਪਰਵਾਰ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਹਰ ਪਰਵਾਰ 'ਤੇ ਔਸਤਨ ਬਕਾਇਆ ਕਰਜ਼ਾ 9,1231 ਰੁਪਏ ਹੈ।

3 ਫਰਵਰੀ 2025 ਨੂੰ ਲੋਕ ਸਭਾ ਵਿੱਚ ਸਰਕਾਰ ਦਾ ਦਿੱਤਾ ਬਿਆਨ ਸਪੱਸ਼ਟ ਕਰਦਾ ਹੈ ਕਿ 13.08 ਕਰੋੜ ਕਿਸਾਨਾਂ ਨੇ ਵਪਾਰਕ ਬੈਂਕਾਂ ਤੋਂ 27,67,346 ਕਰੋੜ ਰੁਪਏ ਕਰਜ਼ਾ ਲਿਆ ਹੈ, ਜਦਕਿ 3.34 ਕਰੋੜ ਕਿਸਾਨਾਂ ਨੇ ਸਹਿਕਾਰੀ ਬੈਂਕਾਂ ਤੋਂ 2,65,419 ਕਰੋੜ ਰੁਪਏ ਅਤੇ 2.31 ਕਰੋੜ ਕਿਸਾਨਾਂ ਨੇ ਖੇਤੀ ਪੇਂਡੂ ਬੈਂਕਾਂ ਤੋਂ 3,19,881 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ।

ਪ੍ਰਧਾਨ ਮੰਤਰੀ ਕਿਸਾਨ ਯੋਜਨਾ ਅਧੀਨ ਦੇਸ਼ ਦੀ ਕੇਂਦਰ ਸਰਕਾਰ ਲਗਾਤਾਰ ਢੰਡੋਰਾ ਪਿੱਟਦੀ ਹੈ ਕਿ ਦੇਸ਼ ਦੇ ਕਿਸਾਨਾਂ ਨੂੰ ਪ੍ਰਤੀ ਤਿਮਾਹੀ ਕਿਸਾਨ ਸਨਮਾਨ ਰਾਸ਼ੀ ਦਿੰਦੀ ਹੈ, ਜੋ ਪ੍ਰਤੀ ਸਾਲ 6000 ਰੁਪਏ ਹੈ। ਅੰਕੜੇ ਦੱਸਦੇ ਹਨ ਕਿ 2022 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੁਲਾਈ) 'ਚ ਇਸ ਸਕੀਮ ਅਧੀਨ 10.47 ਕਰੋੜ ਕਿਸਾਨ ਰਜਿਸਟਰਡ ਸਨ। ਸਾਲ 2023 'ਚ ਘਟ ਕੇ ਇਹ ਗਿਣਤੀ 8.1 ਕਰੋੜ ਰਹਿ ਗਈ। ਇਹਨਾ 8.1 ਕਰੋੜ ਲੋਕਾਂ ਨੂੰ 15ਵੀਂ ਕਿਸ਼ਤ ਦਿੱਤੀ ਗਈ, ਪਰ ਸਰਕਾਰ ਦੇ ਅੰਕੜਿਆਂ ਤੇ ਦਾਅਵਿਆਂ 'ਚ ਵੱਡੀਆਂ ਤਰੁੱਟੀਆਂ ਦੀ ਝਲਕ ਪੈਂਦੀ ਹੈ, ਜਦੋਂ ਸਰਕਾਰ ਕਹਿੰਦੀ ਹੈ ਕਿ 19ਵੀਂ ਕਿਸ਼ਤ, ਜੋ ਫਰਵਰੀ 2025 'ਚ ਦਿੱਤੀ ਗਈ, ਉਸ ਵਿੱਚ ਇਹ ਗਿਣਤੀ 9.8 ਕਰੋੜ ਹੋ ਗਈ। ਇਹ ਕਿਵੇਂ ਵਾਪਰਦਾ ਹੈ? ਕੀ ਇਹ ਅੰਕੜਿਆਂ ਦੀ ਖੇਡ ਨਹੀਂ ਹੈ?

ਕੇਂਦਰ ਸਰਕਾਰ ਦੀਆਂ ਸਕੀਮਾਂ ਕਹਿਣ ਲਈ ਤਾਂ ਕਿਸਾਨ ਹਿਤੈਸ਼ੀ ਹਨ, ਪਰ ਕਈ ਹਾਲਤਾਂ 'ਚ ਇਹ ਕਿਸਾਨਾਂ ਦੀ ਲੁੱਟ ਦਾ ਸਾਧਨ ਬਣੀਆਂ। ਉਦਾਹਰਨ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਹੈ। ਭਾਵੇਂ ਕਿ ਇਸ ਸਕੀਮ ਨੂੰ ਕਈ ਸੂਬਾ ਸਰਕਾਰਾਂ ਨੇ ਪ੍ਰਵਾਨ ਨਹੀ ਕੀਤਾ ਅਤੇ ਆਪਣੇ ਸੂਬਿਆਂ 'ਚ ਲਾਗੂ ਨਹੀਂ ਕੀਤਾ, ਪਰ ਜਿਥੇ ਲਾਗੂ ਕੀਤਾ ਗਿਆ, ਉਥੇ ਭਾਰੀ ਭਰਕਮ ਬੀਮਾ ਦੇਣ ਬਾਅਦ, ਜਦੋਂ ਫ਼ਸਲਾਂ ਦੇ ਖਰਾਬ ਹੋਣ 'ਤੇ ਕਲੇਮ ਪੇਸ਼ ਕੀਤੇ, ਤਾਂ 2019-20 ਵਿੱਚ ਇਹ 87 ਫ਼ੀਸਦੀ ਕਲੇਮ ਮਿਲੇ, ਜਦਕਿ 2023-24 'ਚ ਇਹ ਕਲੇਮ 56 ਫ਼ੀਸਦੀ ਪਾਸ ਕੀਤੇ ਗਏ, ਕਿਉਂਕਿ ਪ੍ਰਾਈਵੇਟ ਬੀਮਾ ਕੰਪਨੀਆਂ ਨੂੰ ਇਸ ਬੀਮਾ 'ਚ ਸ਼ਾਮਿਲ ਕਰਨ ਦੀ ਮਨਜ਼ੂਰੀ ਮੌਜੂਦਾ ਸਰਕਾਰ ਵੱਲੋਂ ਦੇ ਦਿੱਤੀ ਗਈ। ਇੰਜ ਇਹ ਯੋਜਨਾ ਅਸਲ 'ਚ ਜਬਰਨ ਵਸੂਲੀ ਯੋਜਨਾ ਬਣ ਗਈ, ਜਿਸ ਨਾਲ ਕਿਸਾਨਾਂ ਨੂੰ ਫ਼ਾਇਦਾ ਘੱਟ, ਪਰ ਨੁਕਸਾਨ ਵੱਧ ਹੋ ਰਿਹਾ ਹੈ।

ਮਗਨਰੇਗਾ ਵਰਗੀ ਮਹੱਤਵਪੂਰਨ ਸਮਾਜਿਕ ਸੁਰੱਖਿਆ ਯੋਜਨਾ ਦਾ ਮੌਜੂਦਾ ਸਰਕਾਰ ਨੇ ਲੱਕ ਤੋੜ ਕੇ ਰੱਖ ਦਿੱਤਾ ਹੈ। 1.5 ਕਰੋੜ ਤੋਂ ਜ਼ਿਆਦਾ ਜੌਬ ਕਾਰਡ ਰੱਦ ਕਰ ਦਿੱਤੇ ਗਏ ਹਨ। ਕੰਮ ਜਿਹੜਾ ਪ੍ਰਤੀ 100 ਦਿਨਾਂ ਲਈ ਦੇਣਾ ਸੀ, ਉਹ ਮਸਾਂ 51 ਦਿਨ ਤੱਕ ਦਿੱਤਾ ਜਾ ਸਕਿਆ। ਇਸ ਵਿੱਚ ਛੋਟੇ ਕਿਸਾਨਾਂ ਨੂੰ ਕੁਝ ਦਿਨਾਂ ਦਾ ਰੁਜ਼ਗਾਰ ਮਿਲਦਾ ਸੀ, ਹੁਣ ਇਹ ਪੇਂਡੂ ਖੇਤਰ ਵਾਲੀ ਵਿਸ਼ੇਸ਼ ਯੋਜਨਾ ਪੈਸਿਆਂ ਦੀ ਘਾਟ ਵਾਲੀ ਯੋਜਨਾ ਬਣ ਕੇ ਰਹਿ ਗਈ ਹੈ। ਮੌਜੂਦਾ ਸਰਕਾਰ 'ਕਿਸਾਨ ਵਿਰੋਧੀ ਸਰਕਾਰ' ਵਜੋਂ ਜਾਣੀ ਜਾਣ ਲੱਗ ਪਈ ਹੈ, ਕਿਉਂਕਿ ਉਸ ਦਾ ਦੇਸ਼ ਦੇ ਮਹੱਤਵਪੂਰਨ ਵਰਗ ਕਿਸਾਨਾਂ ਦੀ ਭਲਾਈ ਵੱਲ ਓਨਾ ਧਿਆਨ ਨਹੀਂ, ਜਿਤਨਾ ਧਿਆਨ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਵਾਲੇ ਇਸ ਵਰਗ ਨੂੰ ਦਿੱਤੇ ਜਾਣ ਦੀ ਲੋੜ ਹੈ। ਉਲਟਾ ਕਿਸਾਨ ਵਿਰੋਧੀ ਸਰਕਾਰੀ ਸੋਚ ਉਸ ਵੇਲੇ ਵੇਖਣ ਨੂੰ ਮਿਲੀ, ਜਦੋਂ ਕਿਸਾਨਾਂ ਵਿਰੋਧੀ ਤਿੰਨ ਕਾਲੇ ਕਾਨੂੰਨ ਪਾਸ ਕਰ ਦਿੱਤੇ ਗਏ, ਜਿਸ ਵਿੱਚ ਕਿਸਾਨਾਂ ਦੀ ਜ਼ਮੀਨ ਖੋਹੇ ਜਾਣ ਦੀ ਸਾਜ਼ਿਸ਼ ਦੀ ਝਲਕ ਸਪਸ਼ਟ ਨਜ਼ਰੀ ਪੈਂਦੀ ਸੀ।

ਦੇਸ਼ ਦੀ ਕੁੱਲ ਕਾਮਾ ਗਿਣਤੀ ਵਿੱਚ 45.76 ਫ਼ੀਸਦੀ ਕਾਮੇ ਕਿਸਾਨ ਹਨ, ਜਿਹੜੇ ਖੇਤੀ ਖੇਤਰ ਅਤੇ ਖੇਤੀ ਨਾਲ ਸੰਬੰਧਤ ਧੰਦਿਆਂ 'ਚ ਲੱਗੇ ਹੋਏ ਹਨ। ਇਹਨਾਂ ਕਿਸਾਨਾਂ ਵਿੱਚੋਂ 86 ਫ਼ੀਸਦੀ ਕਿਸਾਨ ਛੋਟੇ ਅਤੇ ਛੋਟੇ ਮੱਧ ਵਰਗੀ ਕਿਸਾਨ ਹਨ, ਜਿਹਨਾਂ ਕੋਲ ਇੱਕ ਹੈਕਟੇਅਰ (2.5 ਏਕੜ) ਜ਼ਮੀਨ ਤੋਂ ਵੀ ਘੱਟ ਦੀ ਮਾਲਕੀ ਹੈ। 'ਇਸੇ ਕਰਕੇ ਦੇਸ਼ 'ਚ ਬਹੁਤੇ ਕਿਸਾਨ ਗਰੀਬੀ ਰੇਖਾ ਤੋਂ ਹੇਠ ਰਹਿੰਦੇ ਹਨ। ਵੱਡੀ ਮਿਹਨਤ ਕਰਨ ਦੇ ਬਾਵਜੂਦ ਫਸਲਾਂ ਲਈ ਪੂਰੀ ਕੀਮਤ ਨਾ ਮਿਲਣਾ ਇੱਕ ਕਾਰਨ ਹੈ। ਬੀਜਾਂ, ਖਾਦਾਂ ਦੀ ਵਧਦੀ ਕੀਮਤ, ਪਾਣੀ ਦੀ ਘਾਟ, ਬੇਮੌਸਮੀ ਬਰਸਾਤ ਅਤੇ ਕਈ ਹੋਰ ਕਾਰਨਾਂ ਕਰਕੇ ਕਿਸਾਨ ਘਾਟੇ ਦੀ ਖੇਤੀ ਕਰਨ 'ਤੇ ਮਜਬੂਰ ਹੈ। ਖੇਤੀ ਲਈ ਪੂਰਾ ਪਰਵਾਰ ਮਿਹਨਤ ਕਰਦਾ ਹੈ, ਪਰ ਉਸ ਦੀ ਮਜ਼ਦੂਰੀ ਤੱਕ ਵੀ ਉਸ ਨੂੰ ਨਹੀਂ ਮਿਲਦੀ। ਕਿਸਾਨ ਜਥੇਬੰਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਅਤੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਦੀਆਂ ਹਨ, ਜਿਸ ਅਧੀਨ ਉਹਨਾਂ ਨੂੰ ਫ਼ਸਲ ਉਤੇ ਲਾਗਤ ਉਪਰ 50 ਫ਼ੀਸਦੀ ਮਜ਼ਦੂਰੀ ਦਿੱਤੇ ਜਾਣ ਦਾ ਪ੍ਰਾਵਧਾਨ ਹੈ, ਪਰ ਸਰਕਾਰ ਵੱਲੋਂ ਇਸ ਜਾਇਜ਼ ਮੰਗ ਵੱਲ 'ਤੱਕਿਆ' ਵੀ ਨਹੀਂ ਜਾ ਰਿਹਾ। ਇਹੋ ਜਿਹੇ ਹਾਲਾਤ ਵਿੱਚ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਦੀ ਗੁੰਜਾਇਸ਼ ਹੀ ਨਹੀਂ ਬਚਦੀ। ਇਹ ਹਾਲਾਤ ਚੁਣੌਤੀਪੂਰਨ ਹਨ।

ਪ੍ਰਧਾਨ ਮੰਤਰੀ ਦੀ ਇੱਕ ਯੋਜਨਾ ਤਹਿਤ ਸਰਕਾਰ ਨੇ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਸੀਮਾ 5 ਲੱਖ ਰੁਪਏ ਕਰ ਦਿੱਤੀ ਹੈ, ਕਿਸਾਨਾਂ ਨੂੰ ਆਤਮ-ਨਿਰਭਰਤਾ ਵਧਾਉਣ ਲਈ ਦਾਲਾਂ ਅਤੇ ਕਪਾਹ ਦੀ ਖੇਤੀ ਵੱਲ ਪ੍ਰੇਰਿਤ ਕਰਨ ਦਾ ਯਤਨ ਹੋ ਰਿਹਾ ਹੈ, ਪਰ ਛੋਟੇ ਤੇ ਛੋਟੇ ਮੱਧ ਵਰਗੀ ਕਿਸਾਨਾਂ ਦੇ ਹਾਲਤ ਸੁਧਾਰ ਨਹੀਂ ਰਹੇ। ਕਿਸਾਨ ਦੀ ਸਥਿਤੀ ਵਿਸ਼ਵ ਦੇ ਕਿਸਾਨਾਂ ਦੀ ਸਥਿਤੀ ਨਾਲੋਂ ਅਤਿਅੰਤ ਕਮਜ਼ੋਰ ਹੈ, ਕਿਉਂਕਿ ਆਮ ਕਿਸਾਨ ਦੀ ਪਹੁੰਚ 'ਚ ਨਾ ਤਾਂ ਆਧੁਨਿਕ ਸੰਦ ਹਨ ਅਤੇ ਨਾ ਹੀ ਮੰਡੀ ਤੱਕ ਜਾਇਜ਼ ਪਹੁੰਚ, ਜਿਸ ਕਾਰਨ ਉਹ ਬੁਰੀ ਤਰ੍ਹਾਂ ਲੁੱਟਿਆ ਜਾ ਰਿਹਾ ਹੈ।

ਆੜ੍ਹਤੀਆਂ ਵੱਲੋਂ ਕਿਸਾਨ ਦੀ ਆਪਣੀ ਫ਼ਸਲ ਲਈ ਵੱਡੇ ਵਿਆਜ 'ਤੇ ਕਰਜ਼ਾ ਲੈਣ ਤੋਂ ਸ਼ੁਰੂ ਹੋਈ ਲੁੱਟ ਮੰਡੀ ਤੱਕ ਪਹੁੰਚਦਿਆਂ ਹੋਰ ਵੀ ਵਧਦੀ ਹੈ, ਜਿਥੇ ਉਸ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕੋਈ ਕਾਨੂੰਨੀ ਗਰੰਟੀ ਨਹੀਂ। ਉਹ ਫਸਲਾਂ, ਸਬਜ਼ੀਆਂ, ਫਲ, ਜੋ ਉਹ ਆਪਣੇ ਖੇਤ ਵਿੱਚ ਮਿਹਨਤ ਨਾਲ ਉਗਾਉਂਦਾ ਹੈ, ਉਹਨਾ ਫ਼ਸਲਾਂ ਵੱਟੇ ਉਸ ਨੂੰ ਮਿਲਦੀ ਰਾਸ਼ੀ ਕਈ ਵੇਰ ਏਨੀ ਘੱਟ ਹੁੰਦੀ ਹੈ ਕਿ ਉਸ ਨੂੰ ਆਲੂ, ਟਮਾਟਰਾਂ ਵਰਗੀਆਂ ਸਬਜ਼ੀਆਂ ਦੇ ਢੇਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ। ਆਰਥਕ ਸਥਿਤੀ ਇਹ ਬਣਦੀ ਹੈ ਕਿ ਉਸ ਨੂੰ ਆਪਣੀ ਜੀਵਨ-ਲੀਲ੍ਹਾ ਖ਼ਤਮ ਕਰਨ ਦੇ ਹਾਲਾਤ ਤੱਕ ਬਣ ਜਾਂਦੇ ਹਨ। ਕਿਸਾਨਾਂ ਦੀ ਖ਼ੁਦਕੁਸ਼ੀ ਦੀਆਂ ਨਿੱਤ ਪ੍ਰਤੀ ਦੀਆਂ ਖ਼ਬਰਾਂ ਦੂਜੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ, ਜੋ ਘਰੇਲੂ ਹਾਲਤਾਂ ਅਤੇ ਮਾੜੀ ਆਰਥਿਕ ਹਾਲਾਤ ਕਾਰਨ ਪਹਿਲਾਂ ਹੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ।

ਕਿਸਾਨ ਦੀ ਜ਼ਿੰਦਗੀ ਜ਼ਮੀਨ, ਮੌਸਮ ਅਤੇ ਰੁੱਤਾਂ ਦੁਆਲੇ ਘੁੰਮਦੀ ਹੈ। ਉਹ ਕੁਦਰਤ ਨਾਲ ਹਰ ਪਲ ਵਾ-ਬਾਸਤਾ ਹੈ, ਕਿਉਂਕਿ ਉਹ ਹੀ ਉਸ ਨੂੰ ਖ਼ੁਸ਼ੀਆਂ ਦਿੰਦੀ ਹੈ ਅਤੇ ਉਹ ਹੀ ਉਹਦਾ ਜੀਵਨ ਜੀਊਣਾ ਦੁੱਭਰ ਕਰਦੀ ਹੈ। ਖੇਤੀ ਨਾਲ ਜਦੋਂ ਤੋਂ ਖਾਦਾਂ, ਕੀਟਨਾਸ਼ਕਾਂ, ਰਾਹੀ ਖਿਲਵਾੜ ਸ਼ੁਰੂ ਹੋਇਆ ਹੈ, ਕਿਸਾਨ ਦੀ ਜ਼ਿੰਦਗੀ ਹੋਰ ਵੀ ਔਖੀ ਤੇ ਚੁਣੌਤੀਆਂ ਭਰਪੂਰ ਹੋਈ ਹੈ। ਧਰਤੀ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਪਾਣੀ ਦੀ ਘਾਟ ਕਾਰਨ ਬੰਜਰ ਬਣਦੀ ਜਾ ਰਹੀ ਹੈ ਅਤੇ ਖੇਤੀ ਯੋਗ ਜ਼ਮੀਨ ਘੱਟ ਰਹੀ ਹੈ।

ਭਾਰਤ ਵਿਸ਼ਵ ਦੇ ਤਿੰਨ ਇਹੋ ਜਿਹੇ ਦੇਸ਼ਾਂ 'ਚ ਸ਼ਾਮਲ ਹੈ, ਜਿਥੇ ਕਿਸਾਨ ਕਣਕ, ਚਾਵਲ, ਦਾਲਾਂ, ਫਲ, ਕਪਾਹ ਪੈਦਾ ਕਰਦੇ ਹਨ। ਇਥੇ ਪ੍ਰਤੀ ਹੈਕਟੇਅਰ ਫ਼ਸਲਾਂ ਦੀ ਪੈਦਾਵਾਰ ਵਿਸ਼ਵ ਪੱਧਰ 'ਤੇ ਘੱਟ ਹੈ, ਹਾਲਾਂਕਿ ਭਾਰਤ ਚੰਗੀ ਉਪਜਾਊ ਧਰਤੀ ਲਈ ਜਾਣਿਆ ਜਾਂਦਾ ਹੈ।

ਐਡੀ ਵੱਡੀ ਆਬਾਦੀ ਲਈ, ਜੋ ਵਿਸ਼ਵ ਦੀ ਗਿਣਤੀ ਵਿੱਚ ਪਹਿਲੇ ਨੰਬਰ ਦੀ ਆਬਾਦੀ ਹੈ, ਭਾਰਤ ਦਾ ਕਿਸਾਨ ਖ਼ੁਰਾਕ ਪੈਦਾ ਕਰਦਾ ਹੈ, ਪਰ ਆਪ ਭੁੱਖਿਆਂ ਸੌਂਦਾ ਹੈ ਅਤੇ ਭੈੜੀਆਂ ਸਥਿਤੀਆਂ 'ਚ ਜੀਵਨ ਬਸਰ ਕਰਦਾ ਹੈ। ਸਰਕਾਰ ਦੀ ਕਿਸਾਨਾਂ ਪ੍ਰਤੀ ਬੇਰੁਖੀ ਰੜਕਦੀ ਹੈ। ਸੰਘਰਸ਼ਮਈ ਕਿਸਾਨ ਜ਼ਿੰਦਗੀ, ਲੋੜਾਂ ਅਤੇ ਥੋੜ੍ਹਾਂ ਕਾਰਨ ਕਈ ਹਾਲਾਤ 'ਚ ਕਰੁਣਾਮਈ ਬਣ ਜਾਂਦੀ ਹੈ, ਜਦੋਂ ਉਸ ਦੇ ਪਰਵਾਰ ਨੂੰ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ ਰਹਿੰਦੀ ਹੈ।

ਸਮੁੱਚੇ ਦੇਸ਼ ਵਿੱਚ ਕਿਸਾਨ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦਿਆਂ ਸੰਘਰਸ਼ ਕਰ ਰਹੇ ਹਨ। ਉਹਨਾ ਦੇ ਹਾਲਾਤ ਸੁਧਾਰਨ ਲਈ ਬੁਨਿਆਦੀ ਢਾਂਚੇ ਦੇ ਪਸਾਰੇ ਲਈ ਅਤੇ ਪਾਣੀ-ਪ੍ਰਬੰਧਨ ਅਤੇ ਸਿੰਚਾਈ ਯੋਜਨਾਵਾਂ ਦੇ ਸੁਧਾਰ ਦੀ ਤਾਂ ਲੋੜ ਹੈ ਹੀ, ਉਸਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਸਮਾਜਿਕ ਸੁਰੱਖਿਆ ਦੇਣਾ ਵੀ ਜ਼ਰੂਰੀ ਹੈ।

# ਸੰਪਰਕ : 98158-02070

# ਪੜ੍ਹਾਈ ਤੇ ਨੌਕਰੀ 'ਚ ਸੰਤੁਲਨ ਅਸੰਭਵ

ਡਾ. ਹਰਗੁਣਪ੍ਰੀਤ ਸਿੰਘ

ਵਿਦਿਆਰਥੀ ਜੀਵਨ ਦਾ ਸਮਾਂ ਹਰ ਮਨੁੱਖ ਦੀ ਜ਼ਿੰਦਗੀ ਦਾ ਸਭ ਤੋਂ ਸੁਹਾਵਣਾ, ਜੋਸ਼ ਭਰਿਆ ਅਤੇ ਯਾਦਗਾਰੀ ਸਮਾਂ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਮਨੁੱਖ ਪੂਰੀ ਤਰ੍ਹਾਂ ਨਾਲ ਸਿੱਖਣ, ਵਿਗਸਣ ਅਤੇ ਆਪਣੇ ਸੁਪਨੇ ਸਿਰਜਣ ਵਿੱਚ ਰੁੱਝਿਆ ਹੁੰਦਾ ਹੈ, ਪਰ ਅਜੋਕੇ ਪੂੰਜੀਵਾਦੀ ਅਤੇ ਮੁਕਾਬਲੇ ਦੇ ਯੁੱਗ ਵਿੱਚ ਇਹ ਆਮ ਦੇਖਣ ਨੂੰ ਮਿਲਦਾ ਹੈ ਕਿ ਬਹੁਤ ਸਾਰੇ ਦਸਵੀਂ ਅਤੇ ਬਾਰ੍ਹਵੀਂ ਪਾਸ ਵਿਦਿਆਰਥੀ ਵੀ ਉਚੇਰੀ ਵਿੱਦਿਆ ਦੀ ਪ੍ਰਾਪਤੀ ਕਰਨ ਨਾਲੋਂ ਨੌਕਰੀ ਪ੍ਰਾਪਤ ਕਰਨ ਨੂੰ ਵੱਧ ਤਰਜੀਹ ਦਿੰਦੇ ਹਨ। ਇਸ ਤੋਂ ਇਲਾਵਾ ਕੁਝ ਵਿਦਿਆਰਥੀ ਕਾਲਜਾਂ-ਯੂਨੀਵਰਸਿਟੀਆਂ ਵਿੱਚ ਦਾਖਲਾ ਤਾਂ ਕਰਵਾਉਣਾ ਚਾਹੁੰਦੇ ਹਨ, ਪਰ ਉਨ੍ਹਾਂ ਦੇ ਮਨ ਵਿੱਚ ਨੌਕਰੀ ਪ੍ਰਾਪਤੀ ਦੀ ਰੁਚੀ ਬਹੁਤ ਜ਼ਿਆਦਾ ਹੋਣ ਕਾਰਨ ਉਹ ਪੂਰੀ ਦਿਲਚਸਪੀ ਨਾਲ ਆਪਣੀ ਪੜ੍ਹਾਈ ਨਹੀਂ ਕਰਨਾ ਚਾਹੁੰਦੇ।

ਕਈ ਵਾਰ ਵਿਦਿਆਰਥੀਆਂ ਲਈ ਪੜ੍ਹਾਈ ਦੇ ਨਾਲ-ਨਾਲ ਨੌਕਰੀ ਕਰਨਾ ਇੱਕ ਆਰਥਿਕ ਜਾਂ ਪਰਿਵਾਰਕ ਮਜਬੂਰੀ ਹੋ ਸਕਦੀ ਹੈ, ਕਿਉਂਕਿ ਘਰੇਲੂ ਹਾਲਾਤ, ਵਿੱਤੀ ਲੋੜਾਂ ਜਾਂ ਕਿਸੇ ਆਪਣੇ ਦੀ ਸਹਾਇਤਾ ਕਰਨ ਲਈ ਉਨ੍ਹਾਂ ਨੂੰ ਨੌਕਰੀ ਕਰਨੀ ਪੈਂਦੀ ਹੈ। ਚਿੰਤਾ ਅਤੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਬਹੁਤ ਪੜ੍ਹੇ-ਲਿਖੇ ਪਰਵਾਰਾਂ ਦੇ ਵਿਦਿਆਰਥੀ ਵੀ ਦੇਖਾ-ਦੇਖੀ ਛੋਟੀਆਂ-ਮੋਟੀਆਂ ਨੌਕਰੀਆਂ ਪਿੱਛੇ ਭੱਜ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਜਲਦੀ ਪੈਸਾ ਕਮਾਉਣਾ ਹੀ ਅਸਲ ਕਾਮਯਾਬੀ ਹੁੰਦੀ ਹੈ। ਇਹ ਸੋਚ ਪੜ੍ਹਾਈ ਦੀ ਅਹਿਮੀਅਤ ਨੂੰ ਪਿੱਛੇ ਧੱਕ ਦਿੰਦੀ ਹੈ ਅਤੇ ਨੌਕਰੀ ਦੀ ਲਾਲਸਾ ਕਈ ਵਾਰ ਅਧੂਰੀ ਸਿੱਖਿਆ, ਤਣਾਅ ਅਤੇ ਆਉਣ ਵਾਲੇ ਸਮੇਂ ਵਿੱਚ ਸੀਮਤ ਵਿਕਲਪਾਂ ਦਾ ਕਾਰਨ ਬਣ ਜਾਂਦੀ ਹੈ।

ਜੇ ਨਿਰਪੱਖਤਾ ਨਾਲ ਸੋਚਿਆ ਜਾਵੇ ਤਾਂ ਪੜ੍ਹਾਈ ਅਤੇ ਨੌਕਰੀ ਦਾ ਆਪਸ ਵਿੱਚ ਕੋਈ ਮੇਲ ਨਹੀਂ ਹੁੰਦਾ, ਭਾਵ ਇਕੋ ਸਮੇਂ ਇਨ੍ਹਾਂ ਦੋਨਾਂ ਵਿਚੋਂ ਕੋਈ ਇੱਕ ਕੰਮ ਹੀ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਕੀਤਾ ਜਾ ਸਕਦਾ ਹੈ। ਇਸ ਲਈ ਬਿਨਾਂ ਕਿਸੇ ਦੇ ਪਿੱਛੇ ਲੱਗਿਆਂ ਵਿਦਿਆਰਥੀਆਂ ਨੂੰ ਪਹਿਲਾਂ ਚੰਗੀ ਤਰ੍ਹਾਂ ਨਾਲ ਆਪਣਾ ਅਕਾਦਮਿਕ ਗਿਆਨ ਪ੍ਰਾਪਤ ਕਰ ਲੈਣਾ ਚਾਹੀਦਾ ਹੈ, ਕਿਉਂਕਿ ਵਿਦਿਆਰਥੀ ਜੀਵਨ ਦੀ ਆਜ਼ਾਦੀ, ਬੇਫ਼ਿਕਰੀ ਅਤੇ ਬੇਪਰਵਾਹੀ ਦਾ ਆਨੰਦ ਲੈਣ ਦਾ ਵੀ ਇਕ ਸੀਮਤ ਸਮਾਂ ਹੁੰਦਾ ਹੈ, ਜੋ ਕਦੇ ਦੁਬਾਰਾ ਨਹੀਂ ਆਉਂਦਾ।

ਇਹ ਵੀ ਆਮ ਦੇਖਣ ਨੂੰ ਮਿਲਦਾ ਹੈ ਕਿ ਕਈ ਵਿਦਿਆਰਥੀ ਨੌਕਰੀ ਦੀ ਚਿੰਤਾ ਕਰਕੇ ਆਪਣੀ ਪੜ੍ਹਾਈ 'ਤੇ ਬਣਦਾ ਧਿਆਨ ਨਹੀਂ ਦੇ ਪਾਉਂਦੇ, ਜਿਸ ਕਰਕੇ ਨਾ ਤਾਂ ਉਹ ਆਪਣੀ ਪੜ੍ਹਾਈ ਚੰਗੀ ਤਰ੍ਹਾਂ ਨਾਲ ਕਰ ਪਾਉਂਦੇ ਹਨ ਅਤੇ ਨਾ ਹੀ ਚੰਗੀ ਨੌਕਰੀ ਹਾਸਲ ਕਰ ਪਾਉਂਦੇ ਹਨ। ਪੜ੍ਹਾਈ ਅਤੇ ਨੌਕਰੀ ਵਿਚਕਾਰ ਸੰਤੁਲਨ ਬਣਾਉਣਾ ਸੌਖਾ ਕੰਮ ਨਹੀਂ ਹੁੰਦਾ, ਕਿਉਂਕਿ ਇੱਕ ਪਾਸੇ ਜਿੱਥੇ ਵਿਦਿਆਰਥੀ ਨੂੰ ਪੜ੍ਹਾਈ ਦੌਰਾਨ ਆਪਣੀ ਹਾਜ਼ਰੀ ਪੂਰੀ ਕਰਨ, ਪ੍ਰੀਖਿਆਵਾਂ ਦੇਣ, ਅਸਾਈਨਮੈਂਟਾਂ ਬਣਾਉਣ ਅਤੇ ਪ੍ਰੈਕਟੀਕਲ ਗਿਆਨ ਹਾਸਲ ਕਰਨ ਦੀ ਜ਼ਰੂਰਤ ਹੁੰਦੀ ਹੈ, ਉਥੇ ਦੂਸਰੇ ਪਾਸੇ ਨੌਕਰੀ ਦੀਆਂ ਆਪਣੀਆਂ ਜ਼ਿੰਮੇਵਾਰੀਆਂ, ਟੀਚੇ ਅਤੇ ਕੰਮ ਦੇ ਨਿਸਚਿਤ ਘੰਟੇ ਹੁੰਦੇ ਹਨ, ਜੋ ਸਭ ਮਿਲ ਕੇ ਵਿਦਿਆਰਥੀ ਦੇ ਜੀਵਨ ਨੂੰ ਥਕਾਵਟ ਭਰਿਆ ਅਤੇ ਤਣਾਅਪੂਰਨ ਬਣਾ ਦਿੰਦੇ ਹਨ।

ਇਸ ਲਈ ਵਿਦਿਆਰਥੀਆਂ ਨੂੰ ਵਿਦਿਆਰਥੀ ਜੀਵਨ ਦੌਰਾਨ ਪਹਿਲਾਂ ਆਪਣੇ ਵਿੱਦਿਅਕ ਗਿਆਨ ਨੂੰ ਗੰਭੀਰਤਾ ਨਾਲ ਪ੍ਰਾਪਤ ਕਰਨ, ਨਵੇਂ ਤਜਰਬੇ ਹਾਸਲ ਕਰਨ, ਨਵੇਂ ਵਿਚਾਰ ਸੋਚਣ ਦੀ ਸਮਰੱਥਾ ਪੈਦਾ ਕਰਨ, ਨੈਤਿਕ ਕਦਰਾਂ-ਕੀਮਤਾਂ ਸਿੱਖਣ ਅਤੇ ਆਪਣੇ ਵਿੱਚ ਵਿਹਾਰਕ ਹੁਨਰ ਪੈਦਾ ਕਰਨ 'ਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਪੜ੍ਹਾਈ ਦੇ ਸਮੇਂ ਦੌਰਾਨ ਵਿਦਿਆਰਥੀ ਕੋਲ ਸਿੱਖਣ ਦੀ ਏਨੀ ਆਜ਼ਾਦੀ ਹੁੰਦੀ ਹੈ ਕਿ ਉਹ ਆਪਣੇ ਮਨਪਸੰਦ ਵਿਸ਼ਿਆਂ ਨੂੰ ਪੂਰੀ ਦਿਲਚਸਪੀ ਨਾਲ ਪੜ੍ਹ ਸਕਦਾ ਹੈ, ਖੋਜ ਕਰ ਸਕਦਾ ਹੈ ਅਤੇ ਆਪਣੇ ਅਧਿਆਪਕ ਤੇ ਸਹਿਪਾਠੀਆਂ ਦੀ ਉਸਾਰੂ ਸੰਗਤ ਵਿੱਚ ਆਪਣੇ ਸਮੁੱਚੇ ਵਿਅਕਤਿਤਵ ਦਾ ਵਿਕਾਸ ਕਰ ਸਕਦਾ ਹੈ।

ਇਸ ਦੇ ਉਲਟ ਨੌਕਰੀ ਮਨੁੱਖ ਨੂੰ ਪੂਰੀ ਤਰ੍ਹਾਂ ਨਾਲ ਬੰਨ੍ਹ ਕੇ ਰੱਖ ਲੈਂਦੀ ਹੈ, ਜੋ ਏਨੀ ਜ਼ਿੰਮੇਵਾਰੀ ਭਰੀ ਅਤੇ ਮਨੋਵਿਗਿਆਨਕ ਦਬਾਅ ਵਾਲੀ ਹੁੰਦੀ ਹੈ ਕਿ ਵਿਦਿਆਰਥੀਆਂ ਦੁਆਰਾ ਨੌਕਰੀ ਨਾਲ ਪੜ੍ਹਾਈ ਕਰਨਾ ਅਸੰਭਵ ਕਾਰਜ ਹੋ ਜਾਂਦਾ ਹੈ ਅਤੇ ਨੀਂਦ ਦੀ ਘਾਟ, ਸਮੇਂ ਦੀ ਕਮੀ ਅਤੇ ਥਕਾਵਟ ਵੀ ਉਨ੍ਹਾਂ ਦੀ ਪੜ੍ਹਨ, ਲਿਖਣ ਅਤੇ ਯਾਦ ਰੱਖਣ ਦੀ ਸਮਰੱਥਾ ਨੂੰ ਹੋਰ ਘਟਾ ਦਿੰਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਵਿਦਿਆਰਥੀ ਜੀਵਨ ਨੂੰ ਬਿਨਾਂ ਕਿਸੇ ਵਾਧੂ ਦਬਾਅ ਤੋਂ ਪੂਰੀ ਤਰ੍ਹਾਂ ਨਾਲ ਜੀਵਿਆ ਜਾਵੇ, ਕਿਉਂਕਿ ਪੜ੍ਹਾਈ 'ਤੇ ਧਿਆਨ ਕੇਂਦਰਤ ਕਰਨਾ, ਆਪਣੇ ਮਨ ਨੂੰ ਸੰਤੁਲਿਤ ਰੱਖਣਾ ਅਤੇ ਆਪਣੇ ਸੁਪਨਿਆਂ ਦਾ ਪਿੱਛਾ ਕਰਨਾ ਹੀ ਵਿਦਿਆਰਥੀ ਜੀਵਨ ਦੀ ਸਫ਼ਲਤਾ ਦੀ ਕੁੰਜੀ ਹੈ।

ਭਾਵੇਂ ਪੜ੍ਹਾਈ ਅਤੇ ਨੌਕਰੀ ਦੋਵੇਂ ਹੀ ਜੀਵਨ ਦੇ ਮਹੱਤਵਪੂਰਨ ਅੰਗ ਹਨ, ਪਰ ਉਨ੍ਹਾਂ ਦੀ ਤਰਜੀਹ ਸਹੀ ਸਮੇਂ ਅਨੁਸਾਰ ਹੋਣੀ ਚਾਹੀਦੀ ਹੈ। ਸਾਡੀ ਜ਼ਿੰਦਗੀ ਦੇ ਹਰ ਪੜਾਅ ਦੀ ਆਪਣੀ ਮਹੱਤਤਾ ਹੈ, ਪਰ ਅਸਲ ਖੁਸ਼ੀ ਅਤੇ ਸਫ਼ਲਤਾ ਉਸ ਵਿਅਕਤੀ ਨੂੰ ਹੀ ਮਿਲ ਸਕਦੀ ਹੈ, ਜੋ ਹਰ ਪੜਾਅ ਨੂੰ ਉਸ ਦਾ ਬਣਦਾ ਯੋਗ ਸਮਾਂ ਦੇ ਪਾਉਂਦਾ ਹੈ। ਇਸ ਮਾਹੌਲ ਵਿੱਚ ਮਾਪਿਆਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ, ਜਿਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਨਾ ਸਿਰਫ਼ ਵਿਦਿਆਰਥੀ ਜੀਵਨ ਦੇ ਸਮੇਂ ਦੇ ਮਹੱਤਵ ਬਾਰੇ ਸਮਝਾਉਣ, ਬਲਕਿ ਉਨ੍ਹਾਂ 'ਤੇ ਜਲਦੀ ਨੌਕਰੀ ਕਰਨ ਦਾ ਬੇਲੋੜਾ ਬੋਝ ਨਾ ਪਾਉਂਦੇ ਹੋਏ ਉਨ੍ਹਾਂ ਨੂੰ ਪਹਿਲਾਂ ਆਪਣੇ ਵਿਦਿਆਰਥੀ ਜੀਵਨ ਦਾ ਸਦਉਪਯੋਗ ਕਰਨ ਲਈ ਉਤਸ਼ਾਹਤ ਕਰਨ।

ਸਾਨੂੰ ਹਮੇਸ਼ਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੜ੍ਹਾਈ ਇੱਕ ਨਿਵੇਸ਼ ਵਾਂਗ ਹੁੰਦੀ ਹੈ ਜਿਸ ਦੇ ਨਤੀਜੇ ਭਾਵੇਂ ਤੁਰੰਤ ਨਾ ਮਿਲਣ, ਪਰ ਜ਼ਿੰਦਗੀ ਦੀ ਲੰਮੀ ਦੌੜ ਵਿੱਚ ਵਿਦਿਆਰਥੀ ਜੀਵਨ ਦੌਰਾਨ ਹਾਸਲ ਕੀਤੀ ਸਿੱਖਿਆ ਸਾਡੇ ਜੀਵਨ ਨੂੰ ਜ਼ਰੂਰ ਸੁੰਦਰ, ਸਥਿਰ ਅਤੇ ਸਫ਼ਲ ਬਣਾਉਂਦੀ ਹੈ।

ਸੰਪਰਕ : 94636-19353

# ਇਸਰਾਈਲ-ਅਮਰੀਕਾ ਵੱਲੋਂ ਕੀਤੇ ਹਮਲੇ ਦਾ ਪ੍ਰਚੰਡ ਈਰਾਨੀ ਜਵਾਬ


ਡਾ. ਸੁਰਿੰਦਰ ਮੰਡ (ਪ੍ਰੋਫੈਸਰ)

24 ਜੂਨ ਸਵੇਰ ਦੀ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਈਰਾਨ-ਇਸਰਾਈਲ ਦਰਮਿਆਨ ਸੀਜ਼ਫਾਇਰ ਕਰਵਾ ਦੇਣ ਵਾਲੀ ਖ਼ਬਰ ਨੂੰ ਅੱਗੇ ਵਿਚਾਰਾਂਗੇ। ਪਹਿਲਾਂ ਪਿਛੋਕੜ ਜਾਣ ਲਈਏ।

ਈਰਾਨ ਜੋ 1980 ਤੋਂ ਸਖ਼ਤ ਅਮਰੀਕੀ ਪਾਬੰਦੀਆਂ ਦੀ ਮਾਰ ਹੇਠ ਹੈ, ਉਸ 'ਤੇ ਪਹਿਲਾਂ 13 ਜੂਨ ਨੂੰ ਇਸਰਾਈਲ ਅਤੇ ਫਿਰ ਅਮਰੀਕਾ ਵੱਲੋਂ ਇਸ ਬਹਾਨੇ ਅਚਨਚੇਤ ਮਾਰੂ ਹਮਲਾ ਕਰ ਦਿੱਤਾ ਗਿਆ ਕਿ ਉਹ ਪ੍ਰਮਾਣੂ ਬੰਬ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸਰਾਈਲ ਨੇ ਈਰਾਨੀ ਫੌਜ ਦੇ ਮੁਖੀ ਤੇ ਕਈ ਜਨਰਲ, ਪ੍ਰਮਾਣੂ ਵਿਗਿਆਨੀ ਘਰਾਂ ਵਿਚ ਸੁੱਤੇ ਕਤਲ ਕਰ ਦਿੱਤੇ। ਉਸ ਦੇ ਤਿੰਨ ਪ੍ਰਮਾਣੂ ਪਲਾਂਟ ਆਪਣੇ ਵੱਲੋਂ ਤਾਂ ਤਬਾਹ ਕਰ ਦਿੱਤੇ ਹਨ। ਹਫ਼ਤਾ ਬਾਅਦ ਫਿਰ ਅਮਰੀਕਾ ਦੇ ਪ੍ਰਮਾਣੂ ਬੰਬਾਰ 2-2 ਵੱਲੋਂ ਪ੍ਰਮਾਣੂ ਸਥਾਨਾਂ 'ਤੇ ਬੰਕਰ ਬਸਟਰ ਬੰਬ ਸੁੱਟੇ ਗਏ।

ਈਰਾਨ ਨੂੰ 'ਗੱਲਬਾਤ ਚੱਲਦੀ ਅਤੇ ਬਸ ਸਮਝੌਤਾ ਹੋ ਈ ਚੱਲਿਆ' ਦੇ ਭੁਲੇਖੇ ਵਿਚ ਲਿਆ ਕੇ ਦੋਵੇਂ ਵਾਰ ਹਮਲੇ ਕੀਤੇ ਗਏ ਹਨ। ਈਰਾਨ ਕਹਿੰਦਾ ਕਿ ਇਹ ਅੱਤਵਾਦੀ ਕਿਸਮ ਦੇ ਹਮਲੇ ਹੀ ਸਨ। ਸਭ ਅੰਤਰਰਾਸ਼ਟਰੀ ਨਿਯਮ ਕਾਨੂੰਨ ਛਿੱਕੇ ਟੰਗ ਦਿੱਤੇ ਗਏ। ਈਰਾਨ ਇਸ ਨੂੰ ਵਿਸ਼ਵਾਸਘਾਤ ਕਹਿ ਰਿਹਾ। ਟਰੰਪ ਅਤੇ ਨੇਤਨਯਾਹੂ ਆਖਦੇ ਰਹੇ ਕਿ ਈਰਾਨ ਦੇ ਲੀਡਰ ਖਾਮਨੇਈ ਨੂੰ ਮਾਰ ਕੇ ਆਪਣੇ ਪੱਖੀ ਸਰਕਾਰ ਬਣਾਉਣਾ ਸਾਡਾ ਅਗਲਾ ਉਦੇਸ਼ ਹੈ।

ਈਰਾਨ ਸਣੇ ਮੱਧ ਪੂਰਬ ਵਿਚ ਚਾਰ ਸਰਕਾਰਾਂ ਸਨ, ਜਿਨ੍ਹਾਂ ਆਪਣੇ ਕੌਮੀ ਹਿੱਤਾਂ ਉੱਤੇ ਪਹਿਰਾ ਦਿੰਦਿਆਂ ਤੇਲ ਦਾ ਕੌਮੀਕਰਨ ਵੀ ਕੀਤਾ ਅਤੇ ਅਮਰੀਕਾ ਪੱਛਮ ਦੀ ਤੇਲ ਕਬਜ਼ੇ ਵਾਲੀ ਈਨ ਨਾ ਮੰਨੀ। ਤਿੰਨਾਂ (ਇਰਾਕ, ਲਿਬੀਆ, ਸੀਰੀਆ) ਨੂੰ ਝੂਠੇ ਬਹਾਨੇ ਲਾ ਕੇ ਖਤਮ ਕਰ ਦਿੱਤਾ ਗਿਆ। ਇਰਾਕ ਬਾਰੇ ਝੂਠਾ ਭੰਡੀ-ਪ੍ਰਚਾਰ ਕਰਕੇ ਹਮਲਾ ਕੀਤਾ ਕਿ ਸੱਦਾਮ ਹੁਸੈਨ ਨੇ ਸਾਰਾ ਸੰਸਾਰ ਤਬਾਹ ਕਰਨ ਜਿੰਨੇ ਰਸਾਇਣਕ ਹਥਿਆਰ ਇਕੱਠੇ ਕਰ ਲਏ ਹਨ, ਲਿਬੀਆ ਦੇ ਕਰਨਲ ਗੱਦਾਫੀ ਅਤੇ ਸੀਰੀਆ ਦੇ ਬਸ਼ਰ ਅਲ ਅਸਦ ਦੀਆਂ ਸਰਕਾਰਾਂ ਨੂੰ ਤਾਨਾਸ਼ਾਹ ਆਖ ਕੇ ਮਾਰਿਆ, ਬਦਲਿਆ ਅਤੇ ਦੇਸ਼ਾਂ ਨੂੰ ਕਦੀ ਨਾ ਖਤਮ ਹੋਣ ਵਾਲੀ ਖਾਨਾਜੰਗੀ ਵਿਚ ਧਕੇਲ ਦਿੱਤਾ। ਤਿੰਨੋਂ ਦੇਸ਼ ਬਰਬਾਦ ਹਨ ਅਤੇ ਉਥੇ ਤੇਲ ਦੀ ਲੁੱਟ ਮਚੀ ਹੈ।

ਹੁਣ ਚੌਥੇ ਈਰਾਨ ਦਾ 'ਨੰਬਰ' ਲਾਇਆ ਗਿਆ ਹੈ। ਈਰਾਨ ਵਿਚ 1953 ਵਿਚ ਚੰਗੀ-ਭਲੀ ਚੁਣੀ ਸਰਕਾਰ ਚੱਲ ਰਹੀ ਸੀ, ਉਹ ਤੇਲ ਦਾ ਰਾਸ਼ਟਰੀਕਰਨ ਕਰਨ ਦੇ ਰਾਹ ਪਈ, ਜੋ ਪੂੰਜੀਵਾਦੀ ਸਾਮਰਾਜ ਦੀ ਸਿੱਧੀ ਨਿੱਜੀ ਲੁੱਟ ਨੂੰ ਵਾਰਾ ਨਹੀਂ ਖਾਂਦਾ। ਉਸ ਦਾ ਅਮਰੀਕਾ ਨੇ ਤਖ਼ਤਾ ਪਲਟ ਕਰਵਾ ਕੇ ਆਪਣੇ ਸ਼ਾਹ ਰਜ਼ਾ ਪਹਿਲਵੀ ਨੂੰ ਰਾਜੇ ਵਜੋਂ ਕਬਜਾ ਕਰਵਾ ਦਿੱਤਾ। ਪਰ 1979 ਵਿਚ ਈਰਾਨੀਆਂ ਨੇ ਰਾਜੇ ਸ਼ਾਹ ਰਜ਼ਾ ਪਹਿਲਵੀ ਨੂੰ ਲਾਹ ਕੇ ਮੌਜੂਦਾ ਨਿਜ਼ਾਮ ਲਿਆਂਦਾ। ਪਹਿਲਵੀ ਅਮਰੀਕਾ ਜਾ ਲੁਕਿਆ। ਹੁਣ ਬਾਕਾਇਦਾ ਚੋਣਾਂ ਹੁੰਦੀਆਂ ਹਨ, ਧਾਰਮਿਕ ਆਗੂ ਖਾਮਨੇਈ ਹੈ। ਇਹ ਜੋ ਮੌਜੂਦਾ ਇਸਰਾਈਲ ਅਮਰੀਕਾ ਦਾ ਹਮਲਾ ਹੋਇਆ, ਇਹ ਜੇਕਰ ਪ੍ਰਮਾਣੂ ਪ੍ਰੋਗਰਾਮ ਵਿਰੁੱਧ ਹੀ ਹੁੰਦਾ ਤਾਂ ਅਮਰੀਕਾ ਇਸਰਾਈਲ ਤੁਰੰਤ ਸਰਕਾਰ ਬਦਲਣ ਦੀ ਰਟ ਲਾਉਣੀ ਸ਼ੁਰੂ ਕਿਉਂ ਕਰਦੇ? ਇਹਨਾਂ ਨੇ ਤਾਂ ਈਰਾਨ ਵਿਰੋਧੀ ਅਪ੍ਰੇਸ਼ਨ ਦਾ ਨਾਂਅ ਹੀ 'ਰਾਈਜ਼ਿੰਗ ਲਾਈਨ' ਰੱਖਿਆ ਹੈ, ਜੋ ਸ਼ਾਹ ਰਜ਼ਾ ਪਹਿਲਵੀ ਦੀ ਹਕੂਮਤ ਦਾ ਚਿੰਨ੍ਹ ਸੀ। ਸੋ ਅਸਲ ਮਕਸਦ ਆਪਣੀ ਕਠਪੁਤਲੀ ਸਰਕਾਰ ਬਣਾਉਣਾ ਹੈ।

ਈਰਾਨ ਨੂੰ ਪ੍ਰਮਾਣੂ ਬੰਬ ਬਣਾਉਣ ਤੋਂ ਰੋਕਣ ਦੀਆਂ ਗੱਲਾਂ ਉਹ ਕਰ ਰਹੇ ਹਨ, ਜਿਨ੍ਹਾਂ ਕੋਲ ਖੁਦ ਬੇਸ਼ੁਮਾਰ ਪ੍ਰਮਾਣੂ ਬੰਬ ਹਨ। ਇਹਨਾਂ ਨੇ ਕਿਸ ਦੀ ਆਗਿਆ ਨਾਲ ਬੰਬ ਬਣਾਏ ਹਨ? ਭਾਰਤ-ਪਾਕਿਸਤਾਨ ਉੱਤਰੀ ਕੋਰੀਆ, ਇਸਰਾਈਲ ਸਮੇਤ ਕਿਹੜਾ ਦੇਸ਼ ਹੈ, ਜਿਸ ਨੇ ਦੂਜਿਆਂ ਤੋਂ ਇਜਾਜ਼ਤ ਲੈ ਕੇ ਪ੍ਰਮਾਣੂ ਬੰਬ ਬਣਾਏ? ਆਪਣੇ ਬੇਲੀ ਮੁਲਕ ਕੋਲ ਬੰਬ ਹੋਣ ਤੇ ਜਿਹੜਾ ਨਹੀਂ, ਉਸ ਕੋਲ ਨਾ ਹੋਣ, ਇੰਜ ਤਾਂ ਸੰਸਾਰ ਨਹੀਂ ਚੱਲ ਸਕਦਾ। ਚੰਗੀ ਗੱਲ ਤਾਂ ਇਹ ਕਿ ਕਿਸੇ ਕੋਲ ਵੀ ਨਾ ਹੋਣ, ਪਰ ਇੰਜ ਨੀ ਹੋਣਾ ਕਦੀ। ਆਪਣਾ ਬਚਾਅ ਕਰਨ ਦੇ ਰਾਹੇ ਤਾਂ ਫਿਰ ਹਰ ਕੋਈ ਪਊ।

ਇਸਰਾਈਲ ਬਾਰੇ ਮੈਨੂੰ ਤਾਂ ਲਗਦਾ ਕਿ ਈਸਾਈ ਮੁਲਕਾਂ ਦੀ ਦਾਅਪੇਚ ਨੀਤੀ ਬੇਹੱਦ ਸਫਲ ਰਹੀ। ਜਰਮਨ ਤਾਨਾਸ਼ਾਹ ਹਿਟਲਰ ਨੇ ਯਹੂਦੀਆਂ ਨੂੰ ਦੂਜੀ ਸੰਸਾਰ ਜੰਗ ਦੇ ਦੌਰ ਵਿਚ ਲੱਖਾਂ ਦੀ ਗਿਣਤੀ ਵਿਚ ਮਾਰਿਆ। ਦੂਜੇ ਕਈ ਯੂਰਪੀ ਦੇਸ਼ਾਂ ਵਿਚ ਵੀ ਵਿਤਕਰਾ ਹੁੰਦਾ ਰਿਹਾ। ਇੰਜ ਯਹੂਦੀਆਂ ਦੇ ਈਸਾਈਆਂ ਨਾਲ ਹਮੇਸ਼ਾ ਲਈ ਖੂਨੀ ਟਕਰਾਓ ਦੇ ਆਸਾਰ ਸਨ। ਇਸਾਈਆਂ ਆਖੀ ਜਾਣਾ ਸੀ ਕਿ ਤੁਸੀਂ ਯਹੂਦੀਆਂ ਨੇ ਸਾਡੇ ਈਸਾ ਮਸੀਹ ਨੂੰ ਸੂਲੀ ਟੰਗਿਆ ਸੀ ਤੇ ਯਹੂਦੀਆਂ ਕਹਿਣਾ ਸੀ ਕਿ ਤੁਸੀਂ ਸਾਨੂੰ ਲੱਖਾਂ ਨੂੰ ਜਰਮਨ ਦੇ ਗੈਸ ਚੈਂਬਰਾਂ ਵਿਚ ਮਾਰ ਕੇ ਨਸਲਕੁਸ਼ੀ ਕੀਤੀ, ਪਰ ਇੰਗਲੈਂਡ-ਅਮਰੀਕਾ ਨੇ 1947 ਵਿਚ ਫਲਸਤੀਨ ਨੂੰ ਤਕਰੀਬਨ ਅੱਧੋ ਅੱਧੀ ਵੰਡ ਕੇ ਵਿਚ ਯਹੂਦੀਆਂ ਲਈ ਇਸਰਾਈਲ ਦੇਸ਼ ਬਣਾ ਦਿੱਤਾ। ਯਹੂਦੀ ਅਮੀਰ ਅਤੇ ਧੱਕੇਸ਼ਾਹੀਆਂ ਦੇ ਫੱਟੇ ਸਨ। ਉਹ ਹੌਲੀ-ਹੌਲੀ ਸਾਰੇ ਫਲਸਤੀਨ ਉੱਤੇ ਕਾਬਜ਼ ਹੋ ਗਏ ਹਨ। ਉਹਨਾਂ ਫਲਸਤੀਨੀ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ, ਜਿਸ ਵਿਚੋਂ ਹੀ ਹਮਾਸ ਵਾਲੇ ਝਗੜੇ ਨੇ ਜਨਮ ਲਿਆ। ਇੰਜ ਯੂਰਪੀ ਮੁਲਕ ਆਪਣਾ ਕਲੇਸ਼ਖਾਨਾ ਮੁਸਲਮਾਨਾਂ ਦੇ ਗਲ ਪਵਾਉਣ ਵਿਚ ਕਾਮਯਾਬ ਹੋ ਗਏ। ਅਮਰੀਕਾ, ਇੰਗਲੈਂਡ, ਜਰਮਨ ਹੋਰੀਂ ਆਪ ਇਸਰਾਈਲ ਦੇ ਚਹੇਤੇ ਬਾਪੂ ਬਣ ਬੈਠੇ।

ਹੁਣ ਇਸਰਾਈਲ ਮੱਧ ਪੂਰਬ ਦਾ ਠਾਣੇਦਾਰ ਹੈ। ਆਕਾ ਅਮਰੀਕਾ ਹੈ। ਅਮਰੀਕਾ ਦੇ ਜਾਰਡਨ, ਬਹਿਰੀਨ, ਕਤਰ, ਸਊਦੀ ਅਰਬ, ਕੁਵੈਤ, ਸੰਯੁਕਤ ਅਰਬ ਅਮੀਰਾਤ, ਓਮਾਨ, ਇਰਾਕ, ਤੁਰਕੀ, ਸੀਰੀਆ ਵਿਚ ਫੌਜੀ ਅੱਡੇ ਹਨ। 40-50 ਹਜ਼ਾਰ ਫੌਜੀ ਤਾਇਨਾਤ ਹਨ। ਤੇਲ ਖਿੱਤੇ ਉੱਪਰ ਦਬਦਬਾ ਹੈ। ਇਕੱਲਾ ਈਰਾਨ ਹੈ, ਜੋ ਈਨ ਨਹੀਂ ਮੰਨਦਾ। ਈਰਾਨ ਦੀ ਸਰਕਾਰ ਬਦਲਣ ਦੀ ਲੋਕਾਂ ਨੂੰ ਅਪੀਲ ਤਾਂ ਇਸਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਆਪਣੇ ਹਮਲੇ ਦੇ ਪਹਿਲੇ ਦਿਨ ਹੀ ਕਰ ਦਿੱਤੀ ਸੀ।

ਇਸਰਾਈਲ ਵੱਲੋਂ 13 ਜੂਨ ਨੂੰ ਰਾਤੀਂ ਘਰਾਂ ਵਿਚ ਸੁੱਤੇ ਪ੍ਰਮਾਣੂ ਵਿਗਿਆਨੀ ਅਤੇ ਫੌਜੀ ਅਫ਼ਸਰ ਮਾਰਨ ਅਤੇ ਪ੍ਰਮਾਣੂ ਕੇਂਦਰਾਂ 'ਤੇ 200 ਜਹਾਜ਼ਾਂ ਨਾਲ ਕੀਤੇ ਹਮਲਿਆਂ ਦੀ ਕਾਰਵਾਈ ਨੂੰ ਟਰੰਪ ਨੇ ਸਲਾਹਿਆ, ਆਖਿਆ ਕਿ ਮੈਨੂੰ ਸਭ ਪਤਾ ਸੀ। ਕਿਹਾ ਕਿ ਹੁਣ ਈਰਾਨ ਫੌਰੀ ਹਥਿਆਰ ਸੁੱਟ ਕੇ, ਹਾਰ ਮੰਨ ਕੇ ਸਰੈਂਡਰ ਕਰੇ, ਸੰਪੂਰਨ ਸਰੈਂਡਰ। ਨਹੀਂ ਤਾਂ ਸੰਪੂਰਨ ਵਿਨਾਸ਼ ਹੋਵੇਗਾ। ਤਹਿਰਾਨ ਨੂੰ ਫੌਰੀ ਖਾਲੀ ਕਰ ਦੇਣ ਦਾ ਇਸਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਹੁਕਮ ਦਿੱਤਾ। ਸਾਡੇ ਕਈ ਇਸਰਾਈਲੀ ਰੰਗ ਵਿਚ ਰੰਗੇ ਖਬਰਾਂ ਦੇ ਚੈਨਲਾਂ ਦੇ ਐਂਕਰ, ਵਿਸ਼ੇਸ਼ਗ ਤਾੜੀ ਵਜਾਉਂਦੇ ਰਹੇ। ਈਰਾਨੀ ਲੀਡਰ ਖਾਮਨੇਈ ਨੂੰ ਕਤਲ ਕਰ ਦੇਣ ਦਾ ਫ਼ਰਮਾਨ ਵੀ ਜਾਰੀ ਕਰ ਦਿੱਤਾ ਗਿਆ। ਟਰੰਪ-ਨੇਤਨਯਾਹੂ ਨੇ ਕਿਹਾ, ਸਾਨੂੰ ਪਤਾ ਕਿ ਉਹ ਕਿੱਥੇ ਲੁਕਿਆ।

ਪਰ ਈਰਾਨ ਦੀ ਜਵਾਬੀ ਕਾਰਵਾਈ ਹੌਸਲੇ ਅਤੇ ਰਣਨੀਤੀ ਨੇ, ਇਸਰਾਈਲ, ਅਮਰੀਕਾ ਅਤੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। ਈਰਾਨੀ ਮਿਜ਼ਾਈਲਾਂ ਨੇ ਹੈਰਾਨੀਜਨਕ ਤਬਾਹੀ ਮਚਾਈ। ਇਸਰਾਈਲੀ ਅਮਰੀਕੀ ਏਅਰ ਡਿਫੈਂਸ ਈਰਾਨੀ ਮਿਜ਼ਾਈਲ ਹਮਲੇ ਰੋਕ ਨਾ ਸਕੀ। ਇਸਰਾਈਲੀ ਲੋਕ ਦਿਨੇ ਰਾਤ ਬੰਕਰਾਂ, ਤਹਿਖਾਨਿਆਂ ਵੱਲ ਹੀ ਭੱਜਦੇ ਰਹੇ। ਕਈਆਂ ਆਖਿਆ ਕਿ ਇਸਰਾਈਲ ਹੁਣ ਖੁਦ ਗਾਜ਼ਾ ਦੀ ਕੀਤੀ ਤਬਾਹੀ ਵਰਗਾ ਦਿਸਦਾ ਹੈ।

ਇਸਰਾਈਲ ਅਮਰੀਕਾ ਨੂੰ ਉਦੋਂ ਜੰਗ ਵਿਚ ਸਿੱਧਾ ਘੜੀਸਣ ਵਿਚ ਸਫਲ ਅਤੇ ਖੁਸ਼ ਹੋਇਆ, ਜਦ ਅਮਰੀਕਾ ਨੇ 22 ਬੰਬਾਰਾਂ ਨਾਲ ਈਰਾਨੀ ਪ੍ਰਮਾਣੂ ਕੇਂਦਰਾਂ ਉੱਤੇ ਬੰਕਰ ਬਸਟਰ ਬੰਬ ਸੁੱਟੇ। ਇਸਰਾਈਲੀ ਨੱਚੇ ਤੇ ਬੰਬ ਸੁੱਟ ਕੇ ਪੱਟਾਂ 'ਤੇ ਥਾਪੀਆਂ ਮਾਰ ਕੇ ਬੁਲਬੁਲੀਆਂ ਵੀ ਮਾਰੀਆਂ।

ਈਰਾਨੀ ਵਿਦੇਸ਼ ਮੰਤਰੀ ਨੇ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਕੀਤੀ। ਵੱਡੇ ਰੂਸੀ ਲੀਡਰ ਮੈਦਵੇਦੇਵ ਨੇ ਐਲਾਨ ਕੀਤਾ ਕਿ ਪੀੜਤ ਈਰਾਨ ਨੂੰ ਕਈ ਦੇਸ਼ ਪ੍ਰਮਾਣੂ ਬੰਬ ਦੇਣ ਨੂੰ ਤਿਆਰ ਹਨ। ਈਰਾਨ ਨੇ ਓਸੇ ਹੀ ਦਿਨ ਕਤਰ ਵਿਚਲੇ ਅਮਰੀਕੀ ਫੌਜੀ ਅੱਡੇ 'ਤੇ ਜਦ ਰਾਤ ਨੂੰ ਹਮਲਾ ਕੀਤਾ ਤਾਂ ਲੋਕਾਂ ਸੋਚਿਆ ਕਿ ਹੁਣ ਗੱਲ ਬਹੁਤ ਵਧ ਜਾਵੇਗੀ, ਪਰ ਅਮਰੀਕਾ ਨੇ ਫੌਰੀ ਹੈਰਾਨਕੁਨ ਮੋੜਾ ਕੱਟਿਆ ਅਤੇ ਟਰੰਪ ਨੇ 24 ਦੀ ਸਵੇਰ ਨੂੰ ਹੀ ਐਲਾਨ ਕਰ ਦਿੱਤਾ ਕਿ ਮੈਂ ਈਰਾਨ ਇਸਰਾਈਲ ਵਿਚ ਸੀਜ਼ਫਾਇਰ ਕਰਵਾ ਦਿੱਤਾ ਹੈ, ਹੁਣ ਕੋਈ ਗੋਲੀ ਨਹੀਂ ਚੱਲੇਗੀ। ਇਸਰਾਈਲ ਨੇ ਸਹਿਮਤੀ ਦਿੱਤੀ, ਪਰ ਇਰਾਨ ਨੇ ਕਿਹਾ ਕਿ ਇਹ ਝੂਠ ਹੈ, ਉਹਨਾਂ ਦਿਨੇ 6 ਰਾਊਂਡ ਬਹੁਤ ਵੱਡੇ ਹਮਲੇ ਕੀਤੇ। ਜਦ ਇਸਰਾਈਲ ਨੇ ਮੋੜਵੇਂ ਹਮਲੇ ਲਈ ਜਹਾਜ਼ ਉਡਾਏ ਤਾਂ ਟਰੰਪ ਨੇ ਨੇਤਨਯਾਹੂ ਨੂੰ ਫੋਨ ਕਰਕੇ ਫੌਰੀ ਹੁਕਮ ਦਿੱਤਾ ਕਿ ਇਸਰਾਈਲੀ ਪਾਇਲਟਾਂ ਨੂੰ ਤੁਰੰਤ ਜਹਾਜ਼ ਵਾਪਸ ਮੋੜ ਲਿਆਉਣ ਦਾ ਹੁਕਮ ਦੇਵੋ ਕਿ ਇਰਾਨ 'ਤੇ ਬੰਬ ਨਾ ਸੁੱਟਣ, ਇਹੀ ਹੋਇਆ ਉਹ ਰਸਮੀ ਚੱਕਰ ਲਾ ਕੇ ਮੁੜ ਆਏ, ਅੱਗੋਂ ਈਰਾਨ ਨੇ ਵੀ ਆਖਿਆ ਜੇ ਹੁਣ ਸਾਡੇ 'ਤੇ ਹਮਲਾ ਨਹੀਂ ਹੁੰਦਾ ਤਾਂ ਈਰਾਨ ਵੀ ਹਮਲਾ ਨਹੀਂ ਕਰੇਗਾ। ਸੋ ਫਿਲਹਾਲ ਅਜਿਹਾ ਸੀਜ਼ਫਾਇਰ ਹੋ ਗਿਆ ਹੈ। ਮੈਨੂੰ ਲਗਦਾ ਕਿ ਅਮਰੀਕਾ ਨੇ ਇਹ ਕਲੇਸ਼ਖਾਨੇ ਵਿਚ ਆਪਣੇ ਸਿੱਧੇ ਉਲਝਣ ਤੋਂ ਬਚਾਅ ਲਈ ਕੀਤਾ। ਪਰ ਇਸ ਸੀਜ਼ਫਾਇਰ ਦੇ ਟੁੱਟਣ ਦੀ ਸੰਭਾਵਨਾ ਹੈ।

ਈਰਾਨ ਦਾ ਅਣਖੀ ਦਲੇਰ ਨਿੱਡਰ ਲੜਾਕੂ ਕੌਮ ਵਜੋਂ ਵਕਾਰ ਵਧਿਆ ਹੈ। ਇਸਰਾਈਲ-ਅਮਰੀਕਾ ਬੇਅਸੂਲੇ ਹਮਲਾਵਰਾਂ ਵਜੋਂ ਚਰਚਿਤ ਹੋਏ। ਅਮਰੀਕਾ ਖੇਮਾ ਨੰਗਾ ਹੋਇਆ ਅਤੇ ਡਰਪੋਕ ਵਪਾਰੀ ਵਰਗਾ ਜਾਪਿਆ। ਈਰਾਨ ਦੀ ਰੂਸ, ਚੀਨ, ਉੱਤਰੀ ਕੋਰੀਆ ਨਾਲ ਲੰਗੋਟੀਆ ਯਾਰੀ ਮਜ਼ਬੂਤ ਹੋਈ। ਰੂਸ ਨੇ ਈਰਾਨ ਨੂੰ ਪ੍ਰਮਾਣੂ ਬੰਬ ਤੱਕ ਦੇ ਦੇਣ ਦਾ ਇਸ਼ਾਰਾ ਦੇ ਦਿੱਤਾ।

ਲਗਦਾ ਕਿ ਈਰਾਨ ਹੁਣ ਪ੍ਰਮਾਣੂ ਅਪ੍ਰਸਾਰ ਸੰਧੀ ਵਿੱਚੋਂ ਬਾਹਰ ਆ ਸਕਦਾ ਤੇ ਪ੍ਰਮਾਣੂ ਬੰਬ ਬਣਾਉਣ ਵੱਲ ਵਧ ਸਕਦਾ। ਇਰਾਨ ਨੇ ਪ੍ਰਮਾਣੂ ਪ੍ਰੋਗਰਾਮ ਜਾਰੀ ਰੱਖਣ ਦਾ ਐਲਾਨ ਕਰ ਦਿੱਤਾ ਹੈ। ਉਸ ਦੀ ਲੀਡਰਸ਼ਿਪ ਮਜ਼ਬੂਤ ਹੋਈ ਹੈ। ਅਮਰੀਕਾ ਤ੍ਰਬਕ ਗਿਆ ਹੈ ਤੇ ਤਾਜ਼ਾ ਬਿਆਨ ਦੇ ਦਿੱਤਾ ਕਿ ਮੈਂ ਇਰਾਨ ਦੀ ਲੀਡਰਸ਼ਿਪ ਨਹੀਂ ਬਦਲਣਾ ਚਾਹੁੰਦਾ। ਟਰੰਪ ਇਰਾਨ ਨਾਲ ਬੇਮੌਕਾ ਫੌਰੀ ਵਪਾਰ ਦੀਆਂ ਬਚਗਾਨਾ ਜਿਹੀਆਂ ਗੱਲਾਂ ਕਰਨ ਲੱਗ ਪਿਆ ਹੈ। ਟਰੰਪ ਦਾ ਤਾਜ਼ਾ ਬਿਆਨ ਕਿ ਈਰਾਨ ਹੁਣ ਵਪਾਰਕ ਖੁਸ਼ਹਾਲੀ ਵੱਲ ਵਧੇਗਾ। ਤਾਜ਼ੀ ਖ਼ਬਰ ਹੈ ਟਰੰਪ ਦਾ ਐਲਾਨ ਕਿ ਈਰਾਨ ਹੁਣ ਚੀਨ ਨੂੰ ਤੇਲ ਵੇਚ ਸਕਦਾ, ਕੋਈ ਪਾਬੰਦੀ ਨਹੀਂ। ਈਰਾਨ ਵਿਚ ਜਸ਼ਨ ਦਾ ਮਹੌਲ ਹੈ।

ਇਹ ਹੈ ਅੱਜ ਦਾ ਦਿਸਦਾ ਸੱਚ। ਲੀਡਰਾਂ ਦੇ ਮਨਾਂ 'ਚ ਕੀ ਚੱਲ ਰਿਹਾ, ਕੌਣ ਜਾਣਦਾ?

# ਸੰਪਰਕ : 94173-24543

# ਪੁਲਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ 7 ਮੁਲਜ਼ਮ ਕਾਬੂ

**ਨਾਭਾ (ਵਰਿੰਦਰ ਵਰਮਾ)** ਸੂਬੇ ਭਰ ਵਿੱਚ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ 'ਚ ਲਗਾਤਾਰ ਇਜ਼ਾਫ਼ਾ ਹੁੰਦਾ ਜਾ ਰਿਹਾ, ਜਿਸ ਤਹਿਤ ਪਿੰਟੂ ਨਾਂਅ ਦਾ ਵਿਅਕਤੀ ਜਦੋਂ ਨਾਭਾ ਰੇਲਵੇ ਸਟੇਸ਼ਨ ਤੋਂ ਉਤਰਿਆ ਤਾਂ ਸੱਤ ਲੁਟੇਰਿਆਂ ਵੱਲੋਂ ਪਿੰਟੂ ਤੋਂ 10,000 ਦੀ ਰਾਸ਼ੀ ਤੇ ਮੋਬਾਇਲ ਫੋਨ ਖੋਹਣ ਤੋਂ ਇਲਾਵਾ ਹੋਰ ਸਮਾਨ ਤੋਂ ਬਾਅਦ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਜ਼ਖ਼ਮੀ ਕਰ ਦਿੱਤਾ ਸੀ। ਕੋਤਵਾਲੀ ਦੇ ਐਸਐਚਓ ਨੂੰ ਲੁੱਟ ਖੋਹ ਦੀ ਵਾਰਦਾਤ ਦਾ ਪਤਾ ਲੱਗਾ ਤਾਂ ਮੌਕੇ 'ਤੇ ਹੀ ਕੁਝ ਘੰਟਿਆਂ ਦੇ ਅੰਦਰ ਅੰਦਰ 7 ਲੁਟੇਰਿਆਂ ਨੂੰ ਕਾਬੂ ਕਰਕੇ ਜੇਲ ਦੀਆਂ ਸਲਾਖਾਂ ਪਿੱਛੇ ਪੁਚਾ ਦਿੱਤਾ।ਐਸਐਚਓ ਸਰਬਜੀਤ ਚੀਮਾ ਨੇ ਦੱਸਿਆ ਕਿ ਇਹ ਨਸ਼ੇ ਦੀ ਪੂਰਤੀ ਦੇ ਲਈ ਲੁੱਟਾਂ ਖੋਹਾਂ ਕਰਦੇ ਹਨ ਤੇ ਇਹ ਇੱਕ ਵੱਡਾ ਗਿਰੋਹ ਲੱਗਦਾ ਹੈ ਤੇ ਪੁਲਸ ਰਿਮਾਂਡ ਤੋਂ ਬਾਅਦ ਪਤਾ ਲਾਇਆ ਜਾਵੇਗਾ ਕਿ ਲੁੱਟਾਂ-ਖੋਹਾਂ ਗਿਰੋਹ ਦੇ ਹੋਰ ਮੈਂਬਰ ਇਨ੍ਹਾਂ ਨਾਲ ਕੌਣ-ਕੌਣ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਵੱਲੋਂ ਕਿੱਥੇ-ਕਿੱਥੇ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਸੀ।ਐਸਐਚਓ ਨੇ ਦੱਸਿਆ ਕਿ ਇਹ ਨਸ਼ੇ ਦੇ ਆਦਿ ਹਨ ਤੇ ਨਸ਼ੇ ਦੇ ਚੱਲਦਿਆਂ ਹੀ ਲੁੱਟਾਂ ਖੋਹਾਂ ਕਰਦੇ ਹਨ ਤੇ ਜਿਨ੍ਹਾਂ ਦੀ ਉਮਰ 20 ਤੋਂ 24 ਸਾਲ ਦੇ ਦਰਮਿਆਨ ਹੈ।ਲੁਟੇਰਿਆਂ ਨੇ ਆਪਣਾ ਗੁਨਾਹ ਕਬੂਲ ਕਰਦੇ ਹੋਏ ਅੱਗੇ ਤੋਂ ਇਸ ਕੰਮ ਤੋਂ ਤੌਬਾ ਕੀਤੀ ਹੈ। ਪਿੰਟੂ ਨੇ ਦੱਸਿਆ ਕਿ ਮੈਂ ਪਰਾਗਰਾਜ ਤੋਂ ਜਦੋਂ ਨਾਭਾ ਰੇਲਵੇ ਸਟੇਸ਼ਨ ਤੇ ਆਪਣੇ ਪਰਵਾਰ ਸਮੇਤ ਉਤਰਿਆ ਤਾਂ ਸੱਤ ਲੁਟੇਰਿਆਂ ਨੇ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਫੜ ਲਿਆ ਤੇ ਮੌਕੇ 'ਤੇ ਮੇਰੇ ਤੋਂ ਪੈਸੇ ਅਤੇ ਮੋਬਾਇਲ ਖੋਹ ਕੇ ਰਫੂ ਚੱਕਰ ਹੋ ਗਏ ਤੇ ਮੇਰੇ ਸਿਰ 'ਤੇ ਸੱਟਾਂ ਮਾਰੀਆਂ। ਮੈਂ ਇਤਲਾਹ ਪੁਲਸ ਸਟੇਸ਼ਨ ਵਿੱਚ ਦਿੱਤੀ ਅਤੇ ਮੌਕੇ 'ਤੇ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਇਹਨਾਂ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਪੁਲਸ ਵੱਲੋਂ ਵਧੀਆ ਕਦਮ ਚੁੱਕਿਆ ਗਿਆ ਹੈ ਅਤੇ ਇਹ ਲੁਟੇਰੇ ਹੁਣ ਅੱਗੇ ਤੋਂ ਇਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਨਹੀਂ ਦੇਣਗੇ। ਫੈਕਟਰੀ ਦੇ ਮਾਲਕ ਵਿਵੇਕ ਸਿੰਗਲਾ ਨੇ ਦੱਸਿਆ ਕਿ ਪਿੰਟੂ ਸਾਡੀ ਫੈਕਟਰੀ ਵਿੱਚ ਫੋਰਮੈਨ ਹੈ ਅਤੇ ਜਦੋਂ ਇਹ ਰੇਲਵੇ ਸਟੇਸ਼ਨ ਨਾਭਾ ਤੋਂ ਉਤਰਿਆ ਤਾਂ ਸੱਤ ਲੁਟੇਰਿਆਂ ਵੱਲੋਂ ਇਸ ਨੂੰ ਘੇਰ ਕੇ 10,000 ਦੀ ਰਾਸ਼ੀ ਮੋਬਾਇਲ ਤੇ ਹੋਰ ਸਮਾਨ ਲੁੱਟ ਕੇ ਫਰਾਰ ਹੋ ਗਏ ਅਤੇ ਇਸ ਸਾਰੀ ਵਾਰਦਾਤ ਦੀ ਘਟਨਾ ਸਬੰਧੀ ਐਸਐਚਓ ਕੋਤਵਾਲੀ ਨਾਭਾ ਸਰਬਜੀਤ ਸਿੰਘ ਚੀਮਾ ਨੂੰ ਜਾਣੂ ਕਰਾਇਆ ਤਾਂ ਮੌਕੇ 'ਤੇ ਇਨ੍ਹਾਂ ਵੱਲੋਂ ਫੌਰੀ ਐਕਸ਼ਨ ਲੈਂਦਿਆਂ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਹੁਣ ਸਾਨੂੰ ਵੀ ਯਕੀਨ ਹੈ ਕਿ ਹੁਣ ਲੁੱਟਾਂ ਖੋਹਾਂ ਤੇ ਜ਼ਰੂਰ ਠੱਲ੍ਹ ਪਵੇਗੀ ਕਿਉਂਕਿ ਇਹ ਇੱਕ ਗਿਰੋਹ ਕਾਫੀ ਲੰਬੇ ਸਮੇਂ ਤੋਂ ਸਰਗਰਮ ਸੀ।



# ਐਨ ਸੀ ਸੀ ਗਰਲਜ਼ ਕੈਡੇਟਸ ਲਈ ਸਾਈਬਰ ਫਸਟ ਰਿਸਪਾਂਡਰ ਪ੍ਰੋਗਰਾਮ 'ਤੇ ਆਨਲਾਈਨ ਵਰਕਸ਼ਾਪ

**ਲੁਧਿਆਣਾ (ਰੈਕਟਰ ਕਥੂਰੀਆ)** ਨੌਜਵਾਨਾਂ ਵਿੱਚ ਡਿਜ਼ੀਟਲ ਸਾਖਰਤਾ ਤੇ ਸੁਰੱਖਿਆ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਪਹਿਲਕਦਮੀ 'ਚ ਲੁਧਿਆਣਾ ਗਰੁੱਪ ਹੈੱਡਕੁਆਰਟਰ ਦੀਆਂ 510 ਐਨਸੀਸੀ ਗਰਲ ਕੈਡੇਟਸ ਲਈ ਯੂਨਾਈਟਿਡ ਸਰਵਿਸ ਇੰਸਟੀਚਿਊਸ਼ਨ (ਯੂਐਸਆਈ), ਨਵੀਂ ਦਿੱਲੀ ਦੇ ਸੰਪਰਕ ਵਿੱਚ 3 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ ਲੁਧਿਆਣਾ ਦੁਆਰਾ ਐਨਸੀਸੀ ਜੀਪੀ ਹੈੱਡਕੁਆਰਟਰ ਲੁਧਿਆਣਾ ਦੀ ਅਗਵਾਈ ਹੇਠ 'ਸਾਈਬਰ ਫਸਟ ਰਿਸਪਾਂਡਰ' 'ਤੇ ਇੱਕ ਆਨਲਾਈਨ ਵਰਕਸ਼ਾਪ ਆਯੋਜਤ ਕੀਤੀ ਗਈ। ਇਹ ਡਿਜ਼ੀਟਲ ਸਸ਼ਕਤੀਕਰਨ ਸੈਸ਼ਨ ਬ੍ਰਿਗੇਡੀਅਰ ਪੀ.ਐਸ. ਚੀਮਾ, ਐਸ.ਐਮ., ਵੀ.ਐਸ.ਐਮ., ਗਰੁੱਪ ਕਮਾਂਡਰ, ਐਨਸੀਸੀ ਗਰੁੱਪ ਹੈੱਡਕੁਆਰਟਰ ਲੁਧਿਆਣਾ ਦੀ ਅਗਵਾਈ ਹੇਠ ਤੇ ਮੇਜਰ ਜਨਰਲ ਜੇ.ਐਸ. ਦੇ ਨਿਰਦੇਸ਼ਾਂ ਅਨੁਸਾਰ ਆਯੋਜਤ ਕੀਤਾ ਗਿਆ ਸੀ।ਚੀਮਾ, ਏਡੀਜੀ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ (ਪੀਐਚਐਚਪੀ ਐਂਡ ਸੀ) ਡਾਇਰੈਕਟੋਰੇਟ ਤੇ ਡੀਜੀਐਨਸੀਸੀ ਲੈਫਟੀਨੈਂਟ ਜਨਰਲ ਗੁਰਬੀਰਪਾਲ ਸਿੰਘ, ਪੀਵੀਐਸਐਮ, ਏਵੀਐਸਐਮ, ਵੀਐਸਐਮ ਦੇ ਉੱਚ ਨਿਰਦੇਸ਼ਾਂ ਦੀ ਅਗਵਾਈ ਹੇਠ।ਸਾਈਬਰ ਫਸਟ ਰਿਸਪਾਂਡਰ ਔਨਲਾਈਨ ਵਰਕਸ਼ਾਪ ਖਾਲਸਾ ਕਾਲਜ ਫਾਰ ਵਿਮਨ ਵਿਖੇ ਚੱਲ ਰਹੇ ਸਾਲਾਨਾ ਸਿਖਲਾਈ ਕੈਂਪ-54 ਦੌਰਾਨ ਆਯੋਜਿਤ ਕੀਤੀ ਗਈ, ਜਿਸ 'ਚ ਕੈਂਪ ਕਮਾਂਡੈਂਟ ਕਰਨਲ ਆਰਐਸ ਚੌਹਾਨ ਨੇ ਇਹ ਯਕੀਨੀ ਬਣਾਇਆ ਕਿ ਪੰਜ ਸੌ ਤੋਂ ਵੱਧ ਐਨਸੀਸੀ ਗਰਲ ਕੈਡੇਟ ਤੇ ਸਟਾਫ ਸਾਈਬਰ ਫਸਟ ਰਿਸਪਾਂਡਰ ਆਨਲਾਈਨ ਵਰਕਸ਼ਾਪ ਵਿੱਚੋਂ ਗੁਜ਼ਰਨ। 3 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ, 3 ਪੰਜਾਬ ਬਟਾਲੀਅਨ ਐਨਸੀਸੀ, 19 ਪੰਜਾਬ ਬਟਾਲੀਅਨ ਐਨਸੀਸੀ ਤੇ 4 ਪੰਜਾਬ ਏਅਰ ਸਕੁਐਡਰਨ ਐਨਸੀਸੀ ਦੇ ਕੈਡਿਟਾਂ ਨੇ ਇਸ ਵਰਕਸ਼ਾਪ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਜਿਸਦਾ ਉਦੇਸ਼ ਉਨ੍ਹਾਂ ਨੂੰ ਸਾਈਬਰ ਸੁਰੱਖਿਆ ਦੇ ਬੁਨਿਆਦੀ ਸਿਧਾਂਤਾਂ ਦੇ ਜ਼ਰੂਰੀ ਗਿਆਨ ਨਾਲ ਲੈਸ ਕਰਨਾ ਸੀ।ਸੈਸ਼ਨ ਨੇ ਕੈਡਿਟਾਂ ਤੇ ਐਨਸੀਸੀ ਇੰਸਟ੍ਰਕਟਰ ਸਟਾਫ ਨੂੰ ਸੁਰੱਖਿਅਤ ਡਿਜ਼ੀਟਲ ਅਭਿਆਸਾਂ, ਸਾਈਬਰ ਸਫ਼ਾਈ ਦੀ ਧਾਰਨਾ ਤੇ ਸਾਈਬਰ ਖਤਰਿਆਂ ਦੀ ਪਛਾਣ ਕਰਨ ਤੇ ਘਟਾਉਣ ਵਿੱਚ ਪਹਿਲੇ ਜਵਾਬ ਦੇਣ ਵਾਲਿਆਂ ਦੀ ਭੂਮਿਕਾ ਬਾਰੇ ਸਿੱਖਿਆ ਦਿੱਤੀ।ਸੈਸ਼ਨ ਨੂੰ ਸ੍ਰੀ ਤੁਸ਼ਾਰ ਸ਼ਰਮਾ, ਇੱਕ ਸਾਈਬਰ ਸੁਰੱਖਿਆ ਮਾਹਰ ਤੇ ਇੱਕ ਵਕੀਲ ਦੁਆਰਾ ਕਵਰ ਕੀਤਾ ਗਿਆ।ਇਸ ਪਹਿਲਕਦਮੀ ਵਿੱਚ ਸਾਈਬਰ ਜਾਗਰੂਕਤਾ, ਸਾਈਬਰ ਅਪਰਾਧ ਤੋਂ ਬਚਾਉਣ ਲਈ ਸਾਈਬਰ ਸੁਰੱਖਿਆ ਕੁੰਜੀਆਂ, ਸਾਈਬਰ ਅਪਰਾਧ ਨਾਲ ਕਿਵੇਂ ਨਜਿੱਠਣਾ ਹੈ ਤੇ ਵੱਖ-ਵੱਖ ਕੇਸ ਅਧਿਐਨ ਸ਼ਾਮਲ ਸਨ।ਸੈਸ਼ਨ ਦਾ ਅੰਤ ਪ੍ਰਸ਼ਨ-ਉੱਤਰ ਸੈਸ਼ਨਾਂ ਨਾਲ ਹੋਇਆ। ਸ੍ਰੀ ਤੁਸ਼ਾਰ ਨੇ ਕੈਡਿਟਾਂ ਦੁਆਰਾ ਸਵੈ-ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ, ਐਨਸੀਸੀ ਕੈਡਿਟਾਂ ਨੂੰ ਵਲੰਟੀਅਰ ਵਜੋਂ 'ਸਾਈਬਰ ਪੀਸ' ਵਿੱਚ ਸ਼ਾਮਲ ਹੋਣ ਲਈ ਵੀ ਉਤਸ਼ਾਹਤ ਕੀਤਾ। ਸਾਈਬਰ ਫਸਟ ਰਿਸਪਾਂਡਰ ਪ੍ਰੋਗਰਾਮ ਨੇ ਡਿਜ਼ੀਟਲ ਯੁੱਗ 'ਚ ਜਾਗਰੂਕਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਨੌਜਵਾਨ ਕੈਡਿਟਾਂ ਨੂੰ ਆਨਲਾਈਨ ਪਲੇਟਫਾਰਮਾਂ 'ਤੇ ਨੈਵੀਗੇਟ ਕਰਦੇ ਸਮੇਂ ਜ਼ਿੰਮੇਵਾਰੀ ਤੇ ਚੌਕਸੀ ਨਾਲ ਕੰਮ ਕਰਨ ਲਈ ਤਿਆਰ ਕੀਤਾ। ਬ੍ਰਿਗੇਡੀਅਰ ਵਿਵੇਕ ਵਰਮਾ (ਸੇਵਾਮੁਕਤ) ਵਿਸਟੇਡ ਸਰਵਿਸ ਇੰਸਟੀਚਿਊਟ ਸਾਈਬਰ ਜਾਗਰੂਕਤਾ ਇੰਸਟੀਚਿਊਟ ਦੇ ਮੁਖੀ ਤੇ ਯੂਐਸਆਈ ਵਿਖੇ ਇੱਕ ਸੈਮੀਨਾਰ ਰਿਸਰਚ ਫੈਲੋ, ਲੈਫਟੀਨੈਂਟ ਕਮਾਂਡਰ ਸੀਮਾ ਗੁਪਤਾ ਸਾਈਬਰ ਪੀਸ ਹੈੱਡ ਤੇ ਆਊਟਰੀਚ ਪ੍ਰਸ਼ਾਸਕੀ ਮੀਡੀਆ ਇੰਸਟ੍ਰਕਟਰ ਤੁਸ਼ਾਰ ਸ਼ਰਮਾ ਦੀ ਅਗਵਾਈ ਵਿੱਚ ਇੰਟਰਐਕਟਿਵ ਅਤੇ ਜਾਣਕਾਰੀ ਭਰਪੂਰ ਸੈਸ਼ਨ, ਐਨਸੀਸੀ ਕੈਡਿਟਾਂ ਨੂੰ ਸੂਚਿਤ ਡਿਜ਼ੀਟਲ ਨਾਗਰਿਕ ਤੇ ਭਵਿੱਖ ਦੇ ਸੰਭਾਵੀ ਸਾਈਬਰ ਸੈਂਟੀਨਲ ਬਣਨ ਲਈ ਤਿਆਰ ਕਰਨ ਵਿੱਚ ਮਹੱਤਵਪੂਰਨ ਕਦਮ ਵਜੋਂ ਕੰਮ ਕੀਤਾ।



# ਲਾਇਨਜ਼ ਕਲੱਬ ਇੰਟਰਨੈਸ਼ਨਲ ਨੇ ਤੀਜੀ ਵਾਰ ਲਾਇਆ ਹੰਗਰ ਪ੍ਰੋਜੈਕਟ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਲਾਇਨਜ਼ ਕਲੱਬ ਇੰਟਰਨੈਸ਼ਨਲ ਨਿਹਾਲ ਸਿੰਘ ਵਾਲਾ ਫਾਰਚਿਊਨ ਵੱਲੋਂ ਇੱਕ ਵਾਰ ਫੇਰ ਇੱਕ ਪ੍ਰੋਜੈਕਟ ਲਾਇਆ ਗਿਆ, ਜਿਸ ਨੂੰ ਹੰਗਰ ਪ੍ਰੋਜੈਕਟ ਦਾ ਨਾਂਅ ਦਿੱਤਾ ਗਿਆ।ਪ੍ਰੋਜੈਕਟ ਕਲੱਬ ਮੈਂਬਰਾਂ ਵੱਲੋਂ ਬਿਰਧ ਆਸ਼ਰਮ ਸੇਵਾ ਸੁਸਾਇਟੀ ਵਿਖੇ ਲਾਇਆ ਗਿਆ। ਪ੍ਰਧਾਨ ਲਾਇਨ ਜਤਿਨ ਸਿੰਗਲਾ ਨੇ ਦੱਸਿਆ ਕਿ ਇਹ ਕਲੱਬ ਲੋੜਵੰਦਾਂ ਦੀ ਸੇਵਾ ਲਈ ਹਮੇਸ਼ਾ ਖੜ੍ਹਾ ਹੈ।ਇਸ ਤੋਂ ਪਹਿਲਾਂ ਵੀ ਉਨ੍ਹਾਂ ਦੋ ਵਾਰ ਹੰਗਰ ਪ੍ਰੋਜੈਕਟ ਲਾਇਆ ਹੈ। ਇਹੀ ਨਹੀਂ, ਸਗੋਂ ਹੋਰ ਵੀ ਬਹੁਤ ਤਰ੍ਹਾਂ ਦੇ ਪ੍ਰੋਜੈਕਟ ਜਿਵੇਂ ਬਲੱਡ ਡੋਨੇਸ਼ਨ ਕੈਂਪ, ਮਾਸ ਮੈਰਿਜ ਪ੍ਰੋਜੈਕਟ ਵੀ ਲਾ ਚੁੱਕੇ ਹਨ।ਕਲੱਬ ਦੇ ਮੈਂਬਰਜ਼ ਵੱਲੋਂ ਦੱਸਿਆ ਕਿ ਇਹ ਪ੍ਰੋਜੈਕਟ ਲਾਇਨ ਐਡਵੋਕੇਟ ਬੱਬਣ ਗੋਇਲ ਦੀ ਜਨਮ ਦਿਨ ਦੀ ਖੁਸ਼ੀ ਵਿੱਚ ਮਨਾਇਆ ਗਿਆ ਹੈ।ਪ੍ਰੋਜੈਕਟ ਦੌਰਾਨ ਆਸ਼ਰਮ ਵਿੱਚ ਰਹਿ ਰਹੇ ਗਰੀਬ ਤੇ ਲੋੜਵੰਦ ਲੋਕਾਂ ਨੂੰ ਖਾਣਾ ਖਵਾਇਆ ਗਿਆ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ ਗਿਆ। ਕਲੱਬ ਦੇ ਮੈਂਬਰਾਂ ਨੇ ਆਸ਼ਰਮ ਨੂੰ ਵੀ ਵਿਸ਼ਵਾਸ ਦਿਵਾਇਆ ਕੇ ਜਦ ਵੀ ਆਸ਼ਰਮ ਨੂੰ ਕਿਸੇ ਵੀ ਤਰਾਂ ਦੀ ਸੇਵਾ ਦੀ ਜ਼ਰੂਰਤ ਹੈ ਤਾਂ ਕਲੱਬ ਉਥੇ ਉਨ੍ਹਾਂ ਨਾਲ ਹਮੇਸ਼ਾ ਖੜਾ ਰਹੇਗਾ।



# ਗੁਰਵਿੰਦਰ ਸਿੰਘ ਜਮੀਤਗੜ੍ਹ ਕੋਆਪ੍ਰੇਟਿਵ ਸੁਸਾਇਟੀ ਦੇ ਸਰਬਸੰਮਤੀ ਨਾਲ ਪ੍ਰਧਾਨ ਬਣੇ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਦ ਜਮੀਤਗੜ੍ਹ ਕੋਆਪ੍ਰੇਟਿਵ ਸੁਸਾਇਟੀ ਬਡਾਲੀ ਆਲਾ ਸਿੰਘ ਵਿਖੇ ਸੁਸਾਇਟੀ ਮੈਂਬਰਾਂ ਦੀ ਸਰਬਸੰਮਤੀ ਦੇ ਨਾਲ ਚੋਣ ਹੋਈ, ਜਿਸ ਵਿੱਚ ਗੁਰਵਿੰਦਰ ਸਿੰਘ ਨੂੰ ਸਰਬਸੰਮਤੀ ਦੇ ਨਾਲ ਪ੍ਰਧਾਨ ਚੁਣਿਆ ਗਿਆ। ਕਰਮਜੀਤ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਜਸਵੀਰ ਸਿੰਘ ਨੂੰ ਮੀਤ ਪ੍ਰਧਾਨ ਚੁਣਿਆ ਗਿਆ ਹੈ।ਇਸ ਤੋਂ ਇਲਾਵਾ ਮੇਜਰ ਸਿੰਘ ਨੰਬਰਦਾਰ, ਮਨਪ੍ਰੀਤ ਸਿੰਘ, ਤਰਲੋਚਨ ਸਿੰਘ, ਦਿਲਬਾਗ ਸਿੰਘ, ਜਗਤਾਰ ਸਿੰਘ, ਦੀਪਇੰਦਰ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਨਵੇਂ ਚੁਣੇ ਗਏ ਅਹੁਦੇਦਾਰਾਂ ਦਾ ਸਿਰੋਪਾਓ ਦੇ ਨਾਲ ਸਨਮਾਨ ਕੀਤਾ। ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਬਿਨਾਂ ਪੱਖਪਾਤ ਤੋਂ ਪਿੰਡਾਂ ਦਾ ਸਰਬਪੱਖੀ ਵਿਕਾਸ ਕਰ ਰਹੀ ਹੈ, ਜਿਸ ਦੀ ਬਦੌਲਤ ਸਹਿਕਾਰੀ ਸਭਾਵਾਂ ਵੀ ਤਰੱਕੀ ਕਰ ਰਹੀਆਂ ਹਨ। ਉਨ੍ਹਾਂ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਸੁਸਾਇਟੀ ਦੇ ਸਰਬਪੱਖੀ ਵਿਕਾਸ ਦੇ ਲਈ ਕੰਮ ਕਰਨ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਜਦੋਂ ਦੀ ਸੁਸਾਇਟੀ ਤੋਂ ਐਨਓਸੀ ਲਾਗੂ ਕੀਤੀ ਗਈ ਹੈ, ਉਸ ਸਮੇਂ ਤੋਂ ਸੁਸਾਇਟੀਆਂ ਦੇ ਵਿੱਚ ਜਾਨ ਪੈ ਗਈ ਹੈ।ਹੁਣ ਪੰਜਾਬ ਦੀਆਂ ਸੁਸਾਇਟੀਆਂ ਘਾਟੇ ਦੇ ਵਿੱਚ ਨਹੀਂ ਹਨ, ਸਗੋਂ ਪਹਿਲਾਂ ਨਾਲੋਂ ਮੁਨਾਫੇ ਵਿੱਚ ਚੱਲ ਰਹੀਆਂ ਹਨ।ਪੰਜਾਬ ਦਾ ਵਧੇਰੇ ਢਾਂਚਾ ਸੁਸਾਇਟੀਆਂ ਦੇ ਨਾਲ ਜੁੜਿਆ ਹੋਇਆ ਹੈ।ਇਸ ਲਈ ਸਾਨੂੰ ਇਹਨਾਂ ਦੀ ਬਿਹਤਰੀ ਲਈ ਕੰਮ ਕਰਨ ਦੀ ਲੋੜ ਹੈ।



# ਲੋਕਾਂ ਨੇ 'ਆਪ' ਦੇ ਵਿਕਾਸ ਕੰਮਾਂ 'ਤੇ ਲਾਈ ਮੋਹਰ : ਡਿੰਪੀ ਢਿੱਲੋਂ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਹੋਈ ਜਿੱਤ ਉਪਰੰਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੀਤੇ ਹੋਏ ਵਿਕਾਸ ਕੰਮਾਂ 'ਤੇ ਮੋਹਰ ਲਾ ਕੇ ਸਰਕਾਰ ਦੇ ਹੱਕ ਵਿੱਚ ਫ਼ੈਸਲਾ ਦੇਣ ਲਈ ਲੁਧਿਆਣਾ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਲੋਕਾਂ ਦੇ ਪੱਖ ਵਾਲੀ ਸਰਕਾਰ ਦੇ ਹੱਕ ਵਿੱਚ ਖੜਨ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਕੈਬਨਿਟ ਮੰਤਰੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਾਰੀ ਟੀਮ ਕੈਬਨਿਟ ਮੰਤਰੀ, ਐਮਐਲਏ, ਵਰਕਰ ਤੇ ਪਾਰਟੀ ਆਗੂਆਂ ਨੂੰ ਲੋਕਾਂ ਦਾ ਪਿਆਰ ਮਿਲਿਆ ਹੈ, ਇਸ ਦਾ ਸਬੂਤ ਲੁਧਿਆਣਾ ਪੱਛਮੀ ਤੋਂ ਸੰਜੀਵ ਅਰੋੜਾ ਦੀ ਵੱਡੀ ਜਿੱਤ ਹੈ।ਉਨ੍ਹਾਂ ਕਿਹਾ ਕਿ ਵਿਰੋਧੀਆਂ ਵੱਲੋਂ ਲੋਕਾਂ ਨੂੰ ਸੁਣਾਈਆਂ ਗਈਆਂ ਮਨਘੜਤ ਕਹਾਣੀਆਂ ਤੇ ਅਫ਼ਵਾਹਾਂ ਨੂੰ ਲੋਕਾਂ ਨੇ ਸਿਰੇ ਤੋਂ ਨਕਾਰ ਦਿੱਤਾ ਹੈ ਤੇ ਵਿਕਾਸ ਕਾਰਜਾਂ ਨੂੰ ਪਹਿਲ ਦਿੰਦੇ ਹੋਏ ਆਪਣਾ ਸਹੀ ਫੈਸਲਾ ਲਿਆ ਹੈ।



# ਪੰਜਾਬ ਦੇ ਲੋਕ 2027 'ਚ ਦੇਖਣਾ ਚਾਹੁੰਦੇ ਹਨ ਕਾਂਗਰਸ ਦੀ ਸਰਕਾਰ : ਲੱਖਾ

**ਦੋਰਾਹਾ (ਹਰਮਿੰਦਰ ਸੇਠ)** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਲਕਾ ਪਾਇਲ ਦੀ ਕਾਂਗਰਸ ਕਮੇਟੀ ਦੀ ਮੀਟਿੰਗ ਲਖਵੀਰ ਸਿੰਘ ਲੱਖਾ ਸਾਬਕਾ ਹਲਕਾ ਵਿਧਾਇਕ ਪਾਇਲ, ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਅਤੇ ਕੋਆਰਡੀਨੇਟਰ ਬੰਤ ਸਿੰਘ ਦੋਬੁਰਜੀ ਦੀ ਅਗਵਾਈ ਹੇਠ ਪਾਇਲ ਕਾਂਗਰਸ ਦਫ਼ਤਰ ਵਿਖੇ ਹੋਈ। ਮੀਟਿੰਗ ਵਿੱਚ ਅਹਿਮ ਮੁੱਦਿਆਂ 'ਤੇ ਚਰਚਾ ਹੋਈ ਅਤੇ ਆਉਣ ਵਾਲੇ ਸਮੇਂ ਲਈ ਕਾਂਗਰਸ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਵਿਉਂਤਬੰਦੀ ਬਣਾਈ ਗਈ। ਇਸ ਸਮੇਂ ਹਲਕਾ ਪਾਇਲ ਦਫ਼ਤਰ ਵਿਖੇ ਕਾਂਗਰਸੀ ਆਗੂ ਸਾਹਿਬਾਨ ਪਾਇਲ ਨਾਲ ਸੰਬੰਧਿਤ ਬਲਾਕ ਪ੍ਰਧਾਨ ਸਾਹਿਬਾਨ, ਮੰਡਲ ਪ੍ਰਧਾਨ, ਐਸ ਸੀ ਸੈੱਲ, ਬੀ.ਸੀ ਸੈੱਲ, ਯੂਥ ਕਾਂਗਰਸ, ਮਹਿਲਾ ਕਾਂਗਰਸ, ਕਿਸਾਨ ਸੈੱਲ ਦੇ ਸਮੂਹ ਅਹੁਦੇਦਾਰ ਮੌਜੂਦ ਰਹੇ। ਮੀਟਿੰਗ ਖ਼ਤਮ ਹੋਣ ਉਪਰੰਤ ਪਾਰਟੀ ਵਰਕਰਾਂ ਵੱਲੋਂ ਸਾਬਕਾ ਐਮ ਐਲ ਏ ਲਖਵੀਰ ਸਿੰਘ ਲੱਖਾ ਦੀ ਅਗਵਾਈ ਵਿੱਚ ਬੰਤ ਸਿੰਘ ਦੋਬੁਰਜੀ ਕੋਆਰਡੀਨੇਟਰ ਕਾਂਗਰਸ ਪਾਰਟੀ ਹਲਕਾ ਪਾਇਲ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਖਵੀਰ ਸਿੰਘ ਲੱਖਾ ਸਾਬਕਾ ਹਲਕਾ ਵਿਧਾਇਕ ਪਾਇਲ, ਬੰਤ ਸਿੰਘ ਦੋਬੁਰਜੀ ਕੋਆਰਡੀਨੇਟਰ ਕਾਂਗਰਸ ਪਾਰਟੀ ਹਲਕਾ ਪਾਇਲ ਸ਼ਹਿਰੀ ਕਾਂਗਰਸ ਪ੍ਰਧਾਨ ਵਿਨੀਤ ਆਸ਼ਟ ਮਨਦੀਪ ਮਾਂਗਟ ਚੇਅਰਮੈਨ ਯਾਦਵਿੰਦਰ ਜੰਡਾਲੀ, ਰੁਪਿੰਦਰ ਬਿੰਦੂ, ਪੀ.ਏ ਰਣਜੀਤ ਗਗਨਦੀਪ ਸਿੰਘ ਲੰਢਾ, ਐਸ.ਪੀ ਸ਼ੁਕਲਾ, ਮਹਿਲਾ ਕਾਂਗਰਸ ਪ੍ਰਧਾਨ ਦੀਪੀ ਮਾਂਗਟ ਅਵਤਾਰ ਸਿੰਘ ਗੁਰਥਲੀ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਵੱਖ-ਵੱਖ ਪਿੰਡਾਂ ਨਾਲ ਸਬੰਧਤ ਕਾਂਗਰਸ ਵਰਕਰ ਬਲਾਕ ਪ੍ਰਧਾਨ ਸਾਹਿਬਾਨ, ਮੰਡਲ ਪ੍ਰਧਾਨ, ਐਸ ਸੀ ਸੈੱਲ, ਬੀ.ਸੀ ਸੈੱਲ, ਯੂਥ ਕਾਂਗਰਸ, ਮਹਿਲਾ ਕਾਂਗਰਸ, ਕਿਸਾਨ ਸੈੱਲ ਦੇ ਸਮੂਹ ਅਹੁਦੇਦਾਰ ਮੌਜੂਦ ਰਹੇ।



# ਜਖੇਪਲ ਦੇ ਕਿਸਾਨਾਂ ਦੀਆਂ ਮੋਟਰਾਂ ਦੀਆਂ ਕੇਬਲਾਂ ਚੋਰੀ

**ਦਿੜ੍ਹਬਾ (ਜਸਵੀਰ ਲਾਡੀ)**- ਬੀਤੀ ਰਾਤ ਪਿੰਡ ਜਖੇਪਲ ਦੇ ਕਿਸਾਨਾਂ ਦੀਆਂ ਮੋਟਰਾਂ ਦੀਆਂ ਕੇਬਲਾਂ ਵੱਢ ਕੇ ਚੋਰੀ ਕੀਤੀ ਗਈ। 25-30 ਕਿਸਾਨਾਂ ਦੇ ਟਿਊਬਵੈਲਾਂ ਦੀਆਂ ਕੇਬਲਾਂ ਵੱਢੀਆਂ ਗਈਆਂ ਅਤੇ ਟਰਾਂਸਫਾਰਮਰਾਂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਇਹ ਚੋਰੀ ਦੇ ਗਰੋਹ ਦਿਨੋ ਦਿਨ ਪਿੰਡਾਂ ਵਿੱਚ ਵਧਦੇ ਜਾ ਰਹੇ ਹਨ। ਕਿਸਾਨਾਂ ਦਾ ਇਹਨਾਂ ਚੋਰਾਂ ਨੇ ਨੱਕ ਵਿੱਚ ਦਮ ਕਰ ਰੱਖਿਆ ਹੈ ਪ੍ਰੰਤੂ ਸਾਡਾ ਪ੍ਰਸ਼ਾਸਨ ਕੁੰਭਕਰਨ ਦੀ ਨੀਂਦ ਸੁੱਤਾ ਪਿਆ ਹੈ। ਲੰਮੇ ਸਮੇਂ ਤੋਂ ਇਹ ਚੋਰੀਆਂ ਹੁੰਦੀਆਂ ਆ ਰਹੀਆਂ ਹਨ ਪਰ ਪੁਲਸ ਪ੍ਰਸ਼ਾਸਨ, ਜ਼ਿਲ੍ਹਾ ਪ੍ਰਸ਼ਾਸਨ 'ਤੇ ਕੋਈ ਅਸਰ ਨਹੀਂ। ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਸੰਗਰੂਰ ਦੀ ਇਕਾਈ ਧਰਵਿੰਦਰ ਸਿੰਘ ਪਸੌਰ, ਗੋਬਿੰਦਰ ਸਿੰਘ ਮੰਗਵਾਲ, ਰਾਮਪਾਲ ਸਿੰਘ ਸਨਾਮ, ਗੋਵਿੰਦਰ ਸਿੰਘ ਬਡਰੁਖੇ, ਗੁਰਦੀਪ ਸਿੰਘ ਕੰਮੋ ਮਾਜਰਾ ਵੱਲੋਂ ਪ੍ਰਸ਼ਾਸਨ ਅੱਗੇ ਇਹ ਮੰਗ ਕੀਤੀ ਜਾ ਰਹੀ ਹੈ ਕਿ ਤੁਰੰਤ ਚੋਰਾਂ 'ਤੇ ਸਖਤ ਕਾਰਵਾਈ ਕੀਤੀ ਜਾਵੇ।



# ਵਿਨੈ ਸੂਦ ਭਾਜਪਾ ਹਲਕਾ ਪਾਇਲ ਦੇ ਕਨਵੀਨਰ ਨਿਯੁਕਤ

**ਦੋਰਾਹਾ (ਹਰਮਿੰਦਰ ਸੇਠ)** ਭਾਜਪਾ ਵੱਲੋਂ ਪਾਇਲ ਹਲਕੇ 'ਚ ਆਪਣੀਆਂ ਗਤੀਵਿਧੀਆਂ ਨੂੰ ਵਧਾਉਂਦੇ ਹੋਏ ਪੰਜਾਬ ਭਾਜਪਾ ਦੇ ਕਨਵੀਨਰ ਭਾਰਦਵਾਜ ਵੱਲੋਂ ਵਿਨੈ ਸੂਦ ਨੂੰ ਕਨਵੀਨਰ ਲਾਇਆ ਗਿਆ। ਸੀਨੀਅਰ ਆਗੂਆਂ ਤੇ ਭਾਜਪਾ ਵਰਕਰਾਂ ਨੇ ਵਿਨੈ ਸੂਦ ਨੂੰ ਵਧਾਈ ਦਿੱਤੀ। ਵਿਨੈ ਸੂਦ ਨੇ ਕਿਹਾ ਕਿ ਉਹ ਭਾਜਪਾ ਪਾਰਟੀ ਵੱਲੋਂ ਉਹਨਾਂ ਨੂੰ ਦਿੱਤੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ, ਤਨਦੇਹੀ ਤੇ ਮਿਹਨਤ ਨਾਲ ਨਿਭਾਉਣਗੇ।ਉਨ੍ਹਾਂ ਅਖੀਰ ਵਿੱਚ ਭਾਜਪਾ ਲੀਡਰਸ਼ਿਪ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਮੈਡਮ ਨੀਤੂ ਸਿੰਘ, ਪੰਕਜ ਸ਼ਰਮਾ, ਦਿਨੇਸ਼ ਨਾਰਦ, ਬੱਬਲੀ ਕਨਫੈਕਸਰੀ, ਮਨੋਜ ਪੰਡਿਤ, ਕੀਮਤੀਲਾਲ ਸਰਮਾ ਤੇ ਸਹਿਰ ਵਾਸੀਆਂ ਨੇ ਵਿਨੈ ਸੂਦ ਵਧਾਈ ਦਿੱਤੀ।



# ਵਿਦੇਸ਼ ਭੇਜਣ ਦੇ ਨਾਂਅ 'ਤੇ ਧੋਖਾਧੜੀ, ਇੱਕ ਨਾਮਜ਼ਦ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਵਿਦੇਸ਼ ਭੇਜਣ ਦੇ ਨਾਂਅ 'ਤੇ ਨੌਜਵਾਨਾਂ ਨਾਲ ਧੋਖਾਧੜੀ ਕੀਤੇ ਜਾਣ ਦੇ ਇੱਕ ਕਥਿਤ ਮਾਮਲੇ 'ਚ ਥਾਣਾ ਮੂਲੇਪੁਰ ਦੀ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਨੂੰ ਦਿੱਤੀ ਦਰਖਾਸਤ 'ਚ ਗੁਰਪ੍ਰੀਤ ਸਿੰਘ ਵਾਸੀ ਪਿੰਡ ਚਨਾਰਥਲ ਕਲਾਂ ਨੇ ਦੋਸ਼ ਲਾਏ ਸਨ ਕਿ ਇਮਰਾਨ ਖਾਨ ਵਾਸੀ ਮੰਡੀ ਅਹਿਮਦਗੜ੍ਹ ਨੇ ਉਸਦੇ ਭਰਾ ਸਿਮਰਨਜੀਤ ਸਿੰਘ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਉਨ੍ਹਾਂ ਤੋਂ 4,53,000/- ਰੁਪਏ ਵਸੂਲ ਲਏ, ਜਦੋਂ ਕਿ ਇਮਰਾਨ ਖਾਨ ਵੱਲੋਂ ਨਾ ਤਾਂ ਸਿਮਰਨਜੀਤ ਸਿੰਘ ਨੂੰ ਕੈਨੇਡਾ ਭੇਜਿਆ ਗਿਆ ਤੇ ਨਾ ਹੀ ਉਸਦੇ ਪੈਸੇ ਵਾਪਸ ਕੀਤੇ ਗਏ।ਦੋਸ਼ਾਂ ਦੀ ਪੜਤਾਲ ਐਂਟੀ ਹਿਊਮਨ ਟ੍ਰੈਫਿਕਿੰਗ ਯੂਨਿਟ ਫ਼ਤਹਿਗੜ੍ਹ ਸਾਹਿਬ ਵੱਲੋਂ ਕੀਤੀ ਗਈ, ਜਿਸ ਉਪਰੰਤ ਵਿਰੁੱਧ ਥਾਣਾ ਮੂਲੇਪੁਰ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਾ ਕੇ ਡੀ.ਐਸ.ਪੀ. ਸੁਖਨਾਜ਼ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਵਰ੍ਹਦੇ ਮੀਂਹ 'ਚ ਐਸ ਡੀ ਐਮ ਵੱਲੋਂ ਸਫਾਈ ਪ੍ਰਬੰਧਾਂ ਦਾ ਜਾਇਜ਼ਾ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਇਲਾਕੇ 'ਚ ਪਈ ਪਹਿਲੀ ਭਰਵੀਂ ਬਰਸਾਤ ਦੌਰਾਨ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਦੇ ਨਾਲ ਨਾਲ ਸ਼ਹਿਰ 'ਚ ਵੱਖ-ਵੱਖ ਥਾਵਾਂ ਉੱਤੇ ਲੱਗੇ ਕੂੜੇ ਦੇ ਢੇਰਾਂ ਨੂੰ ਲੈ ਕੇ ਐਸਡੀਐਮ ਅਸ਼ੋਕ ਕੁਮਾਰ ਵੱਲੋਂ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਇਸ ਦੌਰਾਨ ਉਨ੍ਹਾਂ ਨਗਰ ਕੌਂਸਲ ਦੇ ਸਫ਼ਾਈ ਕ੍ਰਮਚਾਰੀਆਂ ਦੇ ਨਾਲ-ਨਾਲ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਮੌਕੇ ਉੱਤੇ ਬੁਲਾ ਕੇ ਹਾਈਵੇ ਦੇ ਨਾਲ ਬਣੇ ਬਰਸਾਤੀ ਪਾਣੀ ਦੇ ਨਿਕਾਸੀ ਨਾਲੇ ਦੀ ਸਫ਼ਾਈ ਦੇ ਨਾਲ-ਨਾਲ ਸੜਕ ਕਿਨਾਰੇ ਲੱਗੇ ਕੂੜੇ ਦੇ ਢੇਰਾਂ ਤੁਰੰਤ ਹਟਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ। ਐਸਡੀਐਮ ਅਸ਼ੋਕ ਕੁਮਾਰ ਨੇ ਕਿਹਾ ਕਿ ਬਰਸਾਤਾਂ ਦੇ ਮੌਸਮ ਦੌਰਾਨ ਸਫ਼ਾਈ ਦੀ ਜ਼ਰੂਰਤ ਬਹੁਤ ਵਧ ਜਾਂਦੀ ਹੈ, ਪਰ ਉਨ੍ਹਾਂ ਨੂੰ ਸ਼ਿਕਾਇਤਾਂ ਮਿਲੀਆਂ ਸਨ ਕਿ ਸ਼ਹਿਰ ਵਿੱਚ ਨੈਸ਼ਨਲ ਹਾਈਵੇ ਦੇ ਨਾਲ-ਨਾਲ ਕਈ ਹੋਰ ਥਾਵਾਂ ਉੱਤੇ ਕੂੜੇ ਦੇ ਢੇਰ ਲੱਗੇ ਹੋਏ ਹਨ। ਇਸ ਤੋਂ ਇਲਾਵਾ ਸ਼ਹਿਰ 'ਚੋਂ ਲੰਘਦੇ ਦਿੱਲੀ ਸੰਗਰੂਰ ਨੈਸ਼ਨਲ ਹਾਈਵੇ ਦੇ ਨਾਲ ਬਣਿਆ ਬਰਸਾਤੀ ਪਾਣੀ ਦਾ ਨਿਕਾਸੀ ਨਾਲਾ ਵੀ ਕਈ ਜਗ੍ਹਾ ਉਤੋਂ ਬੰਦ ਪਿਆ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਉਹਨਾਂ ਤੁਰੰਤ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਮੌਕੇ ਉੱਤੇ ਬੁਲਾ ਕੇ ਨਿਕਾਸੀ ਨਾਲੇ ਦੀ ਸਫ਼ਾਈ ਤੁਰੰਤ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ ਤਾਂ ਜੁ ਸੜਕ ਕਿਨਾਰੇ ਬਰਸਾਤੀ ਪਾਣੀ ਜਮ੍ਹਾਂ ਨਾ ਹੋ ਸਕੇ।ਇਸ ਦੌਰਾਨ ਉਨ੍ਹਾਂ ਹਾਈਵੇ ਅਥਾਰਟੀ ਦੇ ਨਾਲ-ਨਾਲ ਨਗਰ ਕੌਂਸਲ ਦੇ ਸਫ਼ਾਈ ਕ੍ਰਮਚਾਰੀਆਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਬਰਸਾਤਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਫ਼ਾਈ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।



# ਉਸਾਰੂ ਸਾਹਿਤ ਬਿਨਾਂ ਸੱਭਿਆਚਾਰ ਅਧੂਰਾ ਹੈ : ਪ੍ਰੋ. ਹਰਪਾਲ ਸਿੰਘ ਪੰਨੂ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਚੱਲ ਰਹੇ ਗੁਰਮਿਤ ਸਿੱਖਿਆ ਕੈਂਪ ਦੇ ਦੂਜੇ ਦਿਨ ਵਿਦਿਆਰਥੀਆਂ ਨੂੰ ਸੰਬੋਧਤ ਹੁੰਦਿਆਂ ਪ੍ਰੋਫੈਸਰ ਹਰਪਾਲ ਸਿੰਘ ਪੰਨੂ, ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਨੇ ਆਖਿਆ ਕਿ ਕਿਸੇ ਵੀ ਸੱਭਿਆਚਾਰ ਨੂੰ ਉਦੋਂ ਤੱਕ ਸੰਪੂਰਨ ਨਹੀਂ ਆਖਿਆ ਜਾ ਸਕਦਾ, ਜਦ ਤੱਕ ਉਸ ਅੰਦਰ ਉਸਾਰੂ ਸਾਹਿਤ ਪ੍ਰਤੀ ਸਨੇਹ ਪੈਦਾ ਨਹੀਂ ਹੁੰਦਾ।ਉਨ੍ਹਾਂ ਆਖਿਆ ਕਿ ਵਿਦਿਆਰਥੀਆਂ ਨੂੰ ਗੁਰਮਤਿ ਸਾਹਿਤ ਦੇ ਨਾਲ-ਨਾਲ ਵਿਸ਼ਵ ਦੇ ਸਰਵੋਤਮ ਸਾਹਿਤ ਤੱਕ ਵੀ ਪਹੁੰਚ ਰੱਖਣੀ ਚਾਹੀਦੀ ਹੈ। ਦੂਜੇ ਵਿਦਵਾਨ ਡਾ. ਸੇਵਕ ਸਿੰਘ ਨੇ ਵਿਦਿਆਰਥੀਆਂ ਨੂੰ ਭਾਸ਼ਾ ਦੇ ਮਹੱਤਵ ਸਬੰਧੀ ਜਾਣੂ ਕਰਾਉਂਦਿਆਂ ਆਖਿਆ ਕਿ ਭਾਸ਼ਾ ਅਤੇ ਸਿੱਖਿਆ ਹੀ ਮਨੁੱਖ ਨੂੰ ਹੋਰ ਜਾਨਵਰਾਂ ਤੋਂ ਉੱਤਮ ਬਣਾਉਂਦੇ ਹਨ।ਉਨ੍ਹਾਂ ਆਖਿਆ ਕਿ ਮਾਤ ਭਾਸ਼ਾ ਦੀ ਮੁਹਾਰਤ ਮਨੁੱਖ ਨੂੰ ਹੋਰ ਭਾਸ਼ਾਵਾਂ ਸਿੱਖਣ ਵਿੱਚ ਵੀ ਵੱਡੇ ਪੱਧਰ 'ਤੇ ਸਹਾਈ ਹੁੰਦੀ ਹੈ।ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ ਨੇ ਵਿਰਾਸਤੀ ਗਿਆਨ ਪ੍ਰਬੰਧ ਕੇਂਦਰ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਗੁਰਮਤਿ ਸਬੰਧੀ ਅਜਿਹੇ ਸਮਾਗਮ ਸਾਡੇ ਸਮੇਂ ਦੀ ਵੱਡੀ ਲੋੜ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਕੈਂਪ ਦੌਰਾਨ ਆਰਟੀਫਿਸ਼ੀਅਲ ਇੰਟੈਲੀਜੈਂਸ, ਸ਼ਬਦ ਕੀਰਤਨ, ਗੁਰਬਾਣੀ ਸੰਥਿਆ, ਦਸਤਾਰ ਸਿਖਲਾਈ, ਗੱਤਕਾ ਅੱਖਰਕਾਰੀ ਤੇ ਮੁੱਢਲੀ ਪੰਜਾਬੀ ਦੀ ਦਿੱਤੀ ਜਾ ਰਹੀ ਟ੍ਰੇਨਿੰਗ ਦੀ ਸ਼ਲਾਘਾ ਕੀਤੀ।ਪੰਜਾਬ ਹਰਿਆਣਾ ਤੇ ਹੋਰ ਸੂਬਿਆਂ ਤੋਂ ਸੈਂਕੜੇ ਤੋਂ ਵੱਧ ਆਏ ਨੌਜਵਾਨ ਵਿਦਿਆਰਥੀਆਂ ਨੇ ਸਮਾਗਮ ਦਾ ਭਰਪੂਰ ਲਾਹਾ ਲਿਆ।



# ਟੀ ਐੱਸ ਯੂ ਸਬ-ਡਵੀਜ਼ਨ ਕੈਂਟ ਦੀ ਸਰਬਸੰਮਤੀ ਨਾਲ ਚੋਣ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਟੈਕਨੀਕਲ ਸਰਵਿਸ ਯੂਨੀਅਨ ਰਜਿਸਟਰਡ ਦੀ ਸਬ ਡਵੀਜ਼ਨ ਕੈਂਟ ਨੰਬਰ-1 ਦੀ ਚੋਣ ਇਨਕਲਾਬੀ ਗਰੁੱਪ ਦੀ ਅਗਵਾਈ ਹੇਠ ਸਰਵਸੰਮਤੀ ਨਾਲ ਸਫਲਤਾਪੂਰਵਕ ਸੰਪੰਨ ਹੋਈ। ਇਸ ਚੋਣ ਪ੍ਰਕਿਰਿਆ ਨੇ ਯੂਨੀਅਨ ਦੀ ਏਕਤਾ ਤੇ ਸਹਿਮਤੀ ਦੀ ਮਿਸਾਲ ਪੇਸ਼ ਕੀਤੀ, ਜਿਸ ਵਿੱਚ ਸਮੂਹ ਮੈਂਬਰਾਂ ਨੇ ਇੱਕਜੁਟਤਾ ਦਿਖਾਈ। ਚੋਣ ਦੇ ਨਤੀਜਿਆਂ ਅਨੁਸਾਰ, ਬੰਸੀ ਲਾਲ ਨੂੰ ਸਰਬਸੰਮਤੀ ਨਾਲ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ, ਜਦਕਿ ਕੁਲਵੰਤ ਸਿੰਘ ਨੂੰ ਮੀਤ ਪ੍ਰਧਾਨ, ਗੁਰਨਾਮ ਸਿੰਘ ਨੂੰ ਸਕੱਤਰ, ਸਤਨਾਮ ਸਿੰਘ ਨੂੰ ਸਹਾਇਕ ਸਕੱਤਰ ਤੇ ਤਰਸੇਮ ਸਿੰਘ ਨੂੰ ਕੈਸ਼ੀਅਰ ਵਜੋਂ ਚੁਣਿਆ ਗਿਆ। ਨਵੀਂ ਚੁਣੀ ਗਈ ਟੀਮ ਨੇ ਮੈਂਬਰਾਂ ਦੇ ਹਿੱਤਾਂ ਦੀ ਰਾਖੀ ਤੇ ਯੂਨੀਅਨ ਦੀ ਤਰੱਕੀ ਲਈ ਵਚਨਬੱਧਤਾ ਜਤਾਈ। ਇਸ ਮੌਕੇ ਨਵੇਂ ਚੁਣੇ ਪ੍ਰਧਾਨ ਬੰਸੀ ਲਾਲ ਨੇ ਕਿਹਾ ਕਿ ਉਸ ਨੂੰ ਜੋ ਵੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਪੂਰੀ ਤਨਦਾਹੀ ਨਾਲ ਨਿਭਾਉਣਗੇ ਤੇ ਯੂਨੀਅਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ। ਇਸ ਮੌਕੇ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਸੰਪੰਨ ਕਰਵਾਉਣ ਲਈ ਡਵੀਜ਼ਨ ਪ੍ਰਧਾਨ ਰਾਜੇਸ਼ ਦੇਵਗਨ, ਡਵੀਜ਼ਨ ਸਕੱਤਰ ਰਜਿੰਦਰ ਸ਼ਰਮਾ ਤੇ ਸਰਕਲ ਕੈਸ਼ੀਅਰ ਸੁਭਾਸ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਨ੍ਹਾਂ ਨੇ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੱਤੀ ਤੇ ਭਵਿੱਖ ਵਿਚ ਯੂਨੀਅਨ ਦੀਆਂ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕਰਨ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਸਮਾਗਮ ਵਿੱਚ ਸਾਥੀ ਰਵੀ ਸ਼ਰਮਾ ਤੇ ਝੋਕ ਹਰੀਹਰ ਦੇ ਪ੍ਰਧਾਨ ਰਾਮ ਲੁਭਾਇਆ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਚੋਣ ਦੀ ਸਫਲਤਾ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸਰਵਸੰਮਤੀ ਨਾਲ ਹੋਈ ਇਹ ਚੋਣ ਯੂਨੀਅਨ ਦੀ ਅੰਦਰੂਨੀ ਤਾਕਤ ਤੇ ਏਕਤਾ ਦਾ ਪ੍ਰਤੀਕ ਹੈ। ਇਸ ਸਮਾਗਮ ਨੇ ਸਬ ਡਵੀਜ਼ਨ ਕੈਂਟ ਨੰਬਰ-1 ਦੇ ਮੈਂਬਰਾਂ ਵਿੱਚ ਨਵਾਂ ਜੋਸ਼ ਭਰਿਆ ਤੇ ਆਉਣ ਵਾਲੇ ਸਮੇਂ ਵਿੱਚ ਯੂਨੀਅਨ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸਾਂਝੇ ਯਤਨਾਂ ਦਾ ਸੱਦਾ ਦਿੱਤਾ।



# ਝੀਲ ਬਣ ਗਈਆਂ ਸੜਕਾਂ, 2 ਘੰਟੇ ਦੇ ਮੀਂਹ ਨੇ ਪ੍ਰਸ਼ਾਸਨ ਦੇ ਦਾਅਵਿਆਂ ਦੀ ਕੱਢੀ ਫੂਕ

**ਦੋਰਾਹਾ (ਹਰਮਿੰਦਰ ਸੇਠ)** ਹੁੰਮਸ ਭਰੀ ਗਰਮੀ ਤੋਂ ਪ੍ਰੇਸ਼ਾਨ ਲੋਕਾਂ ਲਈ ਅੱਜ ਦਾ ਦਿਨ ਕੁਝ ਰਾਹਤ ਲੈ ਕੇ ਆਇਆ।ਇਕ ਵਾਰ ਫਿਰ ਮੋਹਲੇਧਾਰ ਬਾਰਿਸ਼ ਹੋਈ। ਬਰਸਾਤ ਦਾ ਪਾਣੀ ਅੱਧੇ ਤੋਂ ਜ਼ਿਆਦਾ ਸ਼ਹਿਰ ਦੋਰਾਹਾ ਦੇ ਘਰਾਂ ਵਿਚ ਵੜ ਗਿਆ ਸੀ ਤੇ ਸੜਕਾਂ ਟੁੱਟ ਗਈਆਂ ਸਨ।ਬਾਰਿਸ਼ ਵੀ ਬਹੁਤ ਤੇਜ਼ ਸੀ ਤੇ ਦੇਖਦਿਆਂ ਹੀ ਦੇਖਦਿਆਂ ਚਾਰੇ ਪਾਸੇ ਪਾਣੀ ਹੀ ਪਾਣੀ ਭਰ ਗਿਆ।ਬਰਸਾਤ ਲਗਭਗ 2 ਘੰਟੇ ਤਕ ਕਾਫੀ ਤੇਜ਼ ਪਈ ਤੇ ਉਸ ਤੋਂ ਬਾਅਦ ਘੱਟ ਹੋ ਗਈ।ਇਸ ਲਈ ਪਾਣੀ ਉਤਰ ਗਿਆ ਤੇ ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਜ਼ਰੂਰ ਮਿਲੀ।ਇੱਕ ਘੰਟੇ ਦੇ ਮੀਂਹ ਨੇ ਪ੍ਰਸ਼ਾਸਨ ਵਲੋਂ ਬਰਸਾਤਾਂ ਦੇ ਮੌਸਮ ਦੌਰਾਨ ਬਰਸਾਤੀ ਪਾਣੀ ਦੀ ਨਿਕਾਸੀ ਦੇ ਪ੍ਰਬੰਧਾਂ ਦੀ ਜਿੱਥੇ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ, ਉੱਥੇ ਸੜਕਾਂ ਉੱਪਰ ਕਈ-ਕਈ ਘੰਟੇ ਖੜੇ ਗੋਡੇ-ਗੋਡੇ ਪਾਣੀ ਨੇ ਸ਼ਹਿਰ ਵਿੱਚ ਹੋਏ ਵਿਕਾਸ ਦੀ ਝਲਕ ਵੀ ਲੋਕਾਂ ਨੂੰ ਦਿਖਾ ਦਿੱਤੀ ਹੈ। ਸ਼ਹਿਰ ਦੇ ਬਜ਼ਾਰ ਤੋਂ ਇਲਾਵਾ ਹੋਰ ਬਹੁਤ ਸਾਰੇ ਖੇਤਰਾਂ ਲਗਭਗ ਸਾਰਾ ਦਿਨ ਪਾਣੀ ਸੜਕਾਂ 'ਤੇ ਖੜਾ ਰਿਹਾ ਤੇ ਲੋਕਾਂ ਨੂੰ ਆਪਣੇ ਕੰਮਾਂ-ਕਾਜਾਂ ਨੂੰ ਜਾਣ ਲਈ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਸ਼ਹਿਰ ਦੇ ਵੱਖ-ਵੱਖ ਚੌਕਾਂ ਵਿੱਚ ਸੜਕਾਂ ਦੇ ਕਿਨਾਰੇ ਪਾਣੀ ਖੜਾ ਹੋ ਗਿਆ, ਜਿਸ ਕਰਕੇ ਲੋਕਾਂ ਨੂੰ ਵਾਹਨ ਚਲਾਉਣ ਵਿੱਚ ਵੀ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।ਉਧਰ ਮੀਂਹ ਕਰਕੇ ਸ਼ਹਿਰ ਦੇ ਪਾਰਕ ਵਿੱਚ ਜਲਥਲ ਹੋ ਗਿਆ, ਜਿਸ ਕਾਰਨ ਸੈਰ ਕਰਨ ਆਉਣ ਵਾਲੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਨਗਰ ਕੌਂਸਲ ਦਫਤਰ ਰੋਡ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੋਡ, ਅੜੈਚਾਂ ਰੋਡ, ਗੁਰੂ ਨਾਨਕ ਸਕੂਲ ਰੋਡ, ਗੁਰਦੁਆਰਾ ਗੋਵਿੰਦ ਸਾਗਰ ਰੋਡ, ਬੱਸ ਸਟੈਂਡ ਰੋਡ 'ਤੇ ਰਾਜਵੰਤ ਹਸਪਤਾਲ ਰੋਡ ਸਿੱਧੂ ਹਸਪਤਾਲ ਰੋਡ ਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਅਤੇ ਚਿੱਕੜ ਵਿਚੋਂ ਲੰਘਣ ਕਾਰਨ ਲੋਕਾਂ ਵੀ ਔਖਾ ਹੋ ਗਿਆ।



# ਹਰਪਾਲ ਸੋਨੂੰ ਕੋਆਰਡੀਨੇਟਰ ਨਿਯੁਕਤ ਹੋਣ 'ਤੇ ਸਨਮਾਨਤ



**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਓਬੀਸੀ ਵਿੰਗ ਦੇ ਵਾਈਸ ਚੇਅਰਮੈਨ ਤੇ ਮੁੱਖ ਬੁਲਾਰਾ ਹਰਪਾਲ ਸਿੰਘ ਸੋਨੂੰ ਨੂੰ ਪਿਛਲੇ ਦਿਨੀਂ ਕਾਂਗਰਸ ਹਾਈ ਕਮਾਨ ਵੱਲੋਂ ਵਿਧਾਨ ਸਭਾ ਹਲਕਾ ਬਰਨਾਲਾ ਦਾ ਕੋਆਰਡੀਨੇਟ ਨਿਯੁਕਤ ਕੀਤਾ ਗਿਆ ਹੈ। ਬਨਾਸਰ ਬਾਗ ਵਿਖੇ ਬੈਡਮਿੰਟਨ ਟੀਮ ਸੰਗਰੂਰ ਵੱਲੋਂ ਹਰਪਾਲ ਸਿੰਘ ਸੋਨੂੰ ਦਾ ਸਨਮਾਨ ਕੀਤਾ ਗਿਆ ਤੇ ਮੁਬਾਰਕਬਾਦ ਦਿੱਤੀ ਗਈ।ਟੀਮ ਦੇ ਮੈਂਬਰਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਇੱਕ ਮਿਹਨਤ ਕਰਨ ਵਾਲੇ ਅਤੇ ਜ਼ਮੀਨ ਨਾਲ ਜੁੜੇ ਵਰਕਰ ਦੀ ਕਦਰ ਕੀਤੀ ਗਈ ਹੈ, ਜਿਸ ਲਈ ਅਸੀਂ ਕਾਂਗਰਸ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦੇ ਧੰਨਵਾਦੀ ਹਾਂ। ਹਰਪਾਲ ਸੋਨੂੰ ਨੇ ਬੈਡਮਿੰਟਨ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਸਨਮਾਨ ਲਈ ਉਹ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਨ।

# ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਖੁੱਲ੍ਹਾ ਦਰਬਾਰ ਅੱਜ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਚੇਅਰਪਰਸਨ ਰਾਜ ਲਾਲੀ ਗਿੱਲ ਦੀ ਅਗਵਾਈ ਹੇਠ 26 ਜੂਨ ਨੂੰ ਸਵੇਰੇ 10.30 ਵਜੇ ਕਾਨਫਰੰਸ ਹਾਲ ਦਫਤਰ ਡਿਪਟੀ ਕਮਿਸ਼ਨਰ ਵਿਖੇ ਇੱਕ ਖੁੱਲ੍ਹਾ ਦਰਬਾਰ/ਲੋਕ ਅਦਾਲਤ ਲਾਈ ਜਾਵੇਗੀ। ਇਸ ਦਰਬਾਰ ਦਾ ਉਦੇਸ਼ ਔਰਤਾਂ ਨੂੰ ਆਪਣੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਨੂੰ ਸਿੱਧਾ ਕਮਿਸ਼ਨ ਤੇ ਪੁਲਸ ਅਧਿਕਾਰੀਆਂ ਦੇ ਸਾਹਮਣੇ ਰੱਖਣ ਲਈ ਇੱਕ ਸਿੱਧਾ ਤੇ ਸੁਗਮ ਮੰਚ ਉਪਲਬਧ ਕਰਾਉਣਾ ਹੈ।ਇਸ ਦੌਰਾਨ ਲਾਏ ਗਏ ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ ਕਰਾਉਣ ਲਈ ਉੱਚ ਅਧਿਕਾਰੀ ਮੌਜੂਦ ਰਹਿਣਗੇ। ਰਾਜ ਲਾਲੀ ਗਿੱਲ ਨੇ ਕਿਹਾ ਕਿ ਔਰਤਾਂ ਦੇ ਹੱਕਾਂ ਦੀ ਰਾਖੀ ਕਰਨਾ ਤੇ ਉਨ੍ਹਾਂ ਦੀਆਂ ਗੁੰਝਲਦਾਰ ਸਮੱਸਿਆਵਾਂ ਦਾ ਤੁਰੰਤ ਹੱਲ ਕਰਾਉਣਾ ਕਮਿਸ਼ਨ ਦੀ ਪਹਿਲ ਹੈ।ਇਹ ਖੁੱਲ੍ਹਾ ਦਰਬਾਰ ਪੀੜਤ ਔਰਤਾਂ ਨੂੰ ਇਨਸਾਫ਼ ਦਿਵਾਉਣ ਵੱਲ ਇਕ ਮਹੱਤਵਪੂਰਨ ਕਦਮ ਹੋਵੇਗਾ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਔਰਤਾਂ ਤੇ ਲੜਕੀਆਂ ਨੂੰ ਕਿੱਤਾ-ਮੁਖੀ ਸਿਖਲਾਈ ਕੋਰਸ ਕਰਵਾਇਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਬਾਂਧਨੀ ਰੰਗਾਈ ਅਤੇ ਵਾਤਾਵਰਣ ਪੱਖੀ ਸਫ਼ਾਈ ਪਦਾਰਥ ਤਿਆਰ ਕਰਨ ਸਬੰਧੀ ਪੰਜ ਰੋਜ਼ਾ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਕੋਰਸ ਵਿੱਚ ਪਿੰਡ ਦੰਦਰਾਲਾ ਖਰੌੜ, ਕੱਲਰ ਮਾਜਰੀ, ਘਨੁੜਕੀ, ਦੀਵਾਨ ਗੜ੍ਹ, ਬਿਰਧਨੋਂ, ਲੱਧਾ ਹੇੜੀ, ਜੱਸੋਮਾਜਰਾ, ਗੁਰਦਿੱਤਪੁਰਾ ਅਤੇ ਰਣਜੀਤਗੜ੍ਹ ਤੋਂ 33 ਪਿੰਡ ਦੀਆਂ ਔਰਤਾਂ, ਲੜਕੀਆਂ ਅਤੇ ਨੌਜੁਆਨਾਂ ਨੇ ਭਾਗ ਲਿਆ।ਪ੍ਰੋਫੈਸਰ (ਗ੍ਰਹਿ ਵਿਗਿਆਨ) ਡਾ. ਗੁਰਉਪਦੇਸ਼ ਕੌਰ ਨੇ ਕੱਪੜਿਆਂ ਦੀ ਸਾਜ-ਸਜਾਵਟ ਲਈ ਬਾਧਨੀ ਕਲਾਂ ਦੀਆਂ ਵੱਖ-ਵੱਖ ਤਕਨੀਕਾਂ ਦੱਸੀਆਂ ਅਤੇ ਵੱਖ-ਵੱਖ ਤਰ੍ਹਾਂ ਦੇ ਸਮਾਨ ਜਿਵੇਂ ਕਿ ਦੁਪੱਟੇ, ਸੂਟ, ਕੁਸ਼ਨ ਕਵਰ, ਚਾਦਰਾਂ ਅਤੇ ਪਰਦਿਆਂ ਦੀ ਰੰਗਾਈ ਬਾਰੇ ਤਕਨੀਕੀ ਜਾਣਕਾਰੀ ਦਿੱਤੀ। ਘਰ ਵਿਚ ਸਾਬਣ ਅਤੇ ਸਰਫ ਬਣਾਉਣ ਦੀਆਂ ਵਾਤਾਵਰਣ ਅਨੁਕੂਲਤ ਤਕਨੀਕਾਂ ਬਾਰੇ ਵੀ ਸਿਖਿਆਰਥਣਾਂ ਨੇ ਸਿੱਖਿਆ। ਸਿਖਲਾਈ ਦੌਰਾਨ ਸਫਲ ਸਿਖਿਆਰਥਣਾਂ ਸੁਮਨ ਕੌਸ਼ਿਕ (ਹਾਰਵੇ ਸੈਲਫ-ਹੈਲਪ ਗਰੁੱਪ) ਅਤੇ ਭਿੰਦਰ ਕੌਰ (ਏਕਤਾ ਸੈਲਫ ਹੈਲਪ ਗਰੁੱਪ) ਨੇ ਸਵੈ-ਸਮੂਹਾਂ ਦੇ ਸ਼ਕਤੀਕਰਣ ਬਾਰੇ ਪ੍ਰੇਰਿਤ ਭਾਸ਼ਣ ਦਿੱਤਾ ਅਤੇ ਆਰਥਿਕ ਆਤਮ-ਨਿਰਭਰਤਾ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ। ਪ੍ਰੋਫੈਸਰ (ਬਾਗਬਾਨੀ) ਡਾ. ਰਚਨਾ ਸਿੰਗਲਾ ਨੇ ਔਰਤਾਂ ਨੂੰ ਘਰੇਲੂ ਬਗੀਚੀ ਅਤੇ ਫਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਦੱਸਿਆ। ਪ੍ਰੋਫੈਸਰ (ਭੋਜਨ ਵਿਗਿਆਨ) ਡਾ. ਰਜਨੀ ਗੋਇਲ ਨੇ ਘਰ ਵਿੱਚ ਫਲਾਂ ਸਬਜ਼ੀਆਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਦਿੱਤੀ। ਸਿਖਲਾਈ ਦੇ ਅਖੀਰਲੇ ਦਿਨ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਕਿਸਾਨ ਬੀਬੀਆਂ ਨੂੰ ਆਪਣਾ ਹੁਨਰ ਪਛਾਣ ਕੇ ਹੱਥ ਦੀ ਦਸਤਕਾਰੀ ਨੂੰ ਵਪਾਰਕ ਪੱਧਰ 'ਤੇ ਤੋਰਨ ਲਈ ਪ੍ਰੇਰਿਤ ਕੀਤਾ।




# ਵਿਸ਼ਵ ਸੰਗੀਤ ਦਿਵਸ ਮੌਕੇ 'ਸੁਰ ਆਂਗਨ' ਸੰਸਥਾ ਨੇ 25ਵੀਂ ਵਰ੍ਹੇਗੰਢ ਮਨਾਈ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਵਿਸ਼ਵ ਸੰਗੀਤ ਦਿਵਸ ਮੌਕੇ ਸੰਗੀਤ ਤੇ ਸ਼ਾਇਰੀ ਨੂੰ ਸਮਰਪਤ ਸੰਸਥਾ 'ਸੁਰ-ਆਂਗਣ' ਵੱਲੋਂ 25ਵੀਂ ਸਿਲਵਰ ਜੁਬਲੀ ਦੇਸ਼ ਭਗਤ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਵਿਖੇ ਬੜੀ ਧੂਮਧਾਮ ਨਾਲ ਮਨਾਈ ਗਈ।ਇਸ ਮੌਕੇ ਕਾਲਜ ਦੇ ਸਹਿਯੋਗ ਨਾਲ ਇੱਕ ਸ਼ਾਨਦਾਰ ਸੰਗੀਤ ਸਮਾਗ਼ਮ ਦਾ ਆਯੋਜਨ ਕੀਤਾ ਗਿਆ। ਸਮਾਗ਼ਮ ਦਾ ਆਗਾਜ਼ ਕਾਲਜ ਦੇ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਦੁਆਰਾ ਸ਼ਮ੍ਹਾ ਰੌਸ਼ਨ ਦੀ ਰਸਮ ਅਦਾ ਕਰਕੇ ਕੀਤਾ ਗਿਆ, ਜਿਸ ਵਿੱਚ ਪ੍ਰਿੰਸੀਪਲ ਦਲਬੀਰ ਸਿੰਘ, ਜ਼ਿਲ੍ਹਾ ਭਾਸ਼ਾ ਅਫ਼ਸਰ ਮਨਜੀਤ ਪੁਰੀ, ਪ੍ਰੋ. ਮੰਜੂ ਕਪੂਰ ਨੇ ਵੀ ਸਾਥ ਦਿੱਤਾ। ਇਸ ਉਪਰੰਤ 'ਸੁਰ-ਆਂਗਨ' ਦੇ ਵਿਦਿਆਰਥੀ-ਕਲਾਕਾਰਾਂ ਨੇ ਸਰਸਵਤੀ ਵੰਦਨਾ ਅਤੇ ਸੁਰ-ਆਂਗਨ ਧੁਨੀ ਦਾ ਗਾਇਨ ਕੀਤਾ।ਪ੍ਰੋ. ਗੁਰਸੇਵਕ ਸਿੰਘ ਨੇ ਹਾਜ਼ਰ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਡਾ. ਦੀਪਕ ਭੱਟੀ, ਡੀਨ ਕਾਲਜ, ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਫ਼ਰੀਦਕੋਟ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਆਪਣੇ ਵਡਮੁੱਲੇ ਵਿਚਾਰ ਦਿੰਦੇ ਹੋਏ ਕਿਹਾ ਕਿ ਸੁਰ-ਆਂਗਨ ਇੱਕ ਸੰਗੀਤ ਸੰਸਥਾ ਹੀ ਨਹੀਂ, ਇੱਕ ਅੰਦੋਲਨ ਹੈ ਜੋ ਨਿਰੰਤਰ ਨਵੀਂ ਪੀੜ੍ਹੀ ਵਿੱਚ ਸ਼ੁੱਧ, ਮਿਆਰੀ ਤੇ ਸਿਰਜਣਾਤਮਕ ਸਾਹਿਤਕ, ਸੰਗੀਤਕ ਗੁਣ ਪੈਦਾ ਕਰਨ ਵਿੱਚ ਲਗਾਤਾਰ ਯਤਨਸ਼ੀਲ ਹੈ। ਡਾ. ਰਾਜੇਸ਼ ਮੋਹਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੰਗੀਤ ਸਾਡੀ ਰੂਹ ਦੀ ਖੁਰਾਕ ਹੈ।ਸਾਨੂੰ ਅੱਜ ਦੀ ਪੀੜ੍ਹੀ ਨੂੰ ਸੰਗੀਤ ਦੇ ਨਾਲ ਜੋੜਨਾ ਚਾਹੀਦਾ ਹੈ।ਸੁਰ ਆਂਗਨ ਸੰਸਥਾ ਇਸ ਇਲਾਕੇ ਵਿੱਚ ਮਿਆਰੀ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ 25 ਸਾਲਾਂ ਤੋਂ ਨਿਰੰਤਰ ਕੰਮ ਕਰ ਰਹੀ ਹੈ ਤੇ ਹੁਣ ਤੱਕ ਲਗਾਤਾਰ ਇਹ ਵਿਸ਼ਵ ਸੰਗੀਤ ਦਿਵਸ ਦਾ ਆਯੋਜਨ ਕਰਦੀ ਆ ਰਹੀ ਹੈ। ਲਗਭਗ ਸਾਢੇ 5 ਘੰਟੇ ਚੱਲੇ ਇਸ ਪ੍ਰੋਗਰਾਮ ਵਿੱਚ ਬਹੁਤ ਸਾਰੇ ਕਲਾਕਾਰਾਂ ਨੇ ਵੱਖ-ਵੱਖ ਸੰਗੀਤਕ ਵੰਨਗੀਆਂ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਜਿਸ ਵਿੱਚ ਗੁਲਾਬ ਸਿੰਘ, ਸੁਖਵਿੰਦਰ ਸਾਰੰਗ ਮੁਹਾਲੀ, ਅਰਸ਼ ਕਾਵਿਆ, ਰਿਸ਼ਬ ਸੈਣੀ, ਹਰਸ਼ਵਰਧਨ, ਜਸਵੰਤ ਸਿੰਘ ਜਲਾਲਾਬਾਦ, ਹੰਸਰਾਜ ਜੈਤੋ ਆਦਿ ਨੇ ਗੀਤਾਂ ਨਾਲ ਦਰਸ਼ਕਾਂ ਨੂੰ ਮੰਤਰ-ਮੁਗਧ ਕੀਤਾ। ਇਸ ਤੋਂ ਇਲਾਵਾ ਹਰਪ੍ਰੀਤ ਕੌਰ ਤੇ ਕਿਰਨਦੀਪ ਨੇ ਹਿੰਦੀ ਫ਼ਿਲਮੀ ਗੀਤਾਂ ਦਾ ਗੁਲਦਸਤਾ ਪੇਸ਼ ਕੀਤਾ।ਅਮਨਪ੍ਰੀਤ ਕੌਰ ਤੇ ਸਰਬਜੀਤ ਕੌਰ ਨੇ ਫ਼ਰੀਦਾ ਖਾਨਮ ਦੀਆਂ ਗ਼ਜ਼ਲਾਂ ਪੇਸ਼ ਕੀਤੀਆਂ।ਮਾਧਵ ਅਰੋੜਾ, ਹਰਮਨ, ਨੂਰ, ਲੱਕੀ, ਮਨਪ੍ਰੀਤ ਕੌਰ, ਆਦਿ ਨੇ ਸ਼ਾਸ਼ਤਰੀ ਅਤੇ ਸੁਗਮ ਗੀਤਾਂ ਦਾ ਗਾਇਨ ਕੀਤਾ।ਪ੍ਰਸਿੱਧ ਸੰਗੀਤਕਾਰ ਹਰਜੀਤ ਸਿੰਘ ਤੇ ਸਾਹਿਲ ਤਗੋਰੀਆ ਨੇ ਤਬਲੇ ਨਾਲ ਸਾਥ ਨਿਭਾਇਆ। ਅੰਤ 'ਚ ਡਾ. ਰਾਜੇਸ਼ ਮੋਹਨ ਨੇ ਆਪਣੀ ਪ੍ਰਸਿੱਧ ਰਚਨਾ 'ਰੰਗ ਬਿਰੰਗੇ ਬੋਲ' ਨਾਲ ਸਮਾਗ਼ਮ ਨੂੰ ਸਿਖ਼ਰਾਂ ਤੱਕ ਪਹੁੰਚਾਇਆ।ਸਮਾਗਮ ਦੇ ਅਖ਼ੀਰ ਵਿੱਚ ਸੁਰ ਆਂਗਨ ਸੰਸਥਾ ਵੱਲੋਂ ਡਾ. ਰਾਜੇਸ਼ ਮੋਹਨ ਨੂੰ ਸੰਗੀਤ ਦੇ ਪ੍ਰਤੀ ਸੇਵਾਵਾਂ ਦੇਣ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਅਤੇ 25ਵੀਂ ਸਿਲਵਰ ਜੁਬਲੀ ਦਾ ਕੇਕ ਕੱਟ ਕੇ ਸੱਭ ਨੂੰ ਮੁਬਾਰਕਾਂ ਦਿੱਤੀਆਂ।ਸੰਸਥਾ ਦੇ ਮੈਂਬਰ ਰਘੂ ਅਰੋੜਾ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।ਸੰਗੀਤ ਅਧਿਆਪਕਾ ਦਿਲਜੀਤ ਕੌਰ ਨੇ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।



# ਬਿਜਲੀ ਕਾਮਿਆਂ ਵੱਲੋਂ ਸਰਕਲ ਦਫਤਰ ਅੱਗੇ ਰੋਹ ਭਰਪੂਰ ਧਰਨਾ

ਨਵਾਂਸ਼ਹਿਰ (ਮਨੋਜ ਲਾਡੀ) ਨਿੱਜੀਕਰਨ ਅਤੇ ਆਊਟਸੋਰਸਡ ਠੇਕੇਦਾਰੀ ਪ੍ਰਣਾਲੀ ਦੀ ਨੀਤੀ ਰੱਦ ਕਰਵਾਉਣ ਲਈ ਬਿਜਲੀ ਕਾਮਿਆਂ ਨੇ ਪਾਵਰਕਾਮ/ਟਰਾਂਸਕੋ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਿਰੁੱਧ ਸਰਕਲ ਦਫਤਰ ਨਵਾਂਸ਼ਹਿਰ ਅੱਗੇ ਰੋਹ ਭਰਪੂਰ ਧਰਨਾ ਦਿੱਤਾ। (ਨਵਾਂਸ਼ਹਿਰ) ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ:) ਪੰ.ਰਾ.ਬਿ.ਬੋ. ਅਤੇ ਕੋਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਐਂਡ ਟਰਾਂਸਕੋ ਆਊਟਸੋਰਸਡ ਮੁਲਾਜ਼ਮ ਦੀਆਂ ਸੂਬਾ ਕਮੇਟੀ ਦੇ ਸੱਦੇ 'ਤੇ ਸਰਕਲ ਨਵਾਂਸ਼ਹਿਰ ਦੇ ਦਫਤਰ ਅੱਗੇ ਨੇਂਦ ਲਾਲ ਸਰਕਲ ਪ੍ਰਧਾਨ ਟੀ.ਐੱਸ.ਯੂ. ਅਤੇ ਹਰਪ੍ਰੀਤ ਸਿੰਘ ਪਾਵਰਕਾਮ ਠੇਕਾ ਮੁਲਾਜ਼ਮ ਯੂਨੀਅਨ ਦੀ ਅਗਵਾਈ ਵਿੱਚ ਰੋਹ ਭਰਪੂਰ ਧਰਨਾ ਦੇ ਕੇ ਨਿਗਰਾਨ ਇੰਜੀਨੀਅਰ ਨਵਾਂਸ਼ਹਿਰ ਨੂੰ ਪਾਵਰਕਾਮ/ਟਰਾਂਸਕੋ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਭੇਜਣ ਲਈ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਟੀ.ਐੱਸ.ਯੂ. ਦੇ ਸਰਕਲ ਸਕੱਤਰ ਹਰਜਿੰਦਰ ਸਿੰਘ ਅਤੇ ਪਾਵਰਕਾਮ ਠੇਕਾ ਮੁਲਾਜ਼ਮ ਯੂਨੀਅਨ ਨੇ ਸਾਂਝੇ ਰੂਪ ਵਿੱਚ ਦੱਸਿਆ ਕਿ ਮੈਨੇਜਮੈਂਟ ਅਤੇ ਸਰਕਾਰਾਂ ਵੱਲੋਂ ਮਹਿਕਮੇ ਵਿੱਚ ਕੀਤੀ ਜਾ ਰਹੀ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਵਾਉਣ ਲਈ, ਖਰੜ ਅਤੇ ਲਾਲੜੂ ਸਮੇਤ 10 ਡਵੀਜ਼ਨਾਂ ਦੇ ਨਿੱਜੀਕਰਨ ਦਾ ਫੈਸਲਾ ਰੱਦ ਕਰਾਉਣ ਲਈ ਸਮੂਹ ਠੇਕੇਦਾਰ ਅਤੇ ਆਊਟਸੋਰਸ ਕੰਪਨੀਆਂ ਨੂੰ ਮਹਿਕਮੇ ਵਿੱਚੋਂ ਬਾਹਰ ਕੱਢ ਕੇ ਸਾਲਾਂ ਮਗਰੋਂ ਤੋਂ ਆਊਟਸੋਰਸਡ ਦੇ ਰੂਪ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਮਹਿਕਮੇ ਵਿੱਚ ਪੱਕੀ ਭਰਤੀ ਕਰਾਉਣ ਲਈ ਸਮੂਹ ਰੈਗੂਲਰ ਅਤੇ ਠੇਕਾ ਕਾਮਿਆਂ ਲਈ ਘੱਟੋ-ਘੱਟ ਉਜਰਤ ਦੇ ਕਾਨੂੰਨ 1948 ਮੁਤਾਬਿਕ 15 ਵੀਂ ਲੇਬਰ ਕਾਨਫਰੰਸ 1987 ਦੀਆਂ ਸਿਫਾਰਸ਼ਾਂ ਨੂੰ ਸ਼ਾਮਿਲ ਕਰਕੇ ਘੱਟੋ ਘੱਟ ਤਨਖਾਹ ਨਿਸ਼ਚਤ ਕਰਾਉਣ ਲਈ, ਲੇਬਰ ਕਾਨੂੰਨਾਂ ਵਿੱਚ ਕੀਤੀਆਂ ਕਾਮਾ ਦੋਖੀ ਸੋਧਾਂ ਰੱਦ ਕਰਾਉਣ ਲਈ, ਜੱਥੇਬੰਦ ਹੋਣ ਅਤੇ ਸੰਘਰਸ਼ ਕਰਨ ਦੇ ਹੱਕਾਂ ਤੇ ਮੜੀਆਂ ਪਾਬੰਦੀਆਂ ਰੱਦ ਕਰਾਉਣ ਲਈ, ਨਜਾਇਜ਼ ਤਰ ਤੇ ਦੋਹਰੀ ਸਜ਼ਾ ਦਿੰਦੇ ਹੋਏ ਦੁਬਾਰਾ ਡਿਸਮਿਸ ਕੀਤੇ ਗਏ ਪਟਿਆਲਾ ਸਰਕਲ ਦੇ ਦੋ ਆਗੂਆਂ ਨੂੰ ਬਹਾਲ ਕਰਾਉਣ ਲਈ, 01.01.2004 ਤੋਂ ਪਹਿਲਾਂ ਭਰਤੀ ਹੋਏ ਸਾਰੇ ਮੁਲਾਜ਼ਮਾਂ ਲਈ ਪਹਿਲੀ ਲਾਭਕਾਰੀ ਪੈਨਸ਼ਨ ਯੋਜਨਾ ਲਾਗੂ ਕਰਾਉਣ ਲਈ, ਟੈਕਨੀਕਲ ਕੰਮ ਕਰਦੇ ਆਊਟਸੋਰਸਡ ਕਾਮਿਆਂ ਨੂੰ ਸਕਿਲਡ (ਸਿਖਿਅਤ) ਮੰਨ ਕੇ ਪੂਰੀ ਤਨਖਾਹ ਅਤੇ ਸਹੂਲਤਾਂ ਦੁਆਉਣ ਲਈ ਆਦਿ ਮੰਗ ਪੱਤਰ ਵਿੱਚ ਦਰਜ ਮੰਗਾਂ ਮੰਨਵਾਉਣ ਅਤੇ ਮਿਤੀ 03.07.2025 ਨੂੰ ਪਟਿਆਲਾ ਹੈਡ ਆਫਿਸ ਅੱਗੇ ਕੀਤੇ ਜਾ ਰਹੇ ਪ੍ਰਦਰਸ਼ਨ ਸਬੰਧੀ ਧਰਨੇ ਮੁਜ਼ਾਹਰੇ ਦੀ ਤਿਆਰੀ ਲਈ ਅੱਜ ਦਾ ਧਰਨਾ ਦਿੱਤਾ ਗਿਆ। ਧਰਨੇ ਵਿੱਚ ਵੱਖ ਵੱਖ ਬੁਲਾਰਿਆਂ ਨੇ ਮੈਨੇਜਮੈਂਟ, ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਬੇਰੁਜ਼ਗਾਰ ਨੌਜਵਾਨ ਅਤੇ ਆਮ ਮਿਹਨਤਕਸ਼ ਲੋਕ ਵਿਰੋਧੀ ਨੀਤੀਆਂ ਵਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਹੋਏ ਮੰਗ ਕੀਤੀ ਕਿ ਜੇਕਰ ਉਪਰੋਕਤ ਮੰਗਾਂ ਮਸਲਿਆਂ ਨੂੰ ਹੱਲ ਨਾ ਕੀਤਾ ਤਾਂ ਮਿਤੀ 03.07.2025 ਨੂੰ ਪਟਿਆਲਾ ਵਿਖੇ ਧਰਨਾ ਮੁਜ਼ਾਹਰਾ ਕਰਕੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।



# ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਵੱਲੋਂ ਡਿਪਟੀ ਡਾਇਰੈਕਟਰ ਦਫਤਰ ਅੱਗੇ ਰੋਹ ਭਰਪੂਰ ਧਰਨਾ



ਜਲੰਧਰ (ਨਵਾਂ ਜ਼ਮਾਨਾ ਸਰਵਿਸ)- ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਵੱਲੋਂ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਦਫਤਰ ਜਲੰਧਰ ਅੱਗੇ ਆਪਣੀਆਂ ਹੱਕੀ ਮੰਗਾਂ ਮਸਲਿਆਂ ਦੇ ਨਿਪਟਾਰੇ ਲਈ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਰੋਸ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਸੀਨੀਅਰ ਵੈਟਰਨਰੀ ਇੰਸਪੈਕਟਰ ਨੇ ਕਿਹਾ ਕੇ ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੀ ਅਫਸਰਸ਼ਾਹੀ ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਵੈਟਰਨਰੀ ਇੰਸਪੈਕਟਰ ਕੇਡਰ ਦੁਆਰਾ ਪਸ਼ੂ ਪਾਲਣ ਵਿਭਾਗ ਦੀਆਂ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ ਪ੍ਰੰਤੂ ਪਸ਼ੂ ਪਾਲਣ ਵਿਭਾਗ ਦਾ ਮੁਹਾਲੀ ਸਥਿਤ ਡਾਇਰੈਕਟੋਰੇਟ ਵੈਟਰਨਰੀ ਇੰਸਪੈਕਟਰ ਕੇਡਰ ਨਾਲ ਲਗਾਤਾਰ ਮਤਰੇਆ ਵਿਵਹਾਰ ਕਰ ਰਿਹਾ ਹੈ।ਪੰਜਾਬ ਦੇ ਵੈਟਰਨਰੀ ਇੰਸਪੈਕਟਰ ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੇ ਇਸ ਰਵੱਈਏ ਖਿਲਾਫ ਸੜਕਾਂ 'ਤੇ ਉਤਰਨ ਲਈ ਤਿਆਰ ਹਨ। ਜੇਕਰ ਪੰਜਾਬ ਸਰਕਾਰ ਨੇ ਤੁਰੰਤ ਅਰੁਣ ਕੁਮਾਰ ਦੀ ਬਹਾਲੀ ਅਤੇ ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ ਅਤੇ ਮਸਲਿਆਂ ਦਾ ਨਿਪਟਾਰਾ ਨਹੀਂ ਕੀਤਾ ਤਾਂ ਵੈਟਰਨਰੀ ਇੰਸਪੈਕਟਰ ਕੇਡਰ, ਮੁਹਾਲੀ ਵਿਖੇ ਸਥਿਤ ਪ੍ਰਸ਼ਾਸਨੀ ਡਾਇਰੈਕਟੋਰੇਟ ਦਾ ਘਿਰਾਓ ਕਰੇਗਾ।ਇਸ ਮੌਕੇ ਬਿਹਾਰੀ ਲਾਲ ਛਾਬੜਾ ਮੁੱਖ ਸਲਾਹਕਾਰ ਰਾਜੇਸ਼ ਖਰਬਨਾਮਾ, ਰਜਿੰਦਰ ਕੁਮਾਰ ਸਟੇਟ ਬਾਡੀ ਮੈਂਬਰ, ਰਾਜੀਵ ਕੁਮਾਰ ਤਹਿਸੀਲ ਪ੍ਰਧਾਨ ਜਲੰਧਰ, ਵੈਟਰਨਰੀ ਇੰਸਪੈਕਟਰ ਪੰਕਜ ਕੁਮਾਰ, ਜਸਪਾਲ ਸਿੰਘ, ਬਲਜਿੰਦਰ ਸਿੰਘ, ਅਮਰੀਕ ਸਿੰਘ ਕਾਹਲੋਂ, ਪਰਗੋਤ ਲਾਲ, ਮਹਿੰਦਰ ਪਾਲ, ਹਰਭਜਨ ਸਿੰਘ, ਪਵਿੱਤਰ ਸਿੰਘ, ਰਮਨ ਕੁਮਾਰ, ਨਰਿੰਦਰ ਸਿੰਘ ਅਤੇ ਹੋਰ ਵੈਟਰਨਰੀ ਇੰਸਪੈਕਟਰ ਹਾਜ਼ਰ ਹੋਏ। ਡਾਇਰੈਕਟਰ ਪਸ਼ੂ ਪਾਲਣ ਪੰਜਾਬ ਦਾ ਪੁਤਲਾ ਵੀ ਸਾੜਿਆ ਗਿਆ।

# ਇੰਗਲੈਂਡ 'ਚ ਆਦਿ ਧਰਮ ਮੰਡਲ ਦਾ 99ਵਾਂ ਸਥਾਪਨਾ ਦਿਵਸ ਮਨਾਇਆ



ਹੁਸ਼ਿਆਰਪੁਰ, (ਓ ਪੀ ਰਾਣਾ) ਆਦਿ ਧਰਮ ਮੰਡਲ ਦਾ 99 ਵਾਂ ਸਥਾਪਨਾ ਦਿਵਸ ਇੰਗਲੈਂਡ ਦੀ ਧਰਤੀ ਵੁਲਵਰਹੈਂਪਟਨ ਦੇ ਗੁਰੂ ਰਵਿਦਾਸ ਟੈਂਪਲ ਡਡਲੀ ਰੋਡ ਵਿਖੇ ਆਦਿ ਧਰਮ ਬੁਦਰਹੁਡ ਯੂ ਕੇ ਵੱਲੋਂ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪੰਤ ਗੁਰੂ ਘਰ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਉਪਰੰਤ ਬੁਲਾਰਿਆਂ ਵੱਲੋਂ ਆਦਿ ਧਰਮ ਮੰਡਲ ਦੀ ਲਹਿਰ ਜੋ ਕਿ 11-12 ਜੂਨ 1926 ਨੂੰ ਹੁਸ਼ਿਆਰਪੁਰ ਦੇ ਪਿੰਡ ਮੁਗੋਵਾਲ ਵਿਖੇ ਇਸ ਲਹਿਰ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸ਼ੁਰੂ ਕੀਤੀ ਗਈ ਸੀ,ਦੇ ਇਤਿਹਾਸ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਇਹ ਲਹਿਰ ਜਿੱਥੇ ਸਾਡੇ ਸਮਾਜ ਨੂੰ ਸਮਾਜਿਕ ਤੌਰ ਤੇ ਅਜ਼ਾਦ ਕਰਾਉਣ ਲਈ ਸੀ ਉੱਥੇ ਇਹ ਸਾਨੂੰ ਰਾਜਨੀਤਕ ਸੱਤਾ ਪ੍ਰਾਪਤੀ ਲਈ ਵੀ ਓਨੀ ਹੀ ਮਹੱਤਵ ਪੂਰਨ ਸੀ। ਇਸ ਲਹਿਰ ਦੇ ਕਾਰਨ ਹੀ ਸਾਡੇ ਬਜ਼ੁਰਗ ਵਡੇਰੇ ਸਾਰੇ ਅਧਿਕਾਰ ਸਾਨੂੰ ਮਿਲੇ, ਜਿਨਾਂ ਵਿੱਚੋਂ ਜਮੀਨ ਖ੍ਰੀਦਣ ਦਾ ਹੱਕ,ਵੋਟ ਦਾ ਹੱਕ ਅਤੇ ਚੋਣਾਂ ਲੜਨ ਦਾ ਹੱਕ ਆਦਿ ਸਾਡੇ ਸਮਾਜ ਨੂੰ ਪ੍ਰਾਪਤ ਹੋਏ। ਕਮਿਊਨਲ ਅਵਾਰਡ ਰਾਹੀਂ ਅੰਗਰੇਜ਼ ਹਕੂਮਤ ਨੇ ਸਾਨੂੰ ਰਿਜ਼ਰਵੇਸ਼ਨ ਵੀ ਇਸੇ ਲਹਿਰ ਕਾਰਨ ਦਿੱਤੀ। ਇਸ ਦੇ ਨਾਲ ਹੀ ਸਮਾਜ ਦੀ ਵੱਖਰੀ ਪਹਿਚਾਣ ਲਈ ਆਦਿ ਧਰਮ ਵੀ ਇਸ ਵਿੱਚ ਉਸ ਵੇਲੇ 36 ਅਛੂਤ ਸਭਾਵਾਂ ਜਾਣ ਵਾਲੀਆਂ ਜਾਤਾਂ ਸ਼ਾਮਲ ਸਨ, ਨੂੰ ਵੀ ਮਾਨਤਾ 1930 ਵਿੱਚ ਮਿਲੀ ਅਤੇ 1931 ਦੀ ਮਰਦਮਸ਼ੁਮਾਰੀ ਵਿੱਚ ਵੱਖਰਾ ਕਾਲਮ ਬਣਿਆ। ਸਾਰੇ ਹੀ ਬੁਲਾਰਿਆਂ ਨੇ ਆਦਿ ਧਰਮ ਨੂੰ ਮਜ਼ਬੂਤ ਕਰਨ ਲਈ ਅਤੇ ਆਪਣੀ ਵੱਖਰੀ ਪਹਿਚਾਣ ਲਈ ਆਦਿ ਧਰਮ ਦੇ ਝੰਡੇ ਥੱਲੇ ਇਕੱਠੇ ਹੋਣ ਲਈ ਸੰਗਤਾਂ ਨੂੰ ਸੱਦਾ ਦਿੱਤਾ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਬਾਬਾ ਨਿਰਮਲ ਸਿੰਘ ਅਵਾਦਾਨ ਵਿਸ਼ੇਸ਼ ਤੌਰ 'ਤੇ ਭਾਰਤ ਤੋਂ ਸ਼ਾਮਲ ਹੋਏ। ਭਾਰਤ ਤੋਂ ਹੀ ਡਾ.ਹਰਦੀਪ ਸਿੰਘ ਭਟੋਆ ਐਡਵੋਕੇਟ ਅਤੇ ਬੀਬੀ ਜਗਦੀਸ਼ ਕੌਰ ਧਰਮ ਪਤਨੀ ਸਵਰਗੀ ਪ੍ਰੋ.ਮਲ ਸਿੰਘ ਵੀ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਬਾਬਾ ਨਿਰਮਲ ਸਿੰਘ ਨੇ ਵਿਸਥਾਰ ਨਾਲ ਕਿਹਾ ਕਿ ਗੁਰੂ ਰਵਿਦਾਸ ਜੀ ਅਤੇ ਉਨਾਂ ਦੇ ਪੂਰਵਕ ਆਦਿ ਧੰਮ /ਆਦਿ ਧਰਮ ਵਿੱਚ ਹੀ ਪੈਦਾ ਹੋਏ ਹਨ। ਉਪਰੋਕਤ ਬੁਲਾਰਿਆਂ ਤੋਂ ਇਲਾਵਾ ਨਿਰਮਲ ਮਹੇ, ਬਾਬੂ ਮੰਗੂ ਰਾਮ ਦੇ ਸਪੁੱਤਰੀ ਮੇਘ ਰਾਜ , ਹਰਬੰਸ ਸਿੰਘ ਹੀਰ, ਜਨਕ ਰਾਜ ਭਾਟੀਆ ਅਤੇ ਗਿਆਨ ਚੰਦ ਦੀਵਾਲੀ ਆਦਿ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਆਰ ਕੇ ਸਾਗਰ ਪ੍ਰਸਿੱਧ ਕਲਾਕਾਰ ਹੁਸ਼ਿਆਰਪੁਰ ਨੇ ਗੁਰੂ ਜੱਸ ਗਾਇਨ ਕੀਤਾ ਉੱਥੇ ਆਪਣੇ ਗੀਤਾਂ ਰਾਹੀਂ ਆਦਿ ਧਰਮ ਲਹਿਰ ਬਾਰੇ ਵੀ ਚਾਨਣਾ ਪਾਇਆ। ਸਟੇਜ ਸਕੱਤਰ ਦੀ ਜਿੰਮੇਵਾਰੀ ਹਰਬੰਸ ਸਿੰਘ ਹੀਰਾ ਵੱਲੋਂ ਬਾਖੂਬੀ ਨਿਭਾਈ ਗਈ।

# ਅੱਜ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੁਜਾ)-ਕਈ ਸਾਲਾਂ ਤੋਂ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਨੈਸ਼ਨਲ ਅਵਾਰਡੀ ਸੰਸਥਾ ਮੁਕਤੀਸਰ ਵੈਲਫੇਅਰ ਕਲੱਬ ਵੱਲੋਂ ਸਮਾਜਿਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ 26 ਜੂਨ ਨੂੰ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਸ੍ਰੀ ਮੁਕਤਸਰ ਸਾਹਿਬ ਵਿਖੇ ਮਨਾਇਆ ਜਾਵੇਗਾ। ਇਸ ਸਬੰਧੀ ਅੱਜ ਸੰਸਥਾ ਦੇ ਮੈਂਬਰਾਂ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਸਬੰਧੀ ਸਟਿਕਰ ਜਾਰੀ ਕੀਤੇ ਗਏ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਸੰਸਥਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਛਾਬੜਾ, ਮੈਂਬਰ ਡਾਕਟਰ ਵਿਜੇ ਸੁਖੀਜਾ, ਮੈਂਬਰ ਲਾਲ ਚੰਦ ਰੁਪਾਣਾ, ਮੈਂਬਰ ਸੁਰਿੰਦਰ ਸਿੰਘ ਪਟਵਾਰੀ, ਮੈਂਬਰ ਡਾਕਟਰ ਵਿਜੇ ਬਜਾਜ ਹਾਜ਼ਰ ਸਨ।



ਇਸ ਦੌਰਾਨ ਜਸਪ੍ਰੀਤ ਸਿੰਘ ਛਾਬੜਾ ਨੇ ਕਿਹਾ ਕਿ ਮੁਕਤੀਸਰ ਵੈਲਫੇਅਰ ਕਲੱਬ ਰਜਿਸਟਰਡ ਵੱਲੋਂ ਹਰੇਕ ਸਾਲ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਸ ਵਾਰ ਵੀ ਸੰਸਥਾ ਵੱਲੋਂ ਨੌਜਵਾਨ ਪੀੜ੍ਹੀ ਨੂੰ ਨਸ਼ੇ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਜਾਗਰੂਕ ਕੀਤਾ ਜਾਵੇਗਾ ਅਤੇ ਉਹਨਾਂ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਸਮਾਜ ਸੇਵਾ ਦੇ ਕੰਮਾਂ ਨਾਲ ਜੁੜ ਕੇ ਲੋਕ ਭਲਾਈ ਦੇ ਕੰਮ ਕਰਨ। ਉਹਨਾਂ ਕਿਹਾ ਕਿ ਨਸ਼ੇ ਦੇ ਮਾੜੇ ਪ੍ਰਭਾਵ ਕਾਰਨ ਜਿੱਥੇ ਲੋਕ ਆਪਣੀ ਕੀਮਤੀ ਜਾਨ ਨਾਲ ਖੇਡ ਰਹੇ ਹਨ ਉੱਥੇ ਕਈ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਹੇ ਹਨ। ਇਸ ਦੌਰਾਨ ਨੈਸ਼ਨਲ ਇੰਸਪੈਕਟਰ ਲਾਲ ਚੰਦ ਰੁਪਾਣਾ ਨੇ ਕਿਹਾ ਕਿ ਸਿਹਤ ਵਿਭਾਗ ਅਤੇ ਮੁਕਤੀਸਰ ਵੈਲਫੇਅਰ ਕਲੱਬ ਸਮੇਂ ਸਮੇਂ 'ਤੇ ਲੋਕਾਂ ਵਿੱਚ ਜਾ ਕੇ ਨਸ਼ੇ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਜਾਗਰੂਕ ਕਰ ਰਿਹਾ ਹੈ। ਇਸ ਦੌਰਾਨ ਸੰਸਥਾ ਦੀ ਟੀਮ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਜੇਕਰ ਉਹ ਨਸ਼ਾ ਛੱਡਣਾ ਚਾਹੁੰਦੇ ਹਨ ਤਾਂ ਉਹ ਸਾਡੀ ਸੰਸਥਾ ਨਾਲ ਤਾਲਮੇਲ ਕਰਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ

ਜਲੰਧਰ, (ਸ਼ੈਲੀ ਐਲਬਰਟ):-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 26 ਜੂਨ ਨੂੰ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਇਸ ਮੌਕੇ ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਣਗੀਆਂ।ਇਸ ਸਬੰਧੀ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਨੇ ਦੱਸਿਆ ਕਿ ਇਸ ਮੌਕੇ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਨਸ਼ਿਆਂ ਖ਼ਿਲਾਫ਼ ਪ੍ਰਣ ਕਰਵਾਏ ਜਾਣਗੇ। ਉਨ੍ਹਾਂ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਐਨ.ਸੀ.ਸੀ., ਐਨ. ਐਸ. ਐਸ., ਐਨ. ਜੀ. ਓਜ਼ ਅਤੇ ਸਪੋਰਟਸ ਵਲੰਟੀਅਰਾਂ ਦੀ ਮਦਦ ਨਾਲ ਵੱਖ-ਵੱਖ ਗਤੀਵਿਧੀਆਂ ਰਾਹੀਂ ਆਮ ਲੋਕਾਂ ਵਿਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਫੈਲਾਈ ਜਾਵੇਗੀ। ਉਨ੍ਹਾਂ ਇਸ ਮੌਕੇ ਕਰਵਾਈਆਂ ਜਾਣ ਵਾਲੀਆਂ ਜਾਗਰੂਕਤਾ ਗਤੀਵਿਧੀਆਂ/ਪ੍ਰੋਗਰਾਮਾਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ 'ਤੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਤਾਂ ਜੋ ਸਮਾਜ ਵਿਚ ਨਸ਼ਿਆਂ ਖ਼ਿਲਾਫ਼ ਮਜ਼ਬੂਤ ਸੁਨੇਹਾ ਜਾ ਸਕੇ। ਇਸ ਮੌਕੇ ਏ.ਡੀ.ਸੀ.ਪੀ. ਆਕਰਸ਼ੀ ਜੈਨ ਵੀ ਮੌਜੂਦ ਸਨ। ਉਨ੍ਹਾਂ ਸੀ.ਡੀ.ਪੀ.ਓਜ਼ ਨੂੰ ਪਿੰਡ ਪੱਧਰ 'ਤੇ ਨੌਜਵਾਨਾਂ ਨੂੰ ਸ਼ਾਮਲ ਕਰਕੇ ਨਸ਼ਿਆਂ ਖ਼ਿਲਾਫ਼ ਜਾਗੋ ਕੱਢਣ ਦੀਆਂ ਹਦਾਇਤਾਂ ਵੀ ਦਿੱਤੀਆਂ। ਇਸ ਤੋਂ ਇਲਾਵਾ ਉਨ੍ਹਾਂ ਪਿੰਡਾਂ ਵਿੱਚ ਪੰਚਾਇਤਾਂ ਅਤੇ ਨਗਰ ਕੌਂਸਲਾਂ ਵਿੱਚ ਈਓਜ਼ ਦੇ ਸਹਿਯੋਗ ਨਾਲ ਜਾਗਰੂਕਤਾ ਗਤੀਵਿਧੀਆਂ ਕਰਵਾਉਣ ਦੀ ਵੀ ਹਿਦਾਇਤ।ਮੀਟਿੰਗ ਵਿੱਚ ਪ੍ਰੋਜੈਕਟ ਡਾਇਰੈਕਟਰ ਆਤਮਾ ਡਾ. ਮਨਜਿੰਦਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਜੋਸ਼ੀ, ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਸੁਰਜੀਤ ਲਾਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।



# ਦਸ ਦਿਨਾ ਐੱਨ ਸੀ ਸੀ ਟਰੇਨਿੰਗ ਕੈਂਪ ਦੀ ਸਮਾਪਤੀ 'ਤੇ ਪ੍ਰਤਾਪ ਵਰਲਡ ਸਕੂਲ 'ਚ ਸ਼ਾਨਦਾਰ ਸਮਾਰੋਹ



ਪਠਾਨਕੋਟ (ਦਵਿੰਦਰ ਸਿੰਘ)-2 ਪੰਜਾਬ ਬਟਾਲੀਅਨ ਅੰਮ੍ਰਿਤਸਰ ਦੀ ਨੇਵਲ ਯੂਨਿਟ ਐਨਸੀਸੀ ਦਾ 10 ਦਿਨਾ ਸਾਲਾਨਾ ਟਰੇਨਿੰਗ ਕੈਂਪ ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿੱਚ ਉਤਸ਼ਾਹ ਅਤੇ ਪ੍ਰੇਰਨਾ ਨਾਲ ਸੰਪੰਨ ਹੋਇਆ।ਜ਼ਿਲ੍ਹਾਧੀਸ਼ ਆਦਿੱਤਿਆ ਕੁਮਾਰ ਬਹੁਮਤਾਰੀ ਅਤੇ ਪਠਾਨਕੋਟ ਦੀਆਂ ਸਥਾਨਕ ਫੌਜੀ ਇਕਾਈਆਂ ਦੇ ਅਧਿਕਾਰੀਆਂ ਦੀ ਹਾਜ਼ਰੀ ਨੇ ਸਮਾਪਨ ਸਮਾਰੋਹ ਨੂੰ ਹੋਰ ਵੀ ਖਾਸ ਬਣਾ ਦਿੱਤਾ।ਕੈਂਪ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਤੋਂ 500 ਤੋਂ ਵੱਧ ਐੱਨਸੀਸੀ ਕੈਡਿਟਸ ਨੇ ਭਾਗ ਲਿਆ। ਸਮਾਰੋਹ ਵਿੱਚ ਯੋਗ ਪ੍ਰਦਰਸ਼ਨ, ਗਿੱਧਾ, ਭੰਗੜਾ, ਸੋਲੋ ਗੀਤ, ਨਾਟਕ ਅਤੇ ਕੈਂਪ ਰਿਪੋਰਟ ਵਰਗੀਆਂ ਰੰਗਾਰੰਗ ਪੇਸ਼ਕਾਰੀਆਂ ਕੀਤੀਆਂ ਗਈਆਂ, ਜਿਨ੍ਹਾਂ ਨੇ ਕੈਡਿਟਸ ਦੀਆਂ ਸਰੀਰਕ ਅਤੇ ਰਚਨਾਤਮਕ ਯੋਗਤਾਵਾਂ ਨੂੰ ਉਜਾਗਰ ਕੀਤਾ।10 ਦਿਨਾਂ ਦੌਰਾਨ ਕੈਡਿਟਸ ਨੇ ਬੰਦੂਕ ਚਲਾਉਣ ਦੀ ਕਸਰਤ, ਅੱਗ ਬੁਝਾਉਣ ਦੀ ਡ੍ਰਿਲ, ਪ੍ਰਦਰਸ਼ਨਾਤਮਕ ਅਤੇ ਵਿੱਦਿਅਕ ਸੈਸ਼ਨ ਅਤੇ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ।ਅਜਿਹੇ ਟਰੇਨਿੰਗ ਕੈਂਪ ਨੌਜਵਾਨਾਂ ਨੂੰ ਜ਼ਿੰਮੇਵਾਰ, ਅਨੁਸ਼ਾਸਿਤ ਅਤੇ ਦੇਸ਼ਭਗਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ।ਸਹਿਨਸ਼ੀਲਤਾ, ਲੀਡਰਸ਼ਿਪ ਅਤੇ ਰਾਸ਼ਟਰ ਭਗਤੀ ਵਰਗੇ ਮੂਲ ਗੁਣਾਂ ਨੂੰ ਵਿਕਸਤ ਕਰਦੇ ਹਨ ਜੋ ਕੈਡਿਟਸ ਦੀ ਜ਼ਿੰਦਗੀ ਵਿੱਚ ਸਦਾ ਲਈ ਰਹਿੰਦੇ ਹਨ।ਕੈਪਟਨ ਐਨ. ਨਿਸ਼ਾਂਤ ਨੇ ਕਿਹਾ ਕਿ ਇਨ੍ਹਾਂ ਦਸ ਦਿਨਾਂ ਵਿੱਚ ਕੈਡੇਟਾਂ 'ਆਤਮਵਿਸ਼ਵਾਸ, ਅਨੁਸ਼ਾਸਨ ਅਤੇ ਬਦਲਾਅ ਦੇਖਣ ਯੋਗ ਹੈ।ਉਣ ਇਹ ਨੌਜਵਾਨ ਰਾਸ਼ਟਰ ਦੀ ਸੇਵਾ ਲਈ ਹੋਰ ਵੀ ਯੋਗ ਅਤੇ ਤਿਆਰ ਹਨ।ਪ੍ਰਤਾਪ ਵਰਲਡ ਸਕੂਲ ਦੇ ਨਿਰਦੇਸ਼ਕ ਸੰਨੀ ਮਹਾਜਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰਭਾਵਸ਼ਾਲੀ ਸਮਾਰੋਹ ਦੀ ਮੇਜ਼ਬਾਨੀ ਕਰਨਾ ਸਾਡੇ ਲਈ ਮਾਣ ਦੀ ਗੱਲ ਹੈ। ਪ੍ਰਤਾਪ ਵਰਲਡ ਸਕੂਲ ਹਮੇਸ਼ਾ ਅਜਿਹੇ ਉਪਰਾਲਿਆਂ ਦਾ ਸਾਥ ਦਿੰਦਾ ਰਹੇਗਾ ਜੋ ਭਾਰਤ ਦੇ ਨੌਜਵਾਨਾਂ ਦੇ ਚਰਿਤਰ ਅਤੇ ਯੋਗਤਾਵਾਂ ਦੇ ਵਿਕਾਸ ਵਿੱਚ ਸਹਾਇਕ ਹੋਣ।ਪ੍ਰਿੰ. ਸ਼ੁਭਰਾ ਰਾਣੀ ਨੇ ਕਿਹਾ ਕਿ ਇਨ੍ਹਾਂ ਕੈਡਿਟਸ ਦੇ ਜੋਸ਼ ਅਤੇ ਪ੍ਰਤਿਭਾ ਨੂੰ ਦੇਖਣਾ ਬਹੁਤ ਪ੍ਰੇਰਨਾਦਾਇਕ ਸੀ। ਅਸੀਂ ਉਨ੍ਹਾਂ ਦੀ ਨਿਸ਼ਠਾ ਨੂੰ ਨਮਨ ਕਰਦੇ ਹਾਂ।

# ਪਹਿਲੀ ਬਰਸਾਤ ਨੇ ਪ੍ਰਸ਼ਾਸਨ ਦੇ ਦਾਅਵਿਆਂ ਦੀ ਖੋਲ੍ਹੀ ਪੋਲ



ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਜ਼ਿਲ੍ਹੇ ਅੰਦਰ ਪਹਿਲੀ ਬਰਸਾਤ ਨੇ ਕਈ ਮਹਿਕਮਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਥੋੜ੍ਹੀ ਜਿਹੀ ਬਰਸਾਤ ਦੇ ਪਾਣੀ ਨਾਲ ਹੀ ਗੁਰਦਾਸਪੁਰ ਦੇ ਅੰਡਰ ਬ੍ਰਿਜ ਰੇਲਵੇ ਪੁਲ ਹੇਠਾਂ ਤਿੰਨ ਤਿੰਨ ਫੁੱਟ ਪਾਣੀ ਖੜ੍ਹਾ ਹੋਣ ਕਰਕੇ ਆਵਾਜਾਈ ਕਾਫੀ ਪ੍ਰਭਾਵਿਤ ਹੋਈ ਅਤੇ ਦਿਹਾਤੀ ਖੇਤਰ ਦੇ ਪੁਲ ਤਿਬੜੀ ਦੁਕਾਨਾਂ ਅੱਗੇ ਵੀ ਲੋਕ ਨਿਰਮਾਣ ਵਿਭਾਗ ਦਾ ਨਾਲਾ ਬੰਦ ਹੋਣ ਕਰਕੇ ਦੁਕਾਨਾਂ ਅੰਦਰ ਪਾਣੀ ਚਲਾ ਗਿਆ ਅਤੇ ਲੋਕਾਂ ਨੇ ਆਪਣੇ ਪੱਧਰ 'ਤੇ ਪਾਣੀ ਬਾਹਰ ਕੱਢਿਆ। ਲੋਕਾਂ ਦਾ ਕਹਿਣਾ ਹੈ ਕਿ ਪਾਣੀ ਨਾਲ ਭਰੀਆਂ ਗਲੀਆਂ ਵਿਚੋਂ ਲੋਕਾਂ ਦਾ ਲੰਘਣਾ ਔਖਾ ਹੋਇਆ ਪਿਆ ਹੈ ਅਤੇ ਦੋਪਹੀਆ ਵਾਹਨ ਚਾਲਕਾਂ ਦਾ ਗਲੀਆਂ ਵਿਚੋਂ ਲੰਘਣਾ ਬੰਦ ਹੋ ਗਿਆ। ਸ਼ਹਿਰ ਗੁਰਦਾਸਪੁਰ ਅੰਦਰ ਕਈ ਮੁਹੱਲਿਆਂ ਅੰਦਰ ਤਾਂ ਹੜ੍ਹਾਂ ਵਰਗੀ ਸਥਿਤੀ ਬਣ ਗਈ ਅਤੇ ਪੇਂਡੂ ਖੇਤਰ ਅੰਦਰ ਗਲੀਆਂ ਨਾਲੀਆਂ ਵਿੱਚ ਮੀਂਹ ਦਾ ਪਾਣੀ ਫਿਰਨ ਕਾਰਨ ਲੋਕਾਂ ਦਾ ਬੁਰਾ ਹਾਲ ਸੀ। ਲੋਕਾਂ ਨੇ ਦੱਸਿਆ ਕਿ ਪੁਲ ਤਿੱਬੜੀ ਵਿਖੇ ਦੁਕਾਨਦਾਰਾਂ ਨੂੰ ਬਰਸਾਤੀ ਪਾਣੀ ਨਾਲ ਲੰਬੇ ਸਮੇਂ ਤੋਂ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ ਅਤੇ ਸੰਬੰਧਿਤ ਵਿਭਾਗ ਕੋਈ ਧਿਆਨ ਨਹੀਂ ਦੇ ਰਿਹਾ। ਸ਼ਹਿਰ ਅੰਦਰ ਰੇਲਵੇ ਅੰਡਰ ਬ੍ਰਿਜ ਬਰਸਾਤਾਂ ਸਮੇਂ ਲੋਕਾਂ ਲਈ ਵੱਡੀ ਸਿਰਦਰਦੀ ਦਾ ਕਾਰਨ ਬਣਿਆ ਹੋਇਆ ਹੈ। ਜਦੋਂਕਿ ਲੋਕ ਨਿਰਮਾਣ ਵਿਭਾਗ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਗਈ ਕਿ ਬਰਸਾਤ ਨੂੰ ਮੁੱਖ ਰੱਖਦੇ ਹੋਏ ਸ਼ਹਿਰੀ ਅਤੇ ਪੇਂਡੂ ਖੇਤਰ ਅੰਦਰ ਪਾਣੀ ਦੇ ਨਿਕਾਸ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਜਾਣ।

# ਪੁਲਸ ਵੱਲੋਂ 240 ਗ੍ਰਾਮ ਅਫ਼ੀਮ ਸਮੇਤ ਇੱਕ ਕਾਬੂ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ) ਪੁਲਸ ਨੇ 240 ਗ੍ਰਾਮ ਅਫ਼ੀਮ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਮੁੱਖ ਅਫ਼ਸਰ ਕਿਰਨਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਐਸ.ਐਸ.ਪੀ. ਬਰਨਾਲਾ ਸਰਫਰਾਜ ਆਲਮ ਦੇ ਦਿਸ਼ਾ-ਨਿਰਦੇਸ਼ਾਂ ਹੇਠ, ਡੀ.ਐਸ.ਪੀ ਜਤਿੰਦਰਪਾਲ ਸਿੰਘ ਦੀ ਗਤੀਸ਼ੀਲ ਅਗਵਾਈ ਹੇਠ ਏ.ਐਸ.ਆਈ ਗੁਰਸਿਮਰਨਜੀਤ ਸਿੰਘ ਨੇ ਗਸ਼ਤ ਦੌਰਾਨ ਇੱਕ ਗੁਪਤ ਸੂਚਨਾ ਦੇ ਅਧਾਰ 'ਤੇ ਇੱਕ ਵਿਅਕਤੀ ਪੈਦਲ ਆਉਂਦਾ ਹੋਇਆ ਵੇਖਿਆ, ਜਿਸ ਦੀ ਸ਼ੱਕ ਦੇ ਆਧਾਰ 'ਤੇ ਕੀਤੀ ਤਲਾਸ਼ੀ ਦੌਰਾਨ ਉਸ ਕੋਲੋਂ 240 ਗ੍ਰਾਮ ਅਫ਼ੀਮ ਬਰਾਮਦ ਕੀਤੀ ਗਈ। ਪੁਲਸ ਨੇ ਮੌਕੇ 'ਤੇ ਹੀ ਉਸ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਦੀ ਪਹਿਚਾਣ ਰਾਂਝਾ ਰਾਮ ਵਾਸੀ ਫਰਵਾਹੀ (ਬਰਨਾਲਾ) ਵਜੋਂ ਹੋਈ ਹੈ। ਉਸ ਵਿਰੁੱਧ ਐੱਨ.ਡੀ.ਪੀ.ਐੱਸ.ਐਕਟ ਦੀਆਂ ਧਾਰਾਵਾਂ ਹੇਠ ਮਾਮਲਾ ਦਰਜ ਕਰ ਲਿਆ ਗਿਆ ਹੈ।


## ਪਬਲਿਕ ਨੋਟਿਸ

मैं आर्मी नं : 15348758N रैंक : एनके नाम : सिकंदर सिंह पुतर सतनाम सिंह, निवास स्थान : गांव : दल्ला (वेयर) पोसट : कादियां, तह : बटाला, जिला : गुरदासपुर, राजय पंजाब, पिन कोड : 1435161 भविशय के सभी उद्रेश्य के लिए अपनी माता/पिता की जन्मतिथि बदल दी है और मेरे सेवा रिकॉरड मे, मेरी माता की जन्मतिथि गलत तरीके से 11.07.1960 और पिता की जन्मतिथि गलत तरीके से 28.01.1957 अंकित है। मेरी माता की सही जन्मतिथि 01.01.1952 है और पिता की जन्मतिथि 01.01.1963 है।

## PUBLIC NOTICE

It is to put the General Public on notice that Mr. Kewal Krishan S/o Raj Pal H.No. 3630/11 Gali Tiwariyan Wali I/s Lohgarh Gate Amritsar 143001 owner of Residential property bearing H.No. 3630/11 Gali Tiwariyan Wali I/s Lohgarh Gate Amritsar 143001,Total area Measuring 31 SQYD, that is bounded as EAST :- SATPAL HOUSE WEST DARSHAN LAL HOUSE NORTH :- MAIN GATE, GALI SOUTH, HAWELI JAMADAR vide Sale Deed dated : 02/12/2024 as Document No. 2024-25/89/1/8824 has approached Equitas Small Finance Bank Limited, Branch office at Shop No. 99 National Shopping Complex 2nd Floor Near Hide Market Civil Hospital - GT Road, Amritsar 143001, with a request to extent Loan against the mortgage of the above property. Anybody having objection in respect of the said property or regarding creation of mortgage with my client, may raise their objections within 7 Days from the date of this publication, to the below mentioned address.

DINESH ARORA ADVOCATE
Distt. Courts, Amritsar

## ਜਨਤਕ ਨੋਟਿਸ

ਆਈਡੀਐਫਸੀ ਫਸਟ ਬੈਂਕ ਲਿਮਟਿਡ ਦੇ ਨਿਰਦੇਸ਼ਾਂ ਅਧੀਨ, ਮੈਂ ਆਮ ਜਨਤਾ ਨੂੰ ਸੂਚਿਤ ਕਰਦਾ ਹਾਂ ਕਿ ਵਿਜੇ ਕੁਮਾਰ ਅਤੇ ਪ੍ਰੇਮ ਕੁਮਾਰ ਪੁੱਤਰ ਬਾਲ ਕਿਸ਼ਨ, ਖਾਨਾ ਸ਼ੁਮਾਰੀ ਨੰਬਰ 1845/9 ਲੱਕੜ ਦੀ ਪਲੇਟ ਅਤੇ ਨੀਲੀ ਪਲੇਟ ਨੰਬਰ 3072/9-18 ਅਤੇ ਕਾਲੀ ਪਲੇਟ ਵਾਲੀ ਜਾਇਦਾਦ ਦੇ ਪੂਰਨ ਮਾਲਕ ਹਨ। ਐਮ.ਸੀ.ਏ. ਨੰਬਰ 3327/9-18, ਕੁੱਲ 114 ਵਰਗ ਗਜ਼ ਪੂਰਬ ਵੱਲ ਘਿਰਿਆ ਹੋਇਆ ਹੈ : ਨਰਿੰਜਨ ਸਿੰਘ, ਪੱਛਮ: ਕਰਤਾਰ ਸਿੰਘ, ਉੱਤਰ : ਘਰ ਦਾ ਦਰਵਾਜ਼ਾ ਅਤੇ ਗਲੀ, ਦੱਖਣ: ਰਸਤਾ, ਅੰਮ੍ਰਿਤਸਰ ਸ਼ਹਿਰੀ ਨਵੀਂ ਹਵੇਲੀ ਗੇਟ ਹਕੀਮਾਂ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ। ਦਸਤਾਵੇਜ਼ਾਂ ਅਨੁਸਾਰ ਹਜ਼ਾਰਾ ਸਿੰਘ ਪੁੱਤਰ ਠਾਕਰ ਸਿੰਘ ਨੇ 114.66 ਵਰਗ ਗਜ਼ ਜਾਇਦਾਦ ਬਾਲ ਕਿਸ਼ਨ ਪੁੱਤਰ ਫਤਿਹ ਚੰਦ ਨੂੰ ਦਸਤਾਵੇਜ਼ ਨੰਬਰ 465 ਰਜਿਸਟਰਡ ਮਿਤੀ 07.5.1975 ਦੇ ਤੌਰ 'ਤੇ ਵੇਚ ਦਿੱਤੀ। ਫਿਰ ਬਾਲ ਕਿਸ਼ਨ ਪੁੱਤਰ ਫਤਿਹ ਸਿੰਘ ਦੀ ਮੌਤ ਮਿਤੀ 1.9.89 ਤੋਂ ਬਾਅਦ ਉਸ ਦੀ ਜਾਇਦਾਦ ਬਾਲ ਕਿਸ਼ਨ ਦੀ ਪਤਨੀ ਕੁਲਦੀਪ ਕੌਰ, ਸੁਮਨ, ਬਾਲ ਕਿਸ਼ਨ ਦੀ ਪਤਨੀ ਮਾਲਾ, ਬਾਲ ਕਿਸ਼ਨ ਦੀ ਪੁੱਤਰੀਆਂ ਵਿਦਿਆ ਸਾਗਰ ਪੁੱਤਰੀ ਬਾਲ ਕਿਸ਼ਨ, ਪ੍ਰੇਮ ਕੁਮਾਰ, ਵਿਜੇ ਕੁਮਾਰ ਨੂੰ ਵਿਰਾਸਤ ਵਿੱਚ ਮਿਲੀ। ਫਿਰ ਕੁਲਦੀਪ ਕੌਰ ਨੇ ਬਾਲ ਕਿਸ਼ਨ ਦੀ ਪਤਨੀ ਸੁਮਨ, ਮਾਲਾ ਪੁੱਤਰੀਆਂ ਬਾਲ ਕਿਸ਼ਨ, ਵਿਦਿਆ ਸਾਗਰ ਪੁੱਤਰੀ ਬਾਲ ਕਿਸ਼ਨ ਨੂੰ 4/6 ਹਿੱਸੇ ਰਾਹੀਂ ਭਾਵ 76 ਵਰਗ ਗਜ਼ ਜਾਇਦਾਦ ਪ੍ਰੇਮ ਕੁਮਾਰ, ਵਿਜੇ ਕੁਮਾਰ ਪੁੱਤਰਾਂ ਬਾਲ ਕਿਸ਼ਨ ਨੂੰ ਦਸਤਾਵੇਜ਼ ਨੰਬਰ 20.03.2009 ਦੇ ਤੌਰ 'ਤੇ ਦਸਤਾਵੇਜ਼ ਨੰਬਰ 10633 ਦੇ ਤੌਰ 'ਤੇ ਵੇਚ ਦਿੱਤੀ। ਹੁਣ ਬਾਲ ਕਿਸ਼ਨ ਦੇ ਪੁੱਤਰ ਪ੍ਰੇਮ ਕੁਮਾਰ, ਵਿਜੇ ਕੁਮਾਰ ਨੂੰ ਇਕੱਲੀ ਜਾਇਦਾਦ ਦੇ ਮਾਲਕ ਦਿਖਾਇਆ ਗਿਆ ਹੈ ਯਾਨੀ ਕਿ ਟ੍ਰਾਂਸਫਰ ਡੀਡ ਦੁਆਰਾ 4/6 ਹਿੱਸਾ ਅਤੇ ਵਿਰਾਸਤ ਦੇ ਰੂਪ ਵਿੱਚ 2/6 ਹਿੱਸਾ। ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਬਾਲ ਕਿਸ਼ਨ ਪੁੱਤਰ ਫਤਿਹ ਸਿੰਘ ਦੀ ਮੌਤ ਤੋਂ ਬਾਅਦ ਉਸ ਦੀ ਜਾਇਦਾਦ ਕੁਲਦੀਪ ਕੌਰ ਪਤਨੀ ਬਾਲ ਕਿਸ਼ਨ, ਸੁਮਨ, ਮਾਲਾ ਪੁੱਤਰੀਆਂ ਬਾਲ ਕਿਸ਼ਨ, ਵਿਦਿਆ ਸਾਗਰ ਪੁੱਤਰ ਬਾਲ ਕਿਸ਼ਨ, ਪ੍ਰੇਮ ਕੁਮਾਰ, ਵਿਜੇ ਕੁਮਾਰ ਪੁੱਤਰ ਬਾਲ ਕਿਸ਼ਨ ਨੂੰ ਵਿਰਾਸਤ ਵਿੱਚ ਮਿਲੀ ਸੀ ਅਤੇ ਉਨ੍ਹਾਂ ਤੋਂ ਇਲਾਵਾ ਕੋਈ ਹੋਰ ਕਾਨੂੰਨੀ ਵਾਰਸ ਨਹੀਂ ਹੈ। ਕੋਈ ਵੀ ਵਿਅਕਤੀ ਜਿਸ ਕੋਲ ਇਸ ਜਾਇਦਾਦ ਵਿੱਚ ਕਿਸੇ ਵੀ ਤਰੀਕੇ ਨਾਲ ਪਹਿਲਾਂ ਤੋਂ ਕੋਈ ਅਧਿਕਾਰ ਜਾਂ ਹਿੱਤ ਹੈ ਜਾਂ ਦਾਅਵਾ ਕਰ ਰਿਹਾ ਹੈ ਜਾਂ ਉਪਰੋਕਤ ਵਿਕਰੀ ਡੀਡ ਕਿਸੇ ਵੀ ਵਿਅਕਤੀ/ਬੈਂਕ/ਕਾਰਪੋਰੇਸ਼ਨ ਵਿੱਤੀ ਸੰਸਥਾ ਨੂੰ ਜਮ੍ਹਾਂ ਕਰਵਾ ਕੇ ਕਰਜ਼ਾ ਲਿਆ ਹੈ, ਉਹ ਹੇਠ ਹਸਤਾਖਰ ਕਰਨ ਵਾਲੇ ਕੋਲ ਜਾ ਸਕਦਾ ਹੈ ਅਤੇ ਇਸ ਜਨਤਕ ਨੋਟਿਸ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਇਤਰਾਜ਼ ਦਰਜ ਕਰ ਸਕਦਾ ਹੈ। ਇਸ ਨੋਟਿਸ ਦੀ ਮਿਆਦ ਖਤਮ ਹੋਣ ਤੋਂ ਬਾਅਦ, ਕੋਈ ਵੀ ਦਾਅਵਾ ਵਿਚਾਰਿਆ ਨਹੀਂ ਜਾਵੇਗਾ ਅਤੇ ਅਜਿਹੇ ਦਾਅਵੇ ਨੂੰ ਝੂਠਾ, ਜਾਅਲੀ, ਬੇਤੁਕਾ, ਧੋਖਾਧੜੀ ਅਤੇ ਬੇਬੁਨਿਆਦ ਦਾਅਵਾ ਮੰਨਿਆ ਜਾਵੇਗਾ ਅਤੇ ਕਾਨੂੰਨ ਦੀਆਂ ਨਜ਼ਰਾਂ ਵਿੱਚ ਇਸ ਦਾ ਕੋਈ ਮੁੱਲ ਨਹੀਂ ਹੋਵੇਗਾ। ਇਹ ਵੀ ਮੰਨਿਆ ਜਾਵੇਗਾ ਕਿ ਕਿਸੇ ਨੂੰ ਵੀ ਉਪਰੋਕਤ ਜਾਇਦਾਦ ਨੂੰ IDFC FIRST BANK LTD ਕੋਲ ਗਿਰਵੀ ਰੱਖਣ 'ਤੇ ਕੋਈ ਇਤਰਾਜ਼ ਨਹੀਂ ਹੈ।

ਸਲਾਹਕਾਰ ਵਿਕਾਸ ਵਰਮਾ ਐਡਵੋਕੇਟ, MB. 98151-56302
ਸ਼ਾਖਾ ਦਫ਼ਤਰ ਕਮ ਰਿਹਾਇਸ਼, 264 ਬਸੰਤ ਐਵੇਨਿਊ, ਅੰਮ੍ਰਿਤਸਰ

## Office of Competent Authority

(Jalandhar Goindwal Sahib LPG Pipeline Project, Jalandhar)
706-A, Surya Enclave, G.T Road, Jalandhar (Punjab) - 144009

### Public Notice and Details of Gazette Notification
### Reference: Ministry of Petroleum and Natural Gas
### Notification dated 12th June, 2025

S.O. 2572(E)— Whereas, by the notification of the Government of India in the Ministry of Petroleum and Natural Gas, published in the Extraordinary Gazette of India no. 455, Part-II, section-3, sub-section (ii) dated 27th January 2025 vide S.O. No. 459(E) dated 24th January 2025 issued under sub-section (1) of section 3 of the Petroleum and Minerals Pipelines (Acquisition of Right of User in Land) Act, 1962 (50 of 1962), (hereinafter referred to as the said Act), the Central Government declared its intention to acquire the right of user in the land specified in the Schedule appended to that notification for the Purpose of laying of Pipeline from Suchi Pind (Jalandhar) to Chander Mahapurakh (Goindwal Sahib) under Jalandhar – Goindwal Sahib LPG Pipeline Project by Indian Oil Corporation Limited in Tehsil: Phagwara of Kapurthala District in State of Punjab for transportation of LPG.

And whereas copies of the said Gazette notification were made available to the public by 11.03.2025. And whereas, under sub-section (1) of section 6 of the said Act the Competent Authority has submitted report to the Central Government.

And whereas, the Central Government, after considering the said report and on being satisfied that the said land is required for laying the pipeline, has decided to acquire right of user therein.

Now, therefore, in exercise of the powers conferred by sub-section (1) of section 6 of the said Act, the Central Government hereby declares that the right of user in the land specified in the Schedule appended to this notification is hereby acquired for laying the pipeline.

And further, in exercise of the powers conferred by sub-section (4) of section 6 of the said Act, the Central Government hereby directs that the right of user in the said land for laying the pipeline shall, instead of vesting in the Central Government, vest on the date of publication of the declaration, in Indian Oil Corporation Limited, free from all encumbrances.

Indian Oil Corporation Limited shall be exclusively liable for any compensation in terms of Section 10 of the P&MP Act, 1962 and no suit, claim or legal proceeding would lie against the Central Government on any matter relating to the pipeline.

Scan QR code for Published Gazette

District: Kapurthala
https://egazette.gov.in
Publication
Date: 12th June 2025

Competent Authority
Jalandhar
Goindwal Sahib
LPG Pipeline Project
Jalandhar

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-84 | 16.07.2025 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ)12318/F1, 14654/F2 & 14654/R1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। ਨੰਬਰ: 179-C/E-auction/FZR/25
ਤਾਰੀਕ: 25.06.2025 1914/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕਲਾਸੀਫਾਈਡ ਇਸ਼ਤਿਹਾਰ

## Change of Name

I, Amandeep Singh S/o Amarjit Singh V.P.O. Lohian Khas, Tehsil Shahkot, Distt. Jalandhar, Have Changed My Name Amandeep Singh to Singh Amandeep Concerned May Note.

I Dheeraj S/O Tegh Bahadur R/O Hno 258, 7/2 Ram Gali, Jaura Pipal Chowk Chintpurni Amritsar Have Changed My Name From Dheeraj To Dheeraj Kumar Neb. All Concerned May Please Note.

I, Pardeep Kumar Rai S/o Sh. Garib Dass R/o Street No. 1, Near Sonalika Tresher Division, New Gobind Nagar, Opposite I.T.I, Hoshiarpur and Tehsil and Distt. Hoshiarpur, Punjab have changed my name from Pardeep Kumar Rai to Pardeep Singh Rai concerned noted Please.

I, Sukhdeep Kaur W/o Dilpreet Singh Riar R/o H.No.32, New Jawala Nagar, Maqsudan Grain Market, Jalandhar-144008, Punjab Have Changed Name Sukhdeep Kaur To Sukhdeep Kaur Riar.(After Marriage Added my surname as Riar). All note

I, Vansdeep Singh S/o Surjeet Singh R/o H.No.45, Gali No.2, Kishan Kot, Islamabad, Amritsar have changed my name from Vansdeep Singh to Vanshdeep Singh

I, Diksha Nanda W/o Aryaan Seth R/o H.No.53 Palm Grove Airport Road VPO Heir, Amritsar have changed my name from Diksha Nanda to Diksha Seth after marriage

I, Gurleen Kaur D/o Palwinder Singh R/o VPO Sohal Tehsil and District Tarn Taran have changed my name from Kaur is my Surname and Given name is Gurleen

I Seema wife of Jaspal Singh R/o H.No.1722 Chazzu Misher Wali Gali Farid Wala Chownk Amritsar Punjab 143001 have changed my name from Seema to Sonia

I, Kiranbir Kaur W/o Kanwaljeet Singh R/o VPO Sudhar Rajputan, Tehsil Baba Bakala, Distt Amritsar have declare that Kiranbir is my Given name and Kaur is my Surname

I, Harbhinder Kaur Wahla W/o Devpreet Singh R/o C 2186 Ranjit Avenue Amritsar have changed my name to Harbhinder Kaur.

I Satwinder Singh S/O Rajinder Singh R/O Vpo Narur Teh Phagwara Distt Kapurthala 144405 Have Changed My First Name To Satwinder And Singh As A Surname.

I Joginder Kaur alias Rajinder Kaur Bagri w/o Jaswant Singh Singh Bagri R/o Ward No. 11, VPO Lohian Khas, Teh. shahkot, Jalandhar-144629, have changed my name from Joginder Kaur alias Rajinder Kaur Bagri to Rajinder Kaur Bagri . (Surname as Bagri ). All concerned please note.

I, Saurav S/O Prem Lal, R/o P.O-Chukhiara, VTC- Chukhiara, Distt-Jalandhar, Punjab- 144106, have changed my name and shall hereafter be Known as Saurav Sharma.

I, Navjot son of Kashmir Singh resident of H.No. B-XXX/267, Dogra Mohalla, Kashmiri Gali, Batala, Tehsil Batala, Distt. Gurdaspur, Punjab-143505, India have changed my name from Navjot to Navjot Singh. All concerned please note.

I, Sarbjit Kaur W/o Sukhjiwan Singh R/o Daroli Kalan, Distt. Jalandhar, Punjab-144104 have changed my name from Sarbjit Kaur to Sarabjit Kaur. All Please Note.

## Change of Name

I, Reita Singh W/O Harinder Singh Lamba, R/o #1514, Sector-11 D, Chandigarh, Sector 11, Chandigarh-160011. have changed my name and shall hereafter be Known as Ramandeep Singh Lamba.

I, Abdul Jabbar alias Abdul Jawar S/O Sattar Khan, R/o Muhalla Azim Pura, Malerkorta, Sangaur, Punjab-148023, have changed my name and shall hereafter be Known as Jabbar Khan.

I, Ram Avtar, S/O Sardari Lal, Resident Of House No. 68 A, Grover Colony, Dilbagh Nagar Extension, Jalandhar – I, Jalandhar, Punjab – 144001, Hereby Declare That I Have Changed My Name From Ram Avtar To Ram Avtar Dhall. I Shall Hereafter Be Known As Ram Avtar Dhall For All Purposes. All Concerned Are Requested To Take Note.

I, Ram Avtar, S/O Sardari Lal, Resident Of House No. 68 A, Grover Colony, Dilbagh Nagar Extension, Jalandhar – I, Jalandhar, Punjab – 144001, Hereby Declare That I Have Changed My Name From Ram Avtar To Ram Avtar Dhall. I Shall Hereafter Be Known As Ram Avtar Dhall For All Purposes. All Concerned Are Requested To Take Note.

I Kamaljit Singh Dhaliwal S/o Manbir Singh resident of Village Ghurala Distt. Gurdaspur have changed my Minor Daughter name Anant Kaur to Anant Kaur Dhaliwal concerned note please.

I, Sanjeev Arora s/o Harbans Lal r/o H.No.3614/79, Sant Nagar, Basti Sheikh, Jalandhar have changed my name to Sanjiv Kumar. All Please Note.

I, Kajal Arora w/o Sanjiv Kumar r/o H.No. 3614/79, Sant Nagar, Basti Sheikh, Jalandhar have changed my name to Kajal. All Please Note.

I, Sakshi Malhotra w/o Vishal Aggarwal r/o FM-67-68, Near Laxmi Narayan Mandir, Model House, Jalandhar have changed my surname to Sakshi Aggarwal. All Please Note.

I, Prohit s/o Balbir Kumar r/o VPO. Rahimpur, Distt. Jalandhar have changed my name from Prohit to Prohit Kumar (Surname as Kumar) All Please Note.

I, Mulkh Raj s/o Dhera Ram r/o Vill.Rampur, Po. Lambra, Distt.Jalandhar have changed the spelling of my name from Mulkh Raj to Mulakh Raj. All Please Note.

I, Neelam Rani w/o Roorh Chand r/o Bassi Ballo, Po. Bassi Ballo, distt. hoshiarpur, Punjab-144208 have changed my name as Khajani. All Please Note.

I, Kaur Parmjit W/o Tarlochan Singh R/o Village Bure Jattan, Po. Pandori Bawa Dass, Distt. Hoshiarpur, Punjab have changed my name to Paramjit Kaur (Given Name). All Please Note.

I, Bhupinder Singh S/o Avtar Singh R/o Village Dhirpur, Po. Dialpur, Distt. Jalandhar, Punjab have changed my name to Given name as Bhupinder & Surname as Singh. All Please Note.

I, Dev Preet Singh Wahla S/o Manohar Singh R/o C 2186 Ranjit Avenue Amritsar have changed my name to Devpreet Singh

I, Daljeet Singh S/o Lakhwinder Singh R/o Village Aima, Tehsil Batala, Distt. Gurdaspur, Punjab have changed my name to Given name as Daljeet & Surname as Singh. All Please Note.

## Change of Name

I, hitherto known as Boota Ram S/o Lachhman Dass R/o Pandori Musharkati, Bundala, Jalandhar, Punjab-144034 have changed my name and shall hereafter be known as Buta Ram.

I, Sarbjit Kaur Samra W/o Sharanjit Singh Samra R/o VPO. Samrai, Patti Ali Sher, Teh. Phillaur, Distt. Jalandhar have changed my name spellings from Sarbjit Kaur Samra to Sarabjit Kaur Samra. All Please Note.

I, Gurdeep Singh S/O Balkar Singh Resident Of Vill Shahpur Po Wadala Bangar Tehsil Kalanaur Distt.gurdaspur State Punjab Pin Code 143505 I Have Change My Gurdeep Singh To Singh Gurdeep Surname As Singh. And Given Name As Gurdeep.

I, Manjit Singh S/O Harjinder Singh Resident Of Vpo Barila Kalan Tehsil Kalanaur Distt. Gurdaspur State Punjab Pin Code 143512, I Have Changed My Name From Manjit Singh To Singh Manjit ,Surname As Singh And Given Name As Manjit.

## ਨਾਂਅ ਦੀ ਬਦਲੀ

ਮੈਂ ਮਿੱਠੂ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਬਹਾਦਰਪੁਰ ਜ਼ਿਲਾ ਮਾਨਸਾ ਨੇ ਆਪਣਾ ਨਾਮ ਬਦਲ ਕੇ ਬੰਤ ਸਿੰਘ ਰੱਖ ਲਿਆ ਹੈ । ਹੁਣ ਤੋਂ ਮੈਨੂੰ ਬੰਤ ਸਿੰਘ ਮੰਨਿਆ ਜਾਵੇ । ਸਬੰਧਤ ਨੋਟ ਕਰਨ ।

ਮੈਂ, ਗੁਰਪ੍ਰੀਤ ਸਿੰਘ ਉਰਫ ਗੁਰਪ੍ਰੀਤ ਸਿੰਘ ਸੰਧੂ ਪੁੱਤਰ ਰਛਪਾਲ ਸਿੰਘ ਵਾਸੀ 2-√9੭/੨੮੩੫, ਗੁਰਸੇਵਕ ਨਗਰ, ਗਲੀ ਨੰ. 1, ਧਨੌਲਾ ਰੋਡ, ਜ਼ਿਲ੍ਹਾ ਬਰਨਾਲਾ, ਪੰਜਾਬ, ਭਵਿੱਖ ਵਿਚ ਮੈਨੂੰ ਗੁਰਪ੍ਰੀਤ ਸਿੰਘ ਸੰਧੂ ਦੇ ਨਾਂਅ ਨਾਲ ਜਾਣਿਆ ਜਾਵੇ।

ਮੈਂ, ਸਾਗਰਦੀਪ ਕੁਮਾਰ ਮੰਡਲ ਪੁੱਤਰ ਦਿਲੀਪ ਕੁਮਾਰ ਮੰਡਲ ਵਾਸੀ ਮਕਾਨ ਨੰ. 678, ਮਾਡਲ ਟਾਊਨ, ਜਲੰਧਰ, ਪੰਜਾਬ ਨੇ ਆਪਣਾ ਨਾਮ ਸਾਗਰਦੀਪ ਕੁਮਾਰ ਤੋਂ ਬਦਲ ਕੇ ਸਾਗਰਦੀਪ ਕੁਮਾਰ ਮੰਡਲ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਦਿਲੀਪ ਕੁਮਾਰ ਮੰਡਲ ਪੁੱਤਰ ਉਪਿੰਦਰ ਮੰਡਲ ਵਾਸੀ ਮਕਾਨ ਨੰ. 678, ਮਾਡਲ ਟਾਊਨ, ਜਲੰਧਰ, ਪੰਜਾਬ ਨੇ ਆਪਣਾ ਨਾਮ ਦਿਲੀਪ ਕੁਮਾਰ ਤੋਂ ਬਦਲ ਕੇ ਦਿਲੀਪ ਕੁਮਾਰ ਮੰਡਲ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਮੁੰਨੀ ਦੇਵੀ ਪਤਨੀ ਦਿਲੀਪ ਕੁਮਾਰ ਮੰਡਲ ਵਾਸੀ ਮਕਾਨ ਨੰ. 678, ਮਾਡਲ ਟਾਊਨ, ਜਲੰਧਰ, ਪੰਜਾਬ ਨੇ ਆਪਣਾ ਨਾਮ ਮੋਨਿਕਾ ਤੋਂ ਬਦਲ ਕੇ ਮੁੰਨੀ ਦੇਵੀ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਰਜਿੰਦਰ ਸਿੰਘ ਪੁੱਤਰ ਕੇਸਰ ਸਿੰਘ ਵਾਸੀ ਐੱਚ ਆਈ ਜੀ ਮਕਾਨ ਨੰ: 416, ਪੰਜਾਬ ਹਾਊਸਿੰਗ ਬੋਰਡ ਕਾਲੋਨੀ, ਜਮਾਲਪੁਰ, ਲੁਧਿਆਣਾ, ਪੰਜਾਬ-141010 ਸੂਚਿਤ ਕਰਦਾ ਹਾਂ ਕਿ ਰਜਿੰਦਰ ਸਿੰਘ ਅਤੇ ਰਜਿੰਦਰ ਗੁਲੇਰੀਆ ਇਕੋ ਵਿਅਕਤੀ ਦੇ ਦੋ ਨਾਂਅ ਹਨ। ਮੈਨੂੰ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ।

## ਆਮ ਸੂਚਨਾ

ਮੈਂ, ਰਾਕੇਸ਼ ਜੈਨ ਪੁੱਤਰ ਸ੍ਰੀ ਨਾਨਕ ਚੰਦ, ਰਿਹਾਇਸ਼ੀ ਮਕਾਨ ਨੰਬਰ 124, ਸੰਨੀ ਐਨਕਲੇਵ ਪ੍ਰੀਮੀਅਮ, ਨੇੜੇ ਡੀਐਮਡਬਲਯੂ, ਪਟਿਆਲਾ, ਘੋਸ਼ਣਾ ਕਰਦਾ ਹਾਂ ਕਿ ਮੇਰਾ ਅਸਲ ਨਾਮ ਰਾਕੇਸ਼ ਜੈਨ ਹੈ ਅਤੇ ਮੇਰਾ ਨਾਮ ਵੀ ਰਾਕੇਸ਼ ਕੁਮਾਰ ਜੈਨ ਹੈ। ਇਸ ਲਈ ਹੁਣ ਤੋਂ ਮੇਰਾ ਨਾਮ ਸਿਰਫ ਰਾਕੇਸ਼ ਜੈਨ ਹੈ। ਸਾਰੇ ਸਬੰਧਤ ਨੋਟ ਕਰੋ।

ਮੈਂ, ਗੁਰਮੁੱਖ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਤਲਵੰਡੀ ਸੰਘੇੜਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਤੀਰਥ ਸਿੰਘ, ਨੂੰਹ ਸੁਖਵਿੰਦਰ ਕੌਰ ਅਤੇ ਪੋਤਰੇ ਮਨਕੀਰਤ ਸਿੰਘ ਨੂੰ ਕਹਿਣੇ 'ਚ ਨਾ ਹੋਣ ਕਰਕੇ 16 ਜਨਵਰੀ 2017 ਨੂੰ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਤੀਰਥ ਸਿੰਘ ਮੇਰੇ ਕਹਿਣੇਕਾਰ ਹੈ, ਪਰ ਨੂੰਹ ਸੁਖਵਿੰਦਰ ਕੌਰ ਅਤੇ ਪੋਤਰਾ ਮਨਕੀਰਤ ਸਿੰਘ ਅਜੇ ਵੀ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਦੀ ਬੇਦਖ਼ਲੀ ਬਰਕਰਾਰ ਹੈ। ਇਸ ਲਈ ਮੈਂ ਆਪਣੇ ਲੜਕੇ ਤਰੀਥ ਸਿੰਘ ਦੀ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਹੁਣ ਮੇਰਾ ਲੜਕਾ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਹੱਕਦਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈਂ, ਸੋਮ ਨਾਥ ਪੁੱਤਰ ਸ੍ਰੀ ਸੋਹਣ ਲਾਲ ਤੇ ਸੁਮਨ ਪਤਨੀ ਸੋਮ ਨਾਥ ਵਾਸੀ ਮਕਾਨ ਨੰਬਰ 225, ਆਰਾ ਰੋਡ ਮੋਗਾ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸ਼ੰਕਰ ਉਰਫ ਸਾਹਿਲ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਬਲਜੀਤ ਕੌਰ ਪਤਨੀ ਪਤਨੀ ਗੁਰਬਖਸ ਸਿੰਘ ਬਾਸੀ ਪਿੰਡ ਹਾਜੀਪੁਰ ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਬਿਆਨ ਕਰਦੀ ਹਾਂ ਕੀ ਮੇਰਾ ਪੁੱਤਰ ਚਰਨਜੀਤ ਸਿੰਘ ਅਤੇ ਇਸ ਦੀ ਪਤਨੀ ਰੁਪਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਨਾਲ ਲੜਾਈ ਝਗੜਾ ਤੇ ਮੇਰੀ ਕੁੱਟਮਾਰ ਕਰਦੇ ਹਨ ਇਸ ਲਈ ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ਅੱਜ ਤੋਂ ਬਾਅਦ ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਮੇਰੀ ਅਤੇ ਮੇਰੇ ਪਰਿਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ਸੰਬੰਧ ਨੋਟ ਕਰਨ।

ਮੈਂ, ਸੁਰਜੀਤ ਕੌਰ ਵਿਧਵਾ ਜਗਤ ਸਿੰਘ ਵਾਸੀ ਪਿੰਡ ਅੱਜੋਵਾਲ, ਤਹਿਸੀਲ ਤੇ ਜਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ 'ਜਸਪਾਲ ਸਿੰਘ' ਅਤੇ ਉਸਦੀ ਪਤਨੀ 'ਅੰਜੂ ਬਾਲਾ' ਅਤੇ ਉਹਨਾਂ ਦੇ ਬੱਚੇ ਲੜਕੀ ਤਰਜਿੰਦਰ ਕੌਰ, ਲੜਕੇ ਜੋਸ਼ਦੀਪ ਸਿੰਘ ਅਤੇ ਦਲਜੀਤ ਸਿੰਘ ਜੋ ਮੇਰੇ ਕਹਿਣੇ ਤੋ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰਦੀ ਹਾਂ ।ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ ਰਿਹਾ ਹੈ ।ਜੇਕਰ ਕੋਈ ਵਿਅਕਤੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਨ੍ਹਾਂ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਸਬੰਧਤ ਨੋਟ ਕਰਨ ।

ਮੈਂ ਸੁਰਿੰਦਰ ਕੁਮਾਰ ਪੁੱਤਰ ਹਰੀ ਚੰਦ ਵਾਸੀ ਗਲੀ ਨੰ.3, ਗੁਰੂ ਨਾਨਕ ਪੁਰਾ,ਬੈਕਸਾਈਡ ਹੋਲੀਸਿਟੀ ਪਬਲਿਕ ਸਕੂਲ,ਇਸਲਾਮਾਬਾਦ,ਕੋਟ ਖਾਲਸਾ, ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰੇ ਚਾਰ ਬੱਚੇ ਦੋ ਲੜਕੇ ਰਾਘਵ ਕੁਮਾਰ ਅਤੇ ਰਮਨ ਕੁਮਾਰ ਅਤੇ ਦੋ ਲੜਕੀਆਂ ਮੋਨਿਕਾ ਅਤੇ ਸੋਨਿਕਾ ਜੋ ਮੇਰੀ ਪਹਿਲੀ ਪਤਨੀ ਲੇਟ ਸ਼੍ਰੀ ਮਤੀ ਸ਼ੀਲਾ ਰਾਣੀ ਤੋਂ ਹੈਂ ਸਾਰੇ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਆਪਣੀ ਮਨ ਮਰਜੀਆਂ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਸਭ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ ਸ਼ਾਰਦਾ ਪਤਨੀ ਅਤਰ ਸਿੰਘ ਵਾਸੀ ਪਿੰਡ ਕੁਲੈਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਅਤੇ ਅਤਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ 323 ਚੰਦੋਲੀ, ਇਸਲਾਮ ਨਗਰ ਬਿਸ਼ੌਲੀ (ਯੂ.ਪੀ) ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਜੈ ਕੁਮਾਰ ਵਾ ਉਸਦੀ ਪਤਨੀ ਨੈਨਾਂ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਅਸੀਂ ਬਲਵੀਰ ਰਾਮ ਪੁੱਤਰ ਪ੍ਰਕਾਸ਼ ਚੰਦ ਅਤੇ ਸਨਦੀਪ ਕੁਮਾਰੀ ਪਤਨੀ ਬਲਵੀਰ ਰਾਮ ਵਾਸੀਆਨ ਰਨਧਾਵਾ ਮਸੰਦਾ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਰੋਹਿਤ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਅਸੀਂ ਲਾਲ ਚੰਦ ਪੁੱਤਰ ਸ੍ਰੀ ਸੰਤ ਰਾਮ ਵਾ ਰਾਜ ਰਾਣੀ ਪਤਨੀ ਸ਼੍ਰੀ ਲਾਲ ਚੰਦ ਵਾਸੀਆਨ ਮਕਾਨ ਨੰ: 13-ਏ, ਭਗਤ ਸਿੰਘ ਨਗਰ, ਮਾਡਲ ਹਾਊਸ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਸ਼ਵਨੀ ਕੁਮਾਰ, ਨੂੰਹ ਮੀਨਾਕਸ਼ੀ ਅਤੇ ਪੋਤਰਾ ਨਵੀਨ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਜਿੰਦਰ ਕੌਰ ਪਤਨੀ ਲੇਟ ਜਾਰਜ ਸਿੰਘ ਵਾਸੀ ਪਿੰਡ ਫਤਿਆਬਾਦ ਤਹਿਸੀਲ ਖਡੂਰ ਸਾਹਿਬ ਜ਼ਿਲ੍ਹਾ ਤਰਨਤਾਰਨ ਬਿਆਨ ਕਰਦੀ ਹਾਂ ਕਿ ਮੇਰਾ ਲਖਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਅਪਣੇ ਲੜਕੇ ਲਖਬੀਰ ਸਿੰਘ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ ਗਿਆਨ ਚੰਦ ਪੁੱਤਰ ਸ੍ਰੀ ਅਮਰ ਚੰਦ ਵਾ ਕਸ਼ਮੀਰ ਕੌਰ ਪਤਨੀ ਗਿਆਨ ਚੰਦ ਵਾਸੀਆਨ ਪਿੰਡ ਗੁਰਾਲਾ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਸੰਨੀ (35 ਸਾਲ) ਅਤੇ ਨੂੰਹ ਬੇਵੀ (32 ਸਾਲ) ਇਹ ਦੋਨੋਂ ਸਾਡੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ ਜੋਗਿੰਦਰ ਸਿੰਘ ਪੁੱਤਰ ਕਰਤਾਰ ਚੰਦ ਵਾਸੀ ਪਿੰਡ ਅਹਿਮਦਾਬਾਦ, ਡਾਕਖਾਨਾ ਧਾਰੀਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ-143519, ਮੇਰਾ ਲੜਕਾ ਬਲਜੀਤ ਸਿੰਘ ਅਤੇ ਉਸ ਦੀ ਪਤਨੀ ਨਿਸ਼ਾ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਰਾਮ ਸਜੀਵਨ ਪੁੱਤਰ ਹਰਿਪ੍ਰਸ਼ਾਦ ਅਤੇ ਪੂਨਮ ਪਤਨੀ ਰਾਮ ਸਜੀਵਨ ਵਾਸੀਆਨ ਮਕਾਨ ਨੰ: 27/28, ਗਲੀ ਨੰ: 4, ਨਿਊ ਆਜ਼ਾਦ ਨਗਰ ਤੇ ਮੌਜੂਦਾ ਪਤਾ ਮਕਾਨ ਨੰ: 14, ਗਲੀ ਨੰ: 2, ਨਿਊ ਆਜ਼ਾਦ ਨਗਰ, ਸੁਲਤਾਨਵਿੰਡ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਮਨ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਤੇ ਲੜਾਈ-ਝਗੜਾ ਕਰਦਾ ਹੈ। ਅਸੀਂ ਅਮਨ ਅਤੇ ਸਾਡੀ ਨੂੰਹ ਰੇਸ਼ਮਾ ਉਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ, ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੇਵਾ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਿੰਡ ਗਹਿਰੀ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ, ਨੂੰਹ ਰਮਨ ਸੰਧੂ , ਪੋਤਰਾ ਹਰਕੀਰਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਨੀਤਾ ਪਤਨੀ ਗੁਲਾਬ ਸਿੰਘ ਵਾਸੀ ਮਕਾਨ ਨੰ: 901, ਗਲੀ ਕਬਰਾਂ ਵਾਲੀ, ਸੰਜੇ ਗਾਂਧੀ ਕਾਲੋਨੀ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਕਾਜਲ ਕੁਮਾਰੀ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲੋਂ ਆਪਣੇ ਸਾਰੇ ਸਬੰਧ ਖਤਮ ਕਰ ਰਹੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ, ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਬਿਮਲ ਰਾਏ ਪੁੱਤਰ ਸ੍ਰੀ ਬਲਦੇਵ ਰਾਜ ਅਤੇ ਕੁਮਕੁਮ ਪਤਨੀ ਬਿਮਲ ਰਾਏ, ਵਾਸੀਆਨ ਮਕਾਨ ਨੰ: 225/13, ਗਲੀ ਨੰ. 1, ਡਾਕਟਰ ਬਿਆਲੇ ਵਾਲੀ ਗਲੀ, ਤਹਿਸੀਲ ਪੁਰਾ, ਹਾਲ ਵਾਸੀ ਗਲੀ ਬਾਂਕੇ ਬਿਹਾਰੀ ਮੰਦਰ ਵਾਲੀ, ਸ਼ਰੀਫਪੁਰਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੋਹਿਤ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਵੀਰ ਸਿੰਘ ਪੁੱਤਰ ਗਿਆਨ ਚੰਦ ਵਾਸੀ ਪਿੰਡ ਭੋਡੇ ਸਪਰਾਏ, ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ ਅਤੇ ਉਸਦੀ ਪਤਨੀ ਸੰਗੀਤਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਬਲਦੇਵ ਰਾਜ ਪੁੱਤਰ ਸਾਦੀ ਰਾਮ ਅਤੇ ਮਨਦੀਪ ਕੌਰ ਪਤਨੀ ਬਲਦੇਵ ਰਾਜ ਦੋਨੋ ਵਾਸੀਆਨ ਬਿਸ਼ਨਪੁਰ ਜੱਟਾਂ ਲੱਖਣ ਕਲਾਂ, ਕਪੂਰਥਲਾ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਜਤਿੰਦਰ ਅਤੇ ਉਸਦੀ ਪਤਨੀ ਜਸਪ੍ਰੀਤ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜਗਦੀਪ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਵਾਹਿਗੁਰੂ ਨਗਰ, ਹਰਦੋ ਬਥਵਾਲਾ, ਡਾਕਖਾਨਾ/ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ-143521 ਮੇਰਾ ਲੜਕਾ ਕਪਿਲਦੀਪ ਸਿੰਘ ਅਤੇ ਉਸ ਦੀ ਪਤਨੀ ਸੋਨੀਆ ਅਤੇ ਉਨ੍ਹਾਂ ਦਾ ਲੜਕਾ ਲਵਨੂਰ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਚਨ ਲਾਲ ਪੁੱਤਰ ਹਰੀ ਦਾਸ ਵਾਸੀ ਮਕਾਨ ਨੰ. 416/13, ਗੋਪਾਲ ਨਗਰ, ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ-143521 । ਮੇਰਾ ਪੁੱਤਰ ਭੁਪੇਸ਼ ਕੁਮਾਰ ਅਤੇ ਉਸ ਦੀ ਪਤਨੀ ਮਨੀਸ਼ਾ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਵੰਤ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਵਾਰਡ ਨੰ. 4 ਮਿਆਣੀ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਸਰਬਜੀਤ ਕੌਰ ਵਿਧਵਾ ਗੁਰਮੀਤ ਸਿੰਘ, ਮੇਰਾ ਪੋਤਰਾ ਹਰਪ੍ਰੀਤ ਸਿੰਘ ਅਤੇ ਪੋਤਰੀ ਰਮਨੀਤ ਕੌਰ ਵਾਸੀ ਪਿੰਡ ਮਿਆਣੀ ਇਹ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਅਤੇ ਜਾਤੀ ਜ਼ਿੰਦਗੀ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸਾਧੂ ਰਾਮ ਪੁੱਤਰ ਸ੍ਰੀ ਬੂਟਾ ਰਾਮ, ਵਾਸੀ ਪੱਤੀ ਖਿੱਜਰਪੁਰ, ਲੱਖਣ ਕਲਾਂ, ਤਹਿਸੀਲ ਵਾ ਜਿਲਾ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲੱਖੀ ਅਤੇ ਸੁਮਨ, ਸਾਡੇ ਕਹਿਣੇਕਾਰ ਵਿੱਚ ਨਹੀਂ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਲੱਖੀ ਅਤੇ ਸੁਮਨ, ਨੂੰ ਆਪਣੀ ਤਮਾਮ ਚਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਨਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਗਿਆਨ ਚੰਦ ਪੁੱਤਰ ਸ੍ਰੀ ਅਮਰ ਚੰਦ ਵਾ ਕਸ਼ਮੀਰ ਕੌਰ ਪਤਨੀ ਗਿਆਨ ਚੰਦ ਵਾਸੀਆਨ ਪਿੰਡ ਗੁਰਾਲਾ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਮਨੀ (33 ਸਾਲ) ਅਤੇ ਨੂੰਹ ਰਜਨੀ (33 ਸਾਲ) , ਜੋ ਸਾਡੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

26 Jun Page-7-advt.qxd 6/25/2025 10:39 PM Page 1



# ਭਰਾਜ ਨੇ ਕਰੀਬ 40 ਲੱਖ ਰੁਪਏ ਦੇ ਕਰਜ਼ਾ ਮੁਆਫ਼ੀ ਦੇ ਪੱਤਰ ਵੰਡੇ



**ਸੰਗਰੂਰ (ਪ੍ਰਵੀਨ ਸਿੰਘ)** ਹਲਕਾ ਵਿਧਾਇਕਾ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹਲਕਾ ਸੰਗਰੂਰ ਦੇ ਕਰੀਬ 40 ਪਰਵਾਰਾਂ ਨੂੰ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਸਬੰਧੀ ਕਰੀਬ 40 ਲੱਖ ਰੁਪਏ ਦੀ ਕਰਜ਼ਾ ਮੁਆਫੀ ਦੇ ਪੱਤਰ ਵੰਡੇ। ਸ਼੍ਰੀਮਤੀ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਕੀਤੇ ਗਏ ਵਾਅਦੇ ਪੜਾਅਵਾਰ ਪੂਰੇ ਕੀਤੇ ਜਾ ਰਹੇ ਹਨ, ਉੱਥੇ ਲੋਕਾਂ ਦੀ ਜ਼ਿੰਦਗੀ ਨੂੰ ਸੌਖਿਆਂ ਕਰਨ ਵਾਸਤੇ ਕਈ ਇਤਿਹਾਸਕ ਫੈਸਲੇ ਲਏ ਗਏ ਹਨ। ਇਨ੍ਹਾਂ ਫ਼ੈਸਲਿਆਂ ਦੀ ਲੜੀ ਤਹਿਤ ਹੀ ਪੰਜਾਬ ਸਰਕਾਰ ਵੱਲੋਂ 31-03-2020 ਤੱਕ ਦੀ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਸਬੰਧੀ ਕਰਜ਼ ਦੀ ਬਕਾਇਆ ਰਾਸ਼ੀ ਮੁਆਫ ਕੀਤੀ ਗਈ ਹੈ, ਜਿਸ ਤਹਿਤ ਹਲਕਾ ਸੰਗਰੂਰ ਦੇ ਕਰੀਬ 40 ਪਰਿਵਾਰਾਂ ਦਾ ਕਰੀਬ 40 ਲੱਖ ਰੁਪਏ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ।ਪੂਰੇ ਜ਼ਿਲ੍ਹੇ ਵਿੱਚ 123 ਪਰਵਾਰਾਂ ਦੇ ਕਰੀਬ 01 ਕਰੋੜ 09 ਲੱਖ ਰੁਪਏ ਕਰਜ਼ਾ ਮੁਆਫ ਕੀਤਾ ਗਿਆ ਹੈ। ਹਲਕਾ ਵਿਧਾਇਕਾ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ 10 ਲੱਖ ਤਕ ਦੇ ਲੋਨ ਤੇ ਹੋਰ ਕੰਮਾਂ ਲਈ ਕਰਜ਼ੇ ਮਿਲਦੇ ਹਨ ਤੇ ਨੌਜਵਾਨ ਇਨ੍ਹਾਂ ਦਾ ਲਾਹਾ ਲੈ ਕੇ ਆਪਣੇ ਪੈਰਾਂ 'ਤੇ ਖੜੇ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਨੇ ਜਿਸ ਵਿਸ਼ਵਾਸ ਨਾਲ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਸਰਕਾਰ ਬਣਾਈ ਸੀ, ਉਸੇ ਭਰੋਸੇ ਨੂੰ ਕਾਇਮ ਰੱਖਦੇ ਹੋਏ ਸਰਕਾਰ ਵੱਲੋਂ ਦਿਨ ਰਾਤ ਇੱਕ ਕਰ ਕੇ ਲੋਕਾਂ ਦੀ ਸੇਵਾ ਕੀਤੀ ਜਾ ਰਹੀ ਹੈ।

# ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ ਅੱਜ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਮਰਪਤ ਨਸ਼ਾ ਵਿਰੋਧੀ ਜਾਗਰੂਕ ਸੈਮੀਨਾਰ 26 ਜੂਨ ਨੂੰ ਸਵੇਰੇ 10 ਵਜੇ ਇਤਿਹਾਸਿਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਵਿਖੇ ਲੋਕ ਭਲਾਈ ਵੈਲਫੇਅਰ ਸੁਸਾਇਟੀ ਤੇ ਪੰਜਾਬ ਪ੍ਰੈਸ ਕਲੱਬ ਮਹਿਲ ਕਲਾਂ ਵੱਲੋਂ ਸਾਂਝੇ ਤੌਰ 'ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਪ੍ਰਬੰਧਕ ਸ਼ੇਰ ਸਿੰਘ ਰਵੀ, ਪਰਮਿੰਦਰ ਸਿੰਘ ਹਮੀਦੀ, ਫਿਰੋਜ਼ ਖਾਨ ਨੇ ਦੱਸਿਆ ਕਿ ਇਸ ਮੌਕੇ ਨਸ਼ਿਆਂ ਦੀ ਲਾਹਨਤ ਨੂੰ ਖਤਮ ਕਰਨ ਦਾ ਸੁਨੇਹਾ ਦਿੰਦਾ ਨਾਟਕ ਨਵੀਂ ਜ਼ਿੰਦਗੀ ਪੇਸ਼ ਕੀਤੇ ਜਾਣ ਤੋਂ ਇਲਾਵਾ ਮੁਫ਼ਤ ਮੈਡੀਕਲ ਜਾਂਚ ਕੈਂਪ ਵੀ ਲਗਾਇਆ ਜਾਵੇਗਾ।

# ਹੋਂਦ ਚਿੱਲੜ ਦੇ ਪੀੜਤ ਪਰਵਾਰਾਂ ਨੂੰ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਬਣਾ ਕੇ ਦਿੱਤਾ ਜਾਵੇ ਇਨਸਾਫ਼ : ਘੋਲੀਆ



**ਮੋਗਾ (ਇਕਬਾਲ ਸਿੰਘ ਖਹਿਰਾ)**- ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਵੱਲੋਂ 1984 ਸਿੱਖ ਕਤਲੇਆਮ ਦੇ ਪੀੜਤ ਪਰਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਨਵਾਂ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਬਲਜਿੰਦਰ ਸਿੰਘ ਲੁੰਬਾ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਪੱਤਰ ਭੇਜ ਕੇ ਮੰਗ ਕੀਤੀ ਗਈ ਹੈ ਕਿ ਹੋਂਦ ਚਿੱਲੜ ਸਮੇਤ ਗੁੜਗਾਉਂ, ਪਟੌਦੀ, ਮਹਿੰਦਰਗੜ੍ਹ ਦੇ 1984 ਕਤਲੇਆਮ ਪੀੜਤ ਪਰਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦਾ ਗਠਨ ਕੀਤਾ ਜਾਵੇ। ਇਸ ਮੌਕੇ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ 2 ਨਵੰਬਰ 1984 ਨੂੰ ਹੋਂਦ ਚਿੱਲੜ ਵਿਖੇ 32 ਸਿੱਖਾਂ ਨੂੰ ਬੇਰਹਿਮੀ ਨਾਲ ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਖੂਹ ਵਿੱਚ ਸੁੱਟ ਦਿੱਤਾ ਗਿਆ ਸੀ, ਜਦਕਿ ਗੁੜਵਾਉਂ, ਪਟੌਦੀ ਅਤੇ ਗੂੜਾ ਮਹਿੰਦਰਗੜ੍ਹ ਵਿਖੇ ਕਰੀਬ 385 ਘਰਾਂ ਨੂੰ ਲੁੱਟ ਪੁੱਟ ਕੇ ਸਿੱਖਾਂ ਦੀਆਂ ਫੈਕਟਰੀਆਂ ਸਮੇਤ ਅੱਗ ਦੇ ਭੇਟ ਚਾੜ੍ਹ ਦਿੱਤਾ ਸੀ ਅਤੇ 47 ਬੱਚਿਆਂ ਬੀਬੀਆਂ ਨੌਜਵਾਨਾਂ ਬਜ਼ੁਰਗਾਂ ਸਮੇਤ ਉਹਨਾਂ ਦੇ ਪਰਵਾਰਾਂ ਸਾਹਮਣੇ ਭੀੜ ਨੇ ਦਾਤਰਾਂ ਅਤੇ ਰਾਡਾਂ ਮਾਰ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਉਪਰਾਲੇ ਸਦਕਾ ਹਾਈਕੋਰਟ ਵੱਲੋਂ ਟੀ ਪੀ ਗਰਗ ਕਮਿਸ਼ਨ ਬਣਾਇਆ ਗਿਆ ਸੀ ਜਿਸ ਨੇ 4 ਸਾਲ ਤੱਕ ਹਿਸਾਰ ਵਿਖੇ ਪੀੜਤ ਪਰਵਾਰਾਂ ਦੀਆਂ ਗਵਾਹੀਆਂ ਸਣੇ ਸਾਰੀ ਕਾਰਵਾਈ ਚਲਾਈ ਪਰ ਕਮਿਸ਼ਨ ਵੱਲੋਂ ਸਿਫਾਰਸ਼ਾਂ ਦੇ ਬਾਵਜੂਦ ਦੋਸ਼ੀਆਂ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਦਿੱਤਾ ਗਿਆ ਮੁਆਵਜ਼ਾ ਲਗਭਗ 22 ਕਰੋੜ 60 ਲੱਖ ਰੁਪਏ ਕੇਵਲ ਐਲਾਨ ਪੱਤੀ ਦਾ ਬਣ ਕੇ ਰਹਿ ਗਿਆ ਪਰ ਇਨਸਾਫ ਅਜੇ ਤੱਕ ਵੀ ਨਹੀਂ ਮਿਲਿਆ।ਉਨ੍ਹਾਂ ਨੇ ਸਾਵਧਾਨ ਕਰਦੇ ਹੋਏ ਕਿਹਾ ਕਿ ਜੇਕਰ ਹਰਿਆਣਾ ਸਰਕਾਰ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦੀ ਸਥਾਪਨਾ ਨਹੀਂ ਕਰਦੀ ਤਾਂ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਲਿਜਾਇਆ ਜਾਵੇਗਾ। ਇਸ ਮੌਕੇ ਸ੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਨੁਮਾਇੰਦੇ ਗੁਰਦਿਆਲ ਸਿੰਘ ਫੌਜੀ ਅਤੇ ਪੀੜਤ ਕਰਨੈਲ ਸਿੰਘ ਕੁਰੁਕਸ਼ੇਤਰ ਵੀ ਹਾਜ਼ਰ ਸਨ। ਉਨ੍ਹਾਂ ਵੀ ਮੰਗ ਕੀਤੀ ਕਿ ਦੂਜੇ ਸੂਬਿਆਂ ਦੀ ਤਰਜ਼ 'ਤੇ ਹਰਿਆਣਾ ਦੇ ਪੀੜਤਾਂ ਨੂੰ ਇਨਸਾਫ਼ ਮਿਲੇ।

# ਸੜਕ ਹਾਦਸੇ 'ਚ ਔਰਤ ਦੀ ਮੌਤ, ਪਿਉ-ਧੀ ਜ਼ਖ਼ਮੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਮੱਲਾਂਵਾਲਾ ਦੇ ਅਧੀਨ ਆਉਂਦੇ ਪਿੰਡ ਭੜਾਣ ਕੋਲ ਹੋਏ ਸੜਕ ਹਾਦਸੇ ਵਿੱਚ ਇਕ ਔਰਤ ਦੀ ਮੌਤ ਤੇ ਪਿਓ ਧੀ ਦੇ ਜ਼ਖਮੀ ਹੋਣ ਦੀ ਖਬਰ ਮਿਲੀ ਹੈ। ਥਾਣਾ ਮੱਲਾਂਵਾਲਾ ਪੁਲਸ ਨੇ ਕਾਰ ਚਾਲਕ ਖਿਲਾਫ਼ 106, 281, 125 (ਏ), 125 (ਬੀ) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਵਿੰਦਰ ਸਿੰਘ ਪੁੱਤਰ ਮਨਜੀਤ ਸਿੰਘਦ ਵਾਸੀ ਪਿੰਡ ਖੋਸਾ ਦਲ ਸਿੰਘ ਵਾਲਾ ਨੇ ਦੱਸਿਆ ਕਿ 23 ਜੂਨ 2025 ਨੂੰ ਉਹ, ਉਸ ਦੀ ਪਤਨੀ ਤੇ ਉਸ ਦੀ ਲੜਕੀ ਫ਼ਿਰੋਜ਼ਪੁਰ ਨੂੰ ਜਾ ਰਹੇ ਸੀ। ਜਦ ਜੋੜੀਆਂ ਨਹਿਰਾਂ ਭੜਾਣਾ ਕੋਲ ਪਹੁੰਚੇ ਤਾਂ ਇਕ ਆਲਟੋ ਕਾਰ ਨੰਬਰ ਪੀਬੀ 05 ਏ.ਸੀ 3201 ਤੇਜ਼ ਰਫ਼ਤਾਰ ਨਾਲ ਸਾਡੇ ਵਿੱਚ ਲਿਆ ਕੇ ਮਾਰੀ, ਜੋ ਉਸ ਦੀ ਪਤਨੀ ਤੇ ਲੜਕੀ ਨੂੰ ਕਾਫੀ ਸੱਟਾਂ ਲੱਗੀਆਂ। ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਪਤਨੀ ਨੂੰ ਜ਼ੀਰਾ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ। ਇਸ ਹਾਦਸੇ ਵਿੱਚ ਉਸ ਦੀ ਪਤਨੀ ਦੀ ਮੌਤ ਹੋ ਗਈ ਤੇ ਉਸ ਦੀ ਲੜਕੀ ਦੇ ਵੀ ਸੱਟਾਂ ਲੱਗੀਆਂ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮੇਜਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਕਾਰ ਚਾਲਕ ਸਾਜਨਪ੍ਰੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਬੱਗਾ ਸਿੰਘ ਵਾਲੀ ਲੋਹਗੜ੍ਹ ਖਿਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਜ਼ਦੂਰ ਦਾ ਪੁੱਤ ਅਰਜਨਵੀਰ ਆਈ ਆਈ ਟੀ ਖੜਗਪੁਰ ਪਹੁੰਚਿਆ



**ਤਲਵੰਡੀ ਸਾਬੋ (ਜਗਦੀਪ ਗਿੱਲ)** ਸਮਾਜਿਕ ਤੇ ਆਰਥਿਕ ਤੌਰ 'ਤੇ ਪਿਛੜੇ ਵਰਗ ਵਾਲੇ ਬੱਚਿਆਂ ਨੂੰ ਆਈਆਈਟੀ ਤੇ ਐਨਆਈਟੀ ਵਰਗੇ ਉੱਚ ਤਕਨੀਕੀ ਸੰਸਥਾਵਾਂ ਤੱਕ ਪੁਚਾਉਣ ਲਈ ਐਚਪੀਸੀਐਲ-ਮਿੱਤਲ ਐਨਰਜੀ ਲਿਮ: (ਐਚਐਮਈਐਲ) ਵਲੋਂ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਰਾਹੀਂ ਸੈਂਟਰ ਫਾਰ ਸੋਸ਼ਲ ਰਿਸਪਾਂਸਬਿਲਟੀ ਐਂਡ ਲੀਡਰਸ਼ਿਪ, ਦਿੱਲੀ ਦੇ ਸਹਯੋਗ ਨਾਲ ਚਲਾਇਆ ਜਾ ਰਿਹਾ 'ਨੈਸ਼ਨਲ ਸੁਪਰ 1000 ਪ੍ਰੋਗਰਾਮ ਹੁਣ ਫਲ ਦੇਣ ਲੱਗਾ ਹੈ।ਬਠਿੰਡਾ ਹੀ ਨਹੀਂ, ਪੂਰੇ ਮਾਲਵਾ ਖੇਤਰ ਦੇ ਸਰਕਾਰੀ ਸਕੂਲਾਂ ਦੇ ਮਿਹਨਤੀ ਵਿਦਿਆਰਥੀ ਹੁਣ ਐਚਐਮਈਐਲ ਦੀ ਮੁਫ਼ਤ ਕੋਚਿੰਗ ਰਾਹੀਂ ਜੇ. ਈ.ਈ. ਐਡਵਾਂਸਡ ਪਾਸ ਕਰਕੇ ਆਈਆਈਟੀ ਤੇ ਐਨਆਈਟੀ ਵਿੱਚ ਦਾਖਲਾ ਲੈ ਕੇ ਇੰਜਨੀਅਰ ਬਣਨ ਦੇ ਸੁਪਨੇ ਸਾਕਾਰ ਕਰ ਰਹੇ ਹਨ। ਮੁਕਤਸਰ ਦੇ ਪਿੰਡ ਸਾਰਾਏਨਾਗਾ ਦੇ ਮਜ਼ਦੂਰ ਕੁਲਵੰਤ ਸਿੰਘ ਦੇ ਪੁੱਤਰ ਅਰਜਨਵੀਰ ਸਿੰਘ ਨੇ ਜੇ.ਈ.ਈ. ਐਡਵਾਂਸਡ ਪਾਸ ਕਰਕੇ ਆਈਆਈਟੀ ਖੜਗਪੁਰ ਵਿੱਚ ਦਾਖਲਾ ਲੈ ਲਿਆ ਹੈ। ਦੂਜੇ ਪਾਸੇ ਬਠਿੰਡਾ ਦੇ ਪਿੰਡ ਫੂਲੇਵਾਲਾ ਦੀ ਮਿਹਨਤੀ ਵਿਦਿਆਰਥਣ, ਜੋ ਖੇਤਾਂ 'ਚ ਮਜ਼ਦੂਰੀ ਕਰਕੇ ਪੜ੍ਹਾਈ ਦਾ ਖਰਚਾ ਚੁਕਾਉਣ ਵਾਲੀ ਪ੍ਰਭਜੋਤ ਕੌਰ, ਨੇ ਵੀ ਐਚਐਮਈਐਲ ਦੀ ਮੁਫ਼ਤ ਕੋਚਿੰਗ ਰਾਹੀਂ ਜੇ. ਈ.ਈ. ਐਡਵਾਂਸਡ ਪਾਸ ਕਰ ਲਿਆ ਹੈ ਤੇ ਹੁਣ ਉੱਚ ਤਕਨੀਕੀ ਕਾਲਜਾਂ ਲਈ ਚੱਲ ਰਹੀ ਕੌਂਸਲਿੰਗ ਵਿੱਚ ਸ਼ਾਮਲ ਹੋਈ ਹੈ।

● ਝੋਨਾ ਲਾ ਕੇ ਪੜ੍ਹਾਈ ਕਰਨ ਵਾਲੀ ਪ੍ਰਭਜੋਤ ਨੇ ਪਾਸ ਕੀਤੀ ਜੇ ਈ ਈ

ਪ੍ਰਭਜੋਤ ਕੌਰ ਨੇ ਦੱਸਿਆ ਕਿ ਜਦੋਂ ਜੂਨ 2024 ਵਿੱਚ ਐਚਐਮਈਐਲ -ਸਮਰਥਿਤ ਟੈਸਟ ਪਾਸ ਕਰਕੇ ਮੈਨੂੰ ਦਿੱਲੀ ਜਾਣ ਦਾ ਮੌਕਾ ਮਿਲਿਆ, ਤਾਂ ਦੇਸ਼ ਭਰ ਦੇ ਬੱਚਿਆਂ ਨੂੰ ਦੇਖ ਕੇ ਮੈਨੂੰ ਅੰਦਰੋਂ ਪ੍ਰੇਰਨਾ ਮਿਲੀ ਕਿ ਮੈਨੂੰ ਵੀ ਕੁਝ ਕਰ ਦਿਖਾਉਣਾ ਹੈ। ਜਨਵਰੀ 2025 ਵਿੱਚ ਮੇਨ ਪਾਸ ਕੀਤਾ ਤੇ ਫਿਰ ਮਈ ਵਿੱਚ ਐਡਵਾਂਸਡ ਵੀ ਕਲੀਅਰ ਕਰ ਲਿਆ। ਅਰਜਨਵੀਰ ਸਿੰਘ ਨੇ ਦੱਸਿਆ ਕਿ ਮੇਰੇ ਪਿਤਾ ਮਜ਼ਦੂਰੀ ਕਰਦੇ ਹਨ। ਜੇ.ਈ.ਈ. ਐਡਵਾਂਸਡ ਦੀ ਫੀਸ ਲਈ 1500 ਰੁਪਏ ਵੀ ਨਹੀਂ ਸਨ।ਮੈਰੀਟੋਰੀਅਸ ਸਕੂਲ 'ਚ ਪੜ੍ਹਦਿਆਂ ਹੀ ਮੈਂ ਐਚਐਮਈਐਲ ਦੇ ਨੇਸ਼ਨਲ ਸੁਪਰ 100 ਟੈਸਟ ਵਿਚ ਭਾਗ ਲਿਆ ਸੀ। ਜੂਨ 2024 ਵਿੱਚ ਮੈਨੂੰ ਕਾਲ ਆਈ ਕਿ ਮੇਰੀ ਚੋਣ ਹੋ ਗਈ ਹੈ।

# ਸਬ-ਅਰਬਨ ਸਬ ਡਵੀਜ਼ਨ ਟੀ ਐੱਸ ਯੂ ਦੀ ਨਵੀਂ ਕਮੇਟੀ ਦੀ ਸਰਬਸੰਮਤੀ ਨਾਲ ਚੋਣ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)** ਸਬ ਅਰਬਨ ਸਬ ਡਵੀਜ਼ਨ ਟੀਐਸਯੂ ਦੀ ਚੋਣ ਰਾਜੇਸ਼ ਦੇਵਗਨ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ।ਇਸ ਚੋਣ ਪ੍ਰਕਿਰਿਆ 'ਚ ਸੁਖਦੇਵ ਸਿੰਘ ਨੂੰ ਪ੍ਰਧਾਨ, ਤੁਸ਼ਾਰ ਚਾਵਲਾ ਨੂੰ ਮੀਤ ਪ੍ਰਧਾਨ, ਵਰਿੰਦਰ ਕੁਮਾਰ ਨੂੰ ਸਕੱਤਰ, ਬਲਵਿੰਦਰ ਸਿੰਘ ਨੂੰ ਜੁਆਇੰਟ ਸਕੱਤਰ ਤੇ ਰਮੇਸ਼ ਚੰਦ ਨੂੰ ਖਜ਼ਾਨਚੀ ਵਜੋਂ ਚੁਣਿਆ ਗਿਆ। ਨਵੀਂ ਕਮੇਟੀ ਦੀ ਚੋਣ ਨੂੰ ਲੈ ਕੇ ਡਵੀਜ਼ਨ ਕਮੇਟੀ ਵੱਲੋਂ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ ਗਈ।ਨਵੇਂ ਚੁਣੇ ਗਏ ਪ੍ਰਧਾਨ ਸੁਖਦੇਵ ਸਿੰਘ ਨੇ ਸਾਰੇ ਸਾਥੀਆਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਨਵੀਂ ਕਮੇਟੀ ਸਾਰੇ ਸਾਥੀਆਂ ਦੇ ਕੰਮਕਾਜ ਨੂੰ ਪੂਰੀ ਤਨਦੇਹੀ ਨਾਲ ਅੱਗੇ ਵਧਾਏਗੀ। ਚੋਣ ਪ੍ਰਕਿਰਿਆ ਦੌਰਾਨ ਡਵੀਜ਼ਨ ਦੇ ਸਕੱਤਰ ਰਾਜਿੰਦਰ ਸ਼ਰਮਾ ਤੇ ਮੇਜਰ ਸਿੰਘ ਵੀ ਮੌਜੂਦ ਸਨ, ਜਿਨ੍ਹਾਂ ਨੇ ਚੋਣ ਨੂੰ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਸੰਪੰਨ ਕਰਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਸੰਗਠਨ ਦੇ ਮੈਂਬਰਾਂ ਨੇ ਨਵੀਂ ਕਮੇਟੀ ਦੇ ਸਮਰਥਨ 'ਚ ਉਤਸ਼ਾਹ ਦਿਖਾਇਆ ਤੇ ਆਉਣ ਵਾਲੇ ਸਮੇਂ ਵਿੱਚ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਦਾ ਸੰਕਲਪ ਲਿਆ।

# ਹਮੀਦੀ 'ਚ ਭਾਜਪਾ ਵੱਲੋਂ ਭਲਾਈ ਸਕੀਮਾਂ ਸੰਬੰਧੀ ਜਾਗਰੂਕਤਾ ਕੈਂਪ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਭਾਰਤੀ ਜਨਤਾ ਪਾਰਟੀ ਵੱਲੋਂ 'ਭਾਜਪਾ ਦੇ ਸੇਵਾਦਾਰ ਆ ਗਏ ਨੇ ਤੁਹਾਡੇ ਦੁਆਰ' ਮੁਹਿੰਮ ਤਹਿਤ ਬੁੱਧਵਾਰ ਪਿੰਡ ਹਮੀਦੀ ਵਿਖੇ ਮੋਦੀ ਸਰਕਾਰ ਦੀਆਂ ਲੋਕ-ਹਿਤੈਸ਼ੀ ਸਕੀਮਾਂ ਸਬੰਧੀ ਵਿਸ਼ੇਸ਼ ਜਾਗਰੂਕਤਾ ਕੈਂਪ ਸੀਨੀਅਰ ਭਾਜਪਾ ਆਗੂ ਸਾਬਕਾ ਵਿਧਾਇਕਾ ਬੀਬੀ ਹਰਚੰਦ ਕੌਰ ਘਨੌਰੀ ਦੀ ਅਗਵਾਈ ਹੇਠ ਲਗਾਇਆ ਗਿਆ। ਸਾਬਕਾ ਵਿਧਾਇਕਾ ਬੀਬੀ ਘਨੌਰੀ, ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸਿੰਘ ਸ਼ੰਟੀ ਨੇ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਕਿਸਾਨਾਂ, ਮਜ਼ਦੂਰਾਂ, ਵਿਧਵਾਵਾਂ ਅਤੇ ਹੋਰ ਆਮ ਲੋਕਾਂ ਲਈ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਹ ਯੋਜਨਾਵਾਂ ਬਾਰੇ ਜਾਗਰੂਕ ਕਰਨ ਤੋਂ ਇਲਾਵਾ 550 ਤੋਂ ਵੱਧ ਲੋੜਵੰਦ ਲੋਕਾਂ ਦੇ ਆਨਲਾਈਨ ਫਾਰਮ ਭਰਵਾਏ ਗਏ। ਬੀਬੀ ਘਨੌਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ ਪੱਧਰ 'ਤੇ ਲੱਗ ਰਹੇ ਇਨ੍ਹਾਂ ਕੈਂਪਾਂ ਰਾਹੀਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਲੈਣ। ਇਸ ਮੌਕੇ ਇਕਾਈ ਪ੍ਰਧਾਨ ਸਰਜੀਤ ਸਿੰਘ ਬੰਮਰਾਹ, ਤੇਜਾ ਸਿੰਘ ਪਾਲ, ਜਸਪਾਲ ਸਿੰਘ ਦਿਉਲ, ਮੋਹਣ ਸਿੰਘ, ਗੁਰਮੀਤ ਸਿੰਘ ਪਾਲ, ਜਰਨੈਲ ਸਿੰਘ ਰਾਣੂ, ਸੁਖਦੀਪ ਸਿੰਘ ਧੌਲਾ, ਰਾਜਦੀਪ ਸਿੰਘ, ਸਮਸ਼ੇਰ ਸਿੰਘ ਪਾਲ ਆਦਿ ਹਾਜ਼ਰ ਸਨ।

# ਪਹਿਲੇ ਮੀਂਹ ਨਾਲ ਤਹਿਸੀਲ ਕੰਪਲੈਕਸ ਦੀਆਂ ਛੱਤਾਂ ਚੋਈਆਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਮਾਨਸੂਨ ਦੇ ਸੀਜ਼ਨ ਦੌਰਾਨ ਇਲਾਕੇ ਵਿੱਚ ਪਹਿਲੀ ਪਈ ਭਰਵੀਂ ਬਰਸਾਤ ਕਾਰਨ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਜਿੱਥੇ ਸ਼ਹਿਰ ਦੇ ਬਹੁਤ ਸਾਰੇ ਗਲੀਆਂ-ਮੁਹੱਲਿਆਂ ਵਿੱਚ ਪਾਣੀ ਭਰ ਗਿਆ, ਉੱਥੇ ਸਬ ਡਵੀਜ਼ਨ ਕੰਪਲੈਕਸ ਦੀਆਂ ਛੱਤਾਂ ਚੋਣ ਲੱਗ ਗਈਆਂ, ਜਿਸ ਕਾਰਨ ਦਫ਼ਤਰਾਂ ਵਿੱਚ ਹਾਜ਼ਰ ਮੁਲਾਜ਼ਮਾਂ ਤੇ ਆਮ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਦੋਂ ਵੱਡੇ ਪੱਧਰ 'ਤੇ ਛੱਤਾਂ ਚੋਣ ਲੱਗੀਆਂ ਤਾਂ ਵਰ੍ਹਦੇ ਮੀਂਹ ਵਿੱਚ ਦਫ਼ਤਰ 'ਚ ਤਾਇਨਾਤ ਸਫ਼ਾਈ ਮੁਲਾਜ਼ਮਾਂ ਵੱਲੋਂ ਛੱਤਾਂ ਉੱਤੇ ਜਾ ਕੇ ਪਰਨਾਲੇ ਖੋਲ੍ਹੇ ਜਾਣ ਮਗਰੋਂ ਕੁਝ ਹੱਦ ਤੱਕ ਰਾਹਤ ਮਹਿਸੂਸ ਹੋਈ। ਦੱਸਣਯੋਗ ਹੈ ਕਿ ਕਰੀਬ ਡੇਢ ਦਹਾਕਾ ਪਹਿਲਾਂ ਬਣੇ ਸਬ ਡਵੀਜ਼ਨ ਕੰਪਲੈਕਸ ਵਿੱਚੋਂ ਬਰਸਾਤੀ ਪਾਣੀ ਦੀ ਨਿਕਾਸੀ ਲਈ ਠੋਸ ਪ੍ਰਬੰਧ ਨਾ ਕੀਤੇ ਜਾਣ ਕਾਰਨ ਬਰਸਾਤਾਂ ਦਾ ਭਰਿਆ ਪਾਣੀ ਨੀਹਾਂ ਵਿੱਚ ਜਾ ਪੈਂਦਾ ਹੈ, ਜਿਸ ਕਰਕੇ ਇਮਾਰਤ ਨੂੰ ਕਈ ਥਾਂਵਾਂ ਤੋਂ ਨੁਕਸਾਨ ਪੁੱਜ ਰਿਹਾ ਹੈ ਅਤੇ ਬਿਲਡਿੰਗ ਵਿੱਚ ਤਰੇੜਾਂ ਪੈਂਦੀਆਂ ਨਜ਼ਰ ਆ ਰਹੀਆਂ ਹਨ। ਐਸਡੀਐਮ ਅਸ਼ੋਕ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਛੱਤਾਂ ਚੋਣ ਦੀ ਕੁਝ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਸਬੰਧੀ ਉਨ੍ਹਾਂ ਬੀਐਂਡ ਆਰ ਵਿਭਾਗ ਨੂੰ ਲਿਖ ਕੇ ਭੇਜਿਆ ਜਾ ਰਿਹਾ ਹੈ ਤਾਂ ਜੁ ਆਉਣ ਵਾਲੇ ਸਮੇਂ ਵਿੱਚ ਅਜਿਹੀ ਮੁਸ਼ਕਲ ਦਾ ਸਾਹਮਣਾ ਦੁਬਾਰਾ ਨਾ ਕਰਨਾ ਪਵੇ।

# ਖੇਤੀਬਾੜੀ ਵਿਭਾਗ ਵੱਲੋਂ ਖਾਦ ਤੇ ਕੀਟਨਾਸ਼ਕ ਵਿਕ੍ਰੇਤਾਵਾਂ ਦੀ ਅਚਨਚੇਤ ਚੈਕਿੰਗ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਪੰਜਾਬ ਸਰਕਾਰ ਵੱਲੋਂ ਬਾਸਮਤੀ ਦੀ ਫਸਲ ਲਈ ਪਾਬੰਦੀਸ਼ੁਦਾ 11 ਕਿਸਮ ਦੇ ਕੀਟਨਾਸ਼ਕਾਂ ਦੀ ਵਿਕਰੀ ਨੂੰ ਸਖ਼ਤੀ ਨਾਲ ਰੋਕਣ ਅਤੇ ਕਿਸਾਨਾਂ ਨੂੰ ਮਿਆਰੀ ਖਾਦਾਂ ਤੇ ਫ਼ਸਲੀ ਦਵਾਈਆਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਵੱਲੋਂ ਸਰਹਿੰਦ ਵਿਖੇ ਵੱਖ ਵੱਖ ਖਾਦਾਂ ਅਤੇ ਕੀਟਨਾਸ਼ਕਾਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ ਅਤੇ 7 ਦੁਕਾਨਾਂ ਤੋਂ ਸੈਂਪਲ ਭਰੇ ਗਏ। ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ ਡਾ: ਗੁਰਨਾਮ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਮਿਆਰੀ ਖਾਦ ਅਤੇ ਕੀਟਨਾਸ਼ਕ ਯਕੀਨੀ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਵਿਭਾਗ ਵੱਲੋਂ ਸਰਹਿੰਦ ਵਿਖੇ ਵੱਖ-ਵੱਖ ਖਾਦਾਂ ਤੇ ਕੀਟਨਾਸ਼ਕਾਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਤੇ ਸੈਂਪਲ ਭਰੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਾਉਣੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਮਿਆਰੀ ਖਾਦ, ਕੀਟਨਾਸ਼ਕ ਅਤੇ ਬੀਜ ਉਪਲਬੱਧ ਕਰਵਾਉਣ ਲਈ ਖੇਤੀਬਾੜੀ ਵਿਭਾਗ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਬਾਸਮਤੀ ਚਾਵਲਾਂ ਵਿੱਚ ਕੁਝ ਕੀਟਨਾਸ਼ਕਾਂ ਦੇ ਅੰਸ਼ ਨਿਰਧਾਰਤ ਮਾਤਰਾ ਤੋਂ ਜ਼ਿਆਦਾ ਆਉਣ ਕਰਕੇ ਬਾਹਰਲੇ ਮੁਲਕਾਂ ਵਿੱਚ ਦੇਸ਼ ਵਿੱਚ ਪੈਦਾ ਚਾਵਲ ਐਕਸਪੋਰਟ ਕਰਨ ਲਈ ਸਮੱਸਿਆ ਆ ਰਹੀ ਹੈ ਅਤੇ ਕਿਸਾਨਾਂ ਨੂੰ ਬਾਸਮਤੀ ਦਾ ਚੰਗਾ ਭਾਅ ਮਿਲਣ ਵਿੱਚ ਸਮੱਸਿਆ ਆ ਸਕਦੀ ਹੈ। ਇਸ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ 11 ਪੈਸਟੀਸਾਈਡ ਨੂੰ ਬਾਸਮਤੀ ਦੀ ਫਸਲ 'ਤੇ ਵਰਤਣ ਲਈ ਪੂਰਨ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਗੈਰ ਮਿਆਰੀ ਖਾਦਾਂ ਅਤੇ ਕੀਟਨਾਸ਼ਕ ਵੇਚਣ ਵਾਲੇ ਵਿਅਕਤੀਆਂ ਵਿਰੁੱਧ ਕਾਨੂੰਨ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਖਾਦਾਂ, ਕੀਟਨਾਸ਼ਕ ਅਤੇ ਬੀਜ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਇਸ ਦਾ ਪੱਕਾ ਬਿਲ ਜ਼ਰੂਰ ਲਿਆ ਜਾਵੇ।ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਨੇ ਖੇਤੀਬਾੜੀ ਅਫਸਰ ਡਾ. ਇਕਬਾਲਜੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ ਡਾ. ਇਕਬਾਲਪ੍ਰੀਤ ਸਿੰਘ ਤੇ ਡਾ. ਦਮਨ ਝਾਂਜੀ ਦੀ ਅਗਵਾਈ ਵਿੱਚ ਵੱਖ-ਵੱਖ ਡੀਲਰਾਂ ਤੋਂ ਖਾਦਾਂ ਅਤੇ ਕੀਟਨਾਸ਼ਕਾਂ ਦੇ ਸੈਂਪਲ ਭਰੇ।

# ਦਿੱਲੀ-ਸੰਗਰੂਰ ਨੈਸ਼ਨਲ ਹਾਈਵੇ 'ਤੇ ਭਰਿਆ ਪਾਣੀ



● ਰਾਹਗੀਰਾਂ ਨੂੰ ਕਰਨਾ ਪਿਆ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਪਹਿਲੀ ਬਰਸਾਤ ਦੇ ਚੱਲਦਿਆਂ ਸੂਬੇ ਨੂੰ ਦੇਸ਼ ਦੀ ਰਾਜਧਾਨੀ ਨਾਲ ਜੋੜਨ ਵਾਲੇ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਨਰਵਾਣਾ ਰੋਡ ਉੱਤੇ ਹਾਈਵੇ ਦੇ ਨਾਲ ਨਾਲ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਣਾਏ ਗਏ ਨਾਲੇ ਦੀ ਸਫਾਈ ਨਾ ਹੋਣ ਕਰਕੇ ਵੱਡੀ ਪੱਧਰ ਉੱਤੇ ਬਰਸਾਤੀ ਪਾਣੀ ਭਰ ਗਿਆ, ਜਿਸ ਕਾਰਨ ਸੜਕ ਤੋਂ ਲੰਘਣ ਵਾਲੇ ਰਾਹੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਐਸਡੀਐਮ ਅਸ਼ੋਕ ਕੁਮਾਰ ਨੇ ਮੌਕੇ ਉੱਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਮੌਕੇ ਉੱਤੇ ਬੁਲਾ ਕੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ। ਸ਼ਹਿਰ ਦੇ ਨਰਵਾਣਾ ਰੋਡ ਉੱਤੇ ਬਾਈਪਾਸ ਪੁਲ਼ ਦੇ ਨਾਲ-ਨਾਲ ਬਣੇ ਸਰਵਿਸ ਰੋਡ ਉੱਤੇ ਦੋਵੇਂ ਪਾਸੇ ਬਰਸਾਤੀ ਪਾਣੀ ਭਰ ਗਿਆ, ਜਿਸ ਕਰਕੇ ਸਰਵਿਸ ਰੋਡ ਉੱਤੇ ਜਾਣ ਵਾਲੇ ਵਾਹਣ ਚਾਲਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਇਸ ਤੋਂ ਇਲਾਵਾ ਪਿੰਡ ਖਾਸਪੁਰ ਅਤੇ ਸ਼ੁਤਰਾਣਾ ਦੇ ਨਜ਼ਦੀਕ ਪੁਲਾਂ ਦੇ ਨਾਲ ਸਰਵਿਸ ਰੋਡਾਂ ਉੱਤੇ ਬਰਸਾਤੀ ਪਾਣੀ ਭਰਿਆ ਰਿਹਾ।ਕਰੀਬ ਦੋ ਘੰਟੇ ਪਈ ਬਰਸਾਤ ਮਗਰੋਂ ਬਰਸਾਤ ਰੁਕ ਜਾਣ ਦੇ ਬਾਵਜੂਦ ਕਈ ਘੰਟਿਆਂ ਤੱਕ ਇਹ ਪਾਣੀ ਸੜਕ ਉੱਤੇ ਖੜਾ ਰਿਹਾ।ਲੋਕਾਂ ਨੇ ਦੱਸਿਆ ਕਿ ਸੜਕ ਉੱਤੇ ਪਾਣੀ ਖੜਨ ਦੀ ਸਭ ਤੋਂ ਵੱਡੀ ਵਜ੍ਹਾ ਸੜਕ ਦੇ ਨਾਲ ਬਣੇ ਬਰਸਾਤੀ ਪਾਣੀ ਦੇ ਨਿਕਾਸੀ ਨਾਲੇ ਵਿੱਚ ਗੰਦਗੀ ਦਾ ਜਮ੍ਹਾਂ ਹੋਣਾ ਹੈ।ਉਨ੍ਹਾਂ ਕਿਹਾ ਕਿ ਬਰਸਾਤਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਨਿਕਾਸੀ ਨਾਲੇ ਦੀ ਸਫ਼ਾਈ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਹੋਣੀ ਚਾਹੀਦੀ ਹੈ ਪਰ ਬਦਕਿਸਮਤੀ ਦੀ ਗੱਲ ਹੈ ਕਿ ਪ੍ਰਸ਼ਾਸਨ ਵੱਲੋਂ ਸਮਾਂ ਰਹਿੰਦਿਆਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਨੈਸ਼ਨਲ ਹਾਈਵੇ ਦੇ ਅਸਿਸਟੈਂਟ ਇੰਜੀਨੀਅਰ (ਰਿਪੇਅਰ) ਸ਼ਕਸਮ ਕੁਮਾਰ ਨੇ ਕਿਹਾ ਕਿ ਮੀਂਹ ਕਰਕੇ ਬਰਸਾਤੀ ਨਾਲੇ ਵਿੱਚ ਕੁਝ ਪਲਾਸਟਿਕ ਦਾ ਕੂੜਾ ਕਰਕਟ ਜਮ੍ਹਾਂ ਹੋ ਜਾਣ ਕਰਕੇ ਪਾਇਪ ਬੰਦ ਹੋ ਜਾਣ ਕਰਕੇ ਬਰਸਾਤੀ ਪਾਣੀ ਸੜਕ ਉੱਤੇ ਭਰ ਗਿਆ ਸੀ।ਪਾਇਪ ਦੀ ਸਫਾਈ ਕਰਵਾਕੇ ਪਾਣੀ ਦੀ ਨਿਕਾਸੀ ਕਰ ਦਿੱਤੀ ਗਈ ਹੈ।

# ਸੰਯੁਕਤ ਦਲਿਤ ਮੋਰਚੇ ਵੱਲੋਂ ਰੱਖੀ ਮੀਟਿੰਗ 'ਚ ਹੋਵਾਂਗੇ ਸ਼ਾਮਲ : ਸਮਾਓ



**ਮਾਨਸਾ (ਆਤਮਾ ਸਿੰਘ ਪਮਾਰ)** ਜ਼ਮੀਨ ਹੱਦਬੰਦੀ ਕਾਨੂੰਨ ਨੂੰ ਲਾਗੂ ਕਰਾਉਣ ਤੇ ਮਾਨ ਸਰਕਾਰ ਨੂੰ ਘੇਰਨ ਲਈ ਅੰਦੋਲਨ ਦੀ ਰੂਪਰੇਖਾ ਉਲੀਕਣ ਲਈ 29 ਜੂਨ ਨੂੰ ਲੁਧਿਆਣਾ ਵਿਖੇ ਸੰਯੁਕਤ ਦਲਿਤ ਮੋਰਚਾ ਦੀ ਰੱਖੀ ਗਈ ਮੀਟਿੰਗ 'ਚ ਸ਼ਾਮਲ ਹੋਵਾਂਗੇ।ਇਹ ਐਲਾਨ ਪਿੰਡ ਬਹਾਦਰਪੁਰ ਦੇ ਸਰਪੰਚ ਵੱਲੋਂ ਬਣਵਾਏ ਗਏ ਜਾਅਲੀ ਐਸ. ਸੀ ਸਰਟੀਫਿਕੇਟ ਰੱਦ ਕਰਾਉਣ ਲਈ ਡਿਪਟੀ ਕਮਿਸ਼ਨਰ ਨੂੰ ਮਿਲਣ ਤੋਂ ਬਾਅਦ ਸੰਯੁਕਤ ਦਲਿਤ ਮੋਰਚਾ ਦੇ ਕੋਰ ਕਮੇਟੀ ਮੈਂਬਰ ਅਤੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕੀਤਾ। ਦਲਿਤ ਆਗੂ ਨੇ ਕਿਹਾ ਕਿ ਪੰਜਾਬ ਦੀ ਅਬਾਦੀ ਦੇ ਕਰੀਬ 40% ਐਸ, ਸੀ ਸਮਾਜ ਨੂੰ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਸਨਮਾਨ ਜਾਂ ਬਰਾਬਰਤਾ ਦਾ ਦਰਜਾ ਦੇਣ ਲਈ ਤਿਆਰ ਨਹੀਂ, ਜਿਸ ਕਾਰਨ ਬੇਜ਼ਮੀਨੇ ਦਲਿਤ, ਗਰੀਬ ਨੂੰ ਕੁੱਲੀ, ਗੁੱਲੀ, ਜੁੱਲੀ ਵੀ ਨਸੀਬ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਸੱਤਾ ਦੀ ਕੁਰਸੀ ਉਪਰ ਰਾਜ ਕਰਨ ਵਾਲੇ ਹਾਕਮਾਂ ਨੇ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕਰਕੇ ਬੇਜ਼ਮੀਨੇ ਮਜ਼ਦੂਰਾਂ ਦੀਆਂ ਵੋਟਾਂ ਲੈਕੇ ਸੱਤਾਂ ਦਾਂ ਸੁੱਖ ਤਾਂ ਮਾਣਿਆ, ਪਰ ਬੇਜ਼ਮੀਨੇ ਮਜ਼ਦੂਰਾਂ ਦੀ ਤਰੱਕੀ ਅਤੇ ਵਿਕਾਸ ਲਈ ਨੀਤੀਆਂ ਨਹੀਂ ਬਣਾਈਆਂ। ਉਨ੍ਹਾਂ ਕਿਹਾ ਕਿ 29 ਜੂਨ ਦੀ ਸੰਯੁਕਤ ਦਲਿਤ ਮੋਰਚੇ ਦੀ ਮੀਟਿੰਗ ਵਿੱਚ ਪੰਜਾਬ ਅੰਦਰ ਦਲਿਤ ਸਮਾਜ ਦੀ ਜਥੇਬੰਦਕ ਸ਼ਕਤੀ ਖੜ੍ਹੀ ਕਰਨ ਤੇ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰਾਉਣ, ਮਨਰੇਗਾ ਕਾਨੂੰਨ ਤਹਿਤ ਹਰ ਇਕ ਬੇਰੁਜ਼ਗਾਰ ਮਜ਼ਦੂਰ ਲਈ ਪੂਰਾ ਸਾਲ ਕੰਮ ਦਿਹਾੜੀ ਘੱਟੋ ਘੱਟ 800 ਰੁਪਏ ਲਾਗੂ ਕਰਾਉਣ, ਹਰ ਇਕ ਬੱਚੇ ਲਈ ਮੁਫ਼ਤ ਤੇ ਬਰਾਬਰ ਸਿੱਖਿਆ ਤੇ ਇਲਾਜ ਸਹੂਲਤ ਲਈ, ਪੜ੍ਹੇ-ਲਿਖੇ ਨੌਜਵਾਨਾਂ, ਕੁੜੀਆਂ ਲਈ ਯੋਗਤਾ ਮੁਤਾਬਿਕ ਰੁਜ਼ਗਾਰ ਗਰੰਟੀ ਕਾਨੂੰਨ ਪਾਸ ਕਰਾਉਣ, ਮਜ਼ਦੂਰ ਵਿਰੋਧੀ ਕਿਰਤ ਕਾਨੂੰਨਾਂ ਨੂੰ ਰੱਦ ਕਰਾਉਣ, ਬੁਢਾਪਾ ਪੈਨਸ਼ਨ ਉਮਰ ਹੱਦ 65 ਦੀ ਥਾਂ 55 ਸਾਲ ਪੈਨਸ਼ਨ ਘੱਟੋ ਘੱਟ 5000 ਪ੍ਰਤੀ ਮਹੀਨਾ ਲਾਗੂ ਕਰਾਉਣ, ਦਲਿਤਾਂ, ਮਜ਼ਦੂਰਾ, ਔਰਤਾਂ ਸਿਰ ਚੜ੍ਹੇ ਸਮੁੱਚੇ ਕਰਜ਼ੇ ਦੀ ਮੁਆਫ਼ੀ, ਪ੍ਰਾਈਵੇਟ ਅਦਾਰਿਆਂ ਅੰਦਰ ਵੀ ਰਾਖਵਾਂਕਰਨ ਲਾਗੂ ਕਰਾਉਣ ਤੇ ਦਲਿਤਾਂ ਉਪਰ ਹੋ ਰਹੇ ਸਮਾਜਿਕ, ਸੱਭਿਆਚਾਰਕ ਹਮਲਿਆਂ ਦੀ ਰੋਕਥਾਮ ਸਮੇਤ ਦਲਿਤ ਸਮਾਜ ਦੇ ਹੋਰ ਮਸਲਿਆਂ ਸਬੰਧੀ ਲਾਮਬੰਦੀ ਕਰਕੇ ਦਲਿਤ ਸਮਾਜ ਦੀ ਲਹਿਰ ਖੜੀ ਕਰਕੇ ਸਰਕਾਰ ਨੂੰ ਘੇਰਨ ਦੀ ਵਿਉਂਤਬੰਦੀ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

# ਡਾ. ਅਰੋੜਾ ਨੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਬਰਿੰਦਰ ਸ਼ਰਮਾ ਦਾ ਕੀਤਾ ਸਨਮਾਨ



**ਮੋਗਾ (ਇਕਬਾਲ ਸਿੰਘ ਖਹਿਰਾ)**- ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ, ਮਾਲਵਾ ਕੇਂਦਰੀ ਮੁੱਖ ਵਿੰਗ ਦੀ ਉਪ ਪ੍ਰਧਾਨ ਅਤੇ ਮੋਗਾ ਹਲਕੇ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦੇ ਨਿਵਾਸ ਸਥਾਨ 'ਤੇ ਇੱਕ ਸਨਮਾਨ ਸਮਾਰੋਹ ਕੀਤਾ ਗਿਆ। ਇਸ ਸਮਾਗਮ ਵਿੱਚ ਪਹੁੰਚੇ ਆਮ ਆਦਮੀ ਪਾਰਟੀ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਬਰਿੰਦਰ ਸ਼ਰਮਾ ਨੂੰ ਡਾ. ਅਮਨਦੀਪ ਕੌਰ ਅਰੋੜਾ ਨੇ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਬਲਾਕ ਪ੍ਰਧਾਨਾਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਆਉਣ ਵਾਲੇ ਦਿਨਾਂ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਅਤੇ ਸਮੂਹਿਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਸਾਰੇ ਬਲਾਕ ਪ੍ਰਧਾਨਾਂ, ਪਾਰਟੀ ਅਧਿਕਾਰੀਆਂ ਅਤੇ ਵਲੰਟੀਅਰਾਂ ਨੂੰ ਪਾਰਟੀ ਦੀ ਵਿਚਾਰਧਾਰਾ ਨੂੰ ਘਰ-ਘਰ ਲਿਜਾਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਬਰਿੰਦਰ ਸ਼ਰਮਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਰਹਿਣਗੇ।ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ, ਕੌਂਸਲਰ, ਸਰਪੰਚ, ਪੰਚ ਅਤੇ ਵਰਕਰ ਮੌਜੂਦ ਸਨ।

# ਕਿਸਾਨਾਂ ਦੇ ਵਫਦ ਵੱਲੋਂ ਸਮਾਜਿਕ ਮਸਲਿਆਂ ਬਾਰੇ ਡਿਪਟੀ ਕਮਿਸ਼ਨਰ ਨਾਲ ਮੀਟਿੰਗ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**- ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਪਟਿਆਲਾ ਦਾ ਵਫਦ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਧੰਨਾ ਸਿੰਘ ਦੌਣ ਕਲਾਂ, ਸਤਪਾਲ ਨੂਰ ਖੇੜੀਆਂ, ਰਾਜਿੰਦਰ ਸਿੰਘ ਧਾਲੀਵਾਲ ਅਤੇ ਰੌਣਕੀ ਰਾਮ ਲਾਛੜੂ ਕਲਾਂ ਦੀ ਅਗਵਾਈ ਵਿੱਚ ਮਿਲਿਆ ਜਿਸ ਵਿੱਚ ਜ਼ਿਲ੍ਹਾ ਪਟਿਆਲਾ ਵਿੱਚ ਵਹਿੰਦੇ ਘੱਗਰ ਦਰਿਆ ਅਤੇ ਉਲਟ ਦਿਸ਼ਾ ਵਿੱਚ ਵਹਿੰਦੀਆਂ ਨਰਵਾਣਾ ਬਰਾਂਚ ਅਤੇ ਸੈਕਿੰਡ ਫੀਡਰ ਪਟਿਆਲਾ ਤੇ ਐਸ. ਵਾਈ. ਐਲ ਨਹਿਰਾਂ ਬਾਰੇ ਵਿਚਾਰ ਚਰਚਾ ਕੀਤੀ। ਜੇਕਰ ਇਹਨਾਂ ਨਹਿਰਾਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਦੇ ਰਸਤੇ ਚੰਗੀ ਤਰ੍ਹਾਂ ਸਾਫ ਨਾ ਕੀਤੇ ਤਾਂ ਇਹ ਪਟਿਆਲਾ ਜ਼ਿਲ੍ਹੇ ਦੇ ਨਾਲ ਹੀ ਮੁਹਾਲੀ ਤੇ ਸ੍ਰੀ ਫਤਿਹਗੜ੍ਹ ਸਾਹਿਬ ਜ਼ਿਲ੍ਹੇ 'ਤੇ ਵੀ ਮਾੜੇ ਪ੍ਰਭਾਵ ਪਾਉਣਗੇ। ਇਸ ਦੇ ਨਾਲ ਹੀ ਪਟਿਆਲੇ ਜ਼ਿਲ੍ਹੇ ਵਿੱਚ ਵਹਿੰਦੇ ਨਦੀਆਂ ਨਾਲਿਆਂ, ਐਸ.ਵਾਈ. ਐਲ. ਤੇ ਘੱਗਰ ਦਰਿਆ ਦੀ ਖਨੌਰੀ ਤੇ ਸਰਾਲਾ ਹੈਡ ਨੇੜੇ ਉੱਗੀ ਬੂਟੀ ਅਤੇ ਦਰੱਖਤਾਂ ਨੂੰ ਸਾਫ ਕਰਾਉਣ ਬਾਰੇ ਵਿਚਾਰ ਚਰਚਾ ਕੀਤੀ ਗਈ। ਵਫਦ ਵਿੱਚ ਸ਼ਾਮਿਲ ਦਰਸ਼ਨ ਬੇਲੂ ਮਾਜਰਾ, ਹਰੀ ਸਿੰਘ ਢੀਂਡਸਾ, ਰਾਜ ਕਿਸ਼ਨ ਨੂਰ ਖੇੜੀਆਂ ਤੇ ਨਛੱਤਰ ਸਿੰਘ ਦੌਣ ਕਲਾਂ ਨੇ ਕਿਹਾ ਕਿ ਜ਼ਿਲ੍ਹੇ ਪਟਿਆਲੇ ਨਾਲ ਸੰਬੰਧਤ ਸਫਾਈ ਕਾਮੇ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਦੇ ਹੱਲ ਲਈ ਕੰਮ ਛੱਡੋ ਹੜਤਾਲ 'ਤੇ ਹਨ ਜਿਸ ਕਾਰਨ ਪੂਰਾ ਸ਼ਹਿਰ ਕੂੜੇ ਦੇ ਢੇਰਾਂ ਨਾਲ ਭਰਿਆ ਪਿਆ ਹੈ। ਬਾਰਸ਼ ਦਾ ਮੌਸਮ ਹੈ, ਕਿਸੇ ਵੀ ਸਮੇਂ ਕੋਈ ਭਿਆਨਕ ਬਿਮਾਰੀ ਫੈਲ ਸਕਦੀ ਹੈ। ਉਹਨਾਂ ਡਿਪਟੀ ਕਮਿਸ਼ਨਰ ਨੂੰ ਕਿਹਾ ਕਿ ਉਹ ਪਹਿਲ ਦੇ ਅਧਾਰ 'ਤੇ ਇਸ ਮਾਮਲੇ ਵਿੱਚ ਦਖਲਅੰਦਾਜ਼ੀ ਕਰਕੇ ਇਹ ਹੜਤਾਲ ਖਤਮ ਕਰਾਈ ਜਾਵੇ ਅਤੇ ਉਹਨਾਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਾਇਆ ਜਾਵੇ, ਸੰਘਰਸ਼ ਕਰ ਰਹੇ ਮੁਲਾਜ਼ਮ ਆਗੂਆਂ 'ਤੇ ਕੀਤੇ ਪਰਚੇ ਰੱਦ ਕਰਕੇ ਨਗਰ ਨਿਗਮ ਅਤੇ ਸ਼ਹਿਰ ਦੇ ਮਹੌਲ ਨੂੰ ਸੁਖਾਵਾਂ ਬਣਾਇਆ ਜਾਵੇ। ਅੱਜ ਦੇ ਵਫਦ ਵਿੱਚ ਹੋਰਨਾਂ ਤੋਂ ਇਲਾਵਾ ਹਰਦੇਵ ਸਿੰਘ ਸਮਾਣਾ, ਗੀਤ ਸਿੰਘ ਕਕਰਾਲਾ, ਚਮਕੌਰ ਸਿੰਘ ਖੱਤਰੀਵਾਲਾ ਤੇ ਜਸਵਿੰਦਰ ਸਿੰਘ ਆਦਿ ਸ਼ਾਮਿਲ ਸਨ।



# ਸਾਥੀ ਸੱਜਣ ਸਿੰਘ ਦੀ ਚੌਥੀ ਬਰਸੀ ਮਨਾਈ

**ਲੁਧਿਆਣਾ (ਰੈਕਟਰ ਕਥੂਰੀਆ)** 25 ਜੂਨ ਦੀ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ 1680 ਸੈਕਟਰ 22 ਬੀ ਚੰਡੀਗੜ੍ਹ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਪ੍ਰਮੁੱਖ ਆਗੂ ਸਾਥੀ ਸੱਜਣ ਸਿੰਘ ਦੀ ਚੌਥੀ ਬਰਸੀ ਪੀ.ਡਬਲਿਊ.ਡੀ ਕੰਪਲੈਕਸ ਨੇੜੇ ਘੁਮਾਰ ਮੰਡੀ ਵਿਖੇ ਮਨਾਈ ਗਈ, ਜਿਸ ਦੀ ਅਗਵਾਈ ਯੂਨੀਅਨ ਪ੍ਰਧਾਨ ਵਿਨੋਦ ਕੁਮਾਰ ਤੇ ਜਰਨਲ ਸਕੱਤਰ ਸੁਰਿੰਦਰ ਸਿੰਘ ਬੈਂਸ ਨੇ ਕੀਤੀ। ਇਸ ਮੌਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਪ੍ਰਮੁੱਖ ਆਗੂ ਗੁਰਮੇਲ ਸਿੰਘ ਮੈਲਡੇ, ਮਾਤਾ ਪ੍ਰਸਾਦਿ, ਅਮਿਤ ਅਰੋੜਾ, ਪ੍ਰਵੀਨ ਕੁਮਾਰ, ਵਿਜੇ ਮਰਜਾਰਾ, ਸਰੂਪ ਸਿੰਘ, ਅਸ਼ੋਕ ਕੁਮਾਰ ਮੱਟੂ, ਜ਼ੋਰਾਂ ਸਿੰਘ ਮਨਸੂਰਾਂ, ਲਾਭ ਸਿੰਘ, ਜੀਤ ਸਿੰਘ ਨੇ ਸਾਥੀ ਸੱਜਣ ਸਿੰਘ ਦੇ ਸ਼ੰਘਰਸੀ ਜੀਵਨ ਦਾ ਜ਼ਿਕਰ ਕੀਤਾ ਗਿਆ। ਉਨ੍ਹਾਂ ਵੱਲੋਂ ਚਾਰ ਵਾਰ ਮਰਨ ਵਰਤ ਰੱਖ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਪੇ ਕਮਿਸ਼ਨ ਦੀਆਂ ਰਿਪੋਰਟਾਂ ਅਤੇ ਅਨੇਕਾਂ ਮੰਗਾਂ ਦੀ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਤੋਂ ਪ੍ਰਾਪਤੀ ਕਰਾ ਕੇ ਦਿੱਤੀ, ਇਸ ਲਈ ਉਹਨਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਦੀ ਮੌਤ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਡੀਸੀ ਦਫ਼ਤਰ ਕੋਲ ਕਾਰ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧ 'ਚ ਥਾਣਾ ਕੈਂਟ ਫ਼ਿਰੋਜ਼ਪੁਰ ਪੁਲਸ ਨੇ ਅਣਪਛਾਤੇ ਕਾਰ ਚਾਲਕ ਖਿਲਾਫ਼ 106 (1), 281 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਜਤਿੰਦਰ ਕੁਮਾਰ ਪੁੱਤਰ ਰਾਮ ਵੀਰ ਵਾਸੀ ਮਕਾਨ ਨੰਬਰ 181, ਇੰਦਰਾ ਕਾਲੋਨੀ ਹਾਲ ਵਾਸੀ ਚਮਰੰਗ ਮੰਡੀ, ਨੇੜੇ ਆਈਸ ਫੈਕਟਰੀ, ਬਸਤੀ ਟੈਂਕਾਂਵਾਲੀ ਨੇ ਦੱਸਿਆ ਕਿ ਰਾਤ 8.30 ਪੀਐੱਮ ਵਜੇ ਉਸ ਦਾ ਪਿਤਾ ਆਪਣੇ ਮੋਟਰਸਾਈਕਲ ਐੱਚਐੱਫ ਡੀਲਕਸ ਪੀਬੀ 05 ਏਜੀ 3263 'ਤੇ ਸਵਾਰ ਹੋ ਕੇ ਸਮੁੰਦਰੀ ਪੈਟਰੋਲ ਪੰਪ ਤੇ ਤੇਲ ਪਵਾ ਕੇ ਵਾਪਸ ਘਰ ਨੂੰ ਆ ਰਿਹਾ ਸੀ ਤਾਂ ਉਹ ਵੀ ਉਨ੍ਹਾਂ ਦੇ ਪਿੱਛੇ ਆਪਣੇ ਮੋਟਰਸਾਈਕਲ ਟੀ.ਵੀ.ਐੱਸ 'ਤੇ ਜਾ ਰਿਹਾ ਸੀ ਤਾਂ ਜਦ ਉਸ ਦਾ ਪਿਤਾ ਡੀਸੀ ਦਫ਼ਤਰ ਦੇ ਸਾਹਮਣੇ ਵਾਲੇ ਕੱਟ ਤੋਂ ਪਿੱਛੇ ਮੁੜੇ ਤਾਂ ਪਿੱਛੋਂ ਆ ਰਹੀ ਇਕ ਕਾਰ ਤੇਜ਼ ਰਫ਼ਤਾਰ ਗੱਡੀ ਡਰਾਈਵਰ ਨੇ ਉਸ ਦੇ ਪਿਤਾ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਕੇ ਭੱਜ ਗਿਆ। ਜਤਿੰਦਰ ਕੁਮਾਰ ਨੇ ਦੱਸਿਆ ਕਿ ਉਹ ਗੱਡੀ ਦੀ ਰਫ਼ਤਾਰ ਤੇਜ਼ ਹੋਣ ਕਰਕੇ ਉਸ ਗੱਡੀ ਦਾ ਨੰਬਰ ਨਹੀਂ ਪੜ ਸਕਿਆ। ਤਜਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਨੂੰ ਸਿਰ ਦੇ ਪਿਛਲੇ ਪਾਸੇ ਕਾਫੀ ਸੱਟਾਂ ਲੱਗ ਗਈਆਂ। ਜਤਿੰਦਰ ਕੁਮਾਰ ਨੇ ਦੱਸਿਆ ਕਿ ਉਸ ਦੇ ਪਿਤਾ ਨੂੰ ਇੱਕ ਨਿੱਜੀ ਹਸਪਤਾਲ 'ਚ ਦਾਖਲ ਕਰਾਇਆ ਤਾਂ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਕਾਰ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।


## ਉਤਰ ਰੇਲਵੇ

### ਈ. ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-12/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 17.07.2025 ਨੂੰ 12:30 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ। ਆਈ। ਟੀ

| | | | |
|---|---|---|---|
| ਕੰਮ ਦਾ ਨਾਮ | ਫਿਰੋਜਪੁਰ ਡਵੀਜਨ ਵਿਚ ਡੀ ਮਾਰਗ ਤੇ ਘਿਸੇ ਹੋਏ ਯਾਂਤਰਿਕ ਲਿਫਟਿੰਗ ਬੈਰਿਯਰਾਂ ਨੂੰ ਬਿਜਲੀ ਚਾਲਿਤ ਲਿਫਟਿੰਗ ਬੈਰਿਯਰਾਂ ਤੋਂ ਪ੍ਰਤੀਸਥਾਪਿਤ ਕਰਨ ਦਾ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 17.07.2025 12:30 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 25.06.2025 10:41 |
| ਅੰਦਾਜਨ ਲਾਗਤ | 33837171.42 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 319200.00 |
| ਬਿਆਨਾ ਰਾਸ਼ੀ (ਰੁ) | 319200.00 | ਕੰਮ ਪੂਰਾ ਕਰਨ ਦਾ ਸਮਾਂ | 9 ਮਹੀਨੇ |
| ਨੋਟ | ਨਿਵਿਦਾਕਰਤਾ ਰੈਗੂਲਰ ਰੂਪ ਨਾਲ ਵੈਬਸਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰੱਖਣ। | | |

ਨਿਵਿਦਾ ਸੂਚਨਾ ਨੰ. 433-ਸਿਗ-ਟੀ-12-25-26 ਮਿਤੀ: 25.06.2025 ਬੰਦ ਹੋਣ ਦੀ ਮਿਤੀ/ਸਮਾਂ: ਨੂੰ 17.07.2025 12:30 ਵਜੇ 1913/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਲੁਧਿਆਣਾ ਤੇ ਗੁਜਰਾਤ ਦੀ ਜ਼ਿਮਨੀ ਚੋਣ ਨੇ ਆਪ ਦੇ ਕੀਤੇ ਕੰਮਾਂ 'ਤੇ ਮੋਹਰ ਲਾਈ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**- ਲੁਧਿਆਣਾ ਦੀ ਜ਼ਿਮਨੀ ਚੋਣ ਵੱਡੀ ਲੀਡ ਨਾਲ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ ਤੇ ਗੁਜਰਾਤ ਦੇ ਹਲਕੇ ਵਿਸਾਵਦਰ ਦੀ ਜ਼ਿਮਨੀ ਚੋਣ ਵੱਡੀ ਲੀਡ ਨਾਲ ਗੋਪਾਲ ਇਤਾਲੀਆ ਨੇ ਜਿੱਤ ਹਾਸਲ ਕੀਤੀ ਹੈ। ਇਹ ਆਮ ਆਦਮੀ ਪਾਰਟੀ ਦੇ ਕੀਤੇ ਕੰਮਾਂ ਤੇ ਲੁਧਿਆਣਾ ਤੇ ਵਿਸਾਵਦਰ ਵਾਸੀਆਂ ਨੇ ਮੋਹਰ ਲਾਈ ਹੈ। ਇਹ ਆਮ ਆਦਮੀ ਪਾਰਟੀ ਦੇ ਸੁਸਾਇਟੀ ਪ੍ਰਧਾਨ ਬੂਟਾ ਸਿੰਘ ਧਾਲੀਵਾਲ ਤੇ ਹਰਦੀਪ ਸਿੰਘ ਸੱਤੂ ਆੜ੍ਹਤੀਆ ਸੁਸਾਇਟੀ ਮੈਂਬਰ ਮਾਛੀਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਦੌਰਾਨ ਕਿਹਾ। ਉਹਨਾਂ ਕਿਹਾ ਕਿ ਇਹ 2027 ਵਿੱਚ ਦੁਆਰਾ ਤੋਂ ਫੇਰ ਆਮ ਆਦਮੀ ਪਾਰਟੀ ਦੀ ਸਰਕਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਬਣੇਗੀ, ਕਿਉਂਕਿ ਭਗਵੰਤ ਮਾਨ ਇੱਕ ਇਮਾਨਦਾਰ ਮੁੱਖ ਮੰਤਰੀ ਹੈ, ਉੱਥੇ ਹੀ ਉਹਨਾਂ ਨੇ ਗੁਜਰਾਤ ਵਿੱਚ ਜੋ ਮੋਦੀ ਦਾ ਭਾਜਪਾ ਦਾ ਗੜ੍ਹ ਹੈ, ਉੱਥੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਆਮ ਆਦਮੀ ਪਾਰਟੀ ਆਉਣ ਵਾਲੇ ਸਮੇਂ ਵਿੱਚ ਪੂਰੇ ਦੇਸ਼ ਵਿੱਚ ਸਰਕਾਰ ਬਣਾਵੇਗੀ। ਉਹਨਾਂ ਪੰਜਾਬ, ਲੁਧਿਆਣਾ ਪੱਛਮੀ ਦੇ ਵੋਟਰਾਂ ਸਪੋਟਰਾਂ ਤੇ ਗੁਜਰਾਤ ,ਵਿਸਾਵਦਰ ਦੇ ਵੋਟਰਾਂ ਸਪੋਟਰਾਂ ਦਾ ਧੰਨਵਾਦ ਕੀਤਾ।

# ਰਾਈਟਵੇ ਏਅਰ ਲਿੰਕਸ ਨੇ ਲਗਾਇਆ ਲਵਪ੍ਰੀਤ ਦਾ ਆਸਟ੍ਰੇਲੀਆ ਦਾ ਸਟੂਡੈਂਟ ਵੀਜ਼ਾ



**ਮੋਗਾ (ਇਕਬਾਲ ਸਿੰਘ ਖਹਿਰਾ)**- ਮਾਲਵਾ ਖੇਤਰ ਦੀ ਪ੍ਰਸਿੱਧ ਰਾਇਟ ਵੇ ਏਅਰਲਿੰਕਸ ਇਮੀਗ੍ਰੇਸ਼ਨ ਅਤੇ ਆਈਲੈਟਸ ਸੰਸਥਾ ਜੋ ਪੰਜਾਬ ਦੇ ਇਲਾਵਾ ਪੂਰੇ ਭਾਰਤ ਵਿੱਚ ਕੰਮ ਕਰ ਰਹੀ ਹੈ, ਇਸ ਸੰਸਥਾ ਨੇ ਹਜ਼ਾਰਾਂ ਹੀ ਵਿਦਿਆਰਥੀਆਂ ਦੇ ਵਿਦੇਸ਼ 'ਚ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਪੂਰਾ ਕੀਤਾ ਹੈ। ਅੱਜ ਸੰਸਥਾ ਨੇ ਲਵਪ੍ਰੀਤ ਸ਼ਰਮਾ ਪੁੱਤਰ ਗੋਬਿੰਦ ਰਾਮ ਵਾਸੀ ਪਿੰਡ ਹੇਰੋ ਕਲਾਂ, ਮਾਨਸਾ ਦਾ ਆਸਟ੍ਰੇਲੀਆ ਦੇ ਐਲ.ਆਈ.ਐਚ. ਈ ਕਾਲਜ ਦਾ ਸਟੂਡੈਂਟ ਵੀਜ਼ਾ ਲਗਵਾ ਕੇ ਦਿੱਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਆ ਤਿਆਗੀ ਨੇ ਕਿਹਾ ਕਿ ਅਫਵਾਹਾਂ 'ਤੇ ਧਿਆਨ ਨਾ ਦਿਉ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬੱਚਿਆ ਦੇ ਕੈਨੇਡਾ ਤੇ ਯੂਕੇ ਦੇ ਸਟੱਡੀ ਕੇਸ ਰੀਫਿਊਜ਼ ਹੋ ਚੁੱਕੇ ਹਨ, ਉਹ ਆਸਟ੍ਰੇਲੀਆ ਲਈ ਅਪਲਾਈ ਕਰ ਸਕਦੇ ਹਨ ਤੇ ਜੇਕਰ ਕੋਈ ਵੀ ਵਿਜ਼ੀਟਰ ਜਾ ਟੂਰਿਸਟ ਵੀਜ਼ੇ 'ਤੇ ਯੂਕੇ, ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਬੱਚੇ ਕਾਲਜ ਦੀ ਅਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹਨ। ਰਾਇਟਵੇ ਏਅਰਲਿੰਕਸ ਬੈਂਕ ਦੇ ਜ਼ਰੀਏ ਬੱਚਿਆ ਨੂੰ ਐਜੂਕੇਸ਼ਨ ਲੋਨ ਦੀ ਸੁਵਿਧਾ ਲੈ ਕੇ ਦਿੰਦਾ ਹੈ ਜਿਨ੍ਹਾਂ ਪੈਸਿਆਂ ਨੂੰ ਬੱਚੇ ਆਪਣੇ ਖਰਚੇ ਲਈ ਵਰਤ ਸਕਦੇ ਹਨ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਆ ਤਿਆਗੀ ਨੇ ਲਵਪ੍ਰੀਤ ਸ਼ਰਮਾ ਨੂੰ ਵਧਾਈ ਦਿੱਤੀ।

26-June-PAGE--8.qxd 6/25/2025 10:55 PM Page 1



# ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਵੱਲੋਂ ਡਿਪਟੀ ਡਾਇਰੈਕਟਰ ਦਫਤਰ ਅੱਗੇ ਰੋਹ ਭਰਪੂਰ ਧਰਨਾ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**—ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਵੱਲੋਂ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਦਫਤਰ ਅੱਗੇ ਆਪਣੀਆਂ ਹੱਕੀ ਮੰਗਾਂ ਮਸਲਿਆਂ ਦੇ ਨਿਪਟਾਰੇ ਲਈ ਰੋਸ ਮੁਜਾਹਰਾ ਕੀਤਾ ਗਿਆ। ਇਸ ਰੋਸ ਮੁਜਾਹਰੇ ਦੀ ਅਗਵਾਈ ਕਰਦਿਆਂ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਧੁੱਗਾ ਨੇ ਕਿਹਾ ਕੇ ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੀ ਅਫਸਰਸ਼ਾਹੀ ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਵੈਟਰਨਰੀ ਇੰਸਪੈਕਟਰ ਕੇਡਰ ਦੁਆਰਾ ਪਸ਼ੂ ਪਾਲਣ ਵਿਭਾਗ ਨੂੰ ਜਮੀਨੀ ਪੱਧਰ 'ਤੇ ਲਾਗੂ ਕਰਨ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ ਪਰੰਤੂ ਪਸ਼ੂ ਪਾਲਣ ਵਿਭਾਗ ਦਾ ਮੁਹਾਲੀ ਸਥਿਤ ਡਾਇਰੈਕਟੋਰੇਟ ਵੈਟਰਨਰੀ ਇੰਸਪੈਕਟਰ ਕੇਡਰ ਨਾਲ ਲਗਾਤਾਰ ਮਤਰੇਆ ਵਿਹਾਰ ਕਰ ਰਿਹਾ ਹੈ। ਮੱਤੇਵਾੜਾ ਪਸ਼ੂ ਫਾਰਮ 'ਤੇ ਤਾਇਨਾਤ ਵੈਟਰਨਰੀ ਇੰਸਪੈਕਟਰ ਤਿੰਨ ਅਸਾਮੀਆਂ 'ਤੇ ਇਕੱਲਾ ਕੰਮ ਕਰ ਰਿਹਾ ਸੀ। ਤਿੰਨ ਪਸ਼ੂ ਫਾਰਮ ਦੀ ਮੈਨੇਜਮੈਂਟ ਵਿਚ ਲਗਾਤਾਰ ਕੰਮ ਕਰਨ ਦੇ ਬਾਵਜੂਦ ਡਿਪਟੀ ਡਾਇਰੈਕਟਰ ਮੱਤੇਵਾੜਾ ਨੇ ਇਸ ਕਰਮਚਾਰੀ ਦਾ ਮੈਡੀਕਲ ਹਾਲਾਤ ਸਮਝਣ ਦੀ ਬਜਾਏ ਉਸ ਸਬੰਧੀ ਉਚ ਅਫਸਰਸ਼ਾਹੀ ਨੂੰ ਗੁੰਮਰਾਹ ਕੀਤਾ। ਵੈਟਨਰੀ ਅਫਸਰਾਂ ਦਾ ਬਚਾਅ ਕਰਕੇ ਜੂਨੀਅਨ ਮੁਲਾਜਮ ਨੂੰ ਟੰਗ ਦਿੱਤਾ ਗਿਆ। ਪਿਛਲੇ ਲੰਬੇ ਸਮੇਂ ਤੋਂ ਸੀਨੀਅਰ ਵੈਟਨਰੀ



ਇੰਸਪੈਕਟਰ ਦੀ ਪਲੇਸਮੈਂਟ ਨੂੰ ਪਰਮੋਸ਼ਨ ਬਣਾਉਣ,18 ਮਹੀਨਿਆਂ ਦੀ ਸਰਵਿਸ ਕਾਊਂਟ ਕਰਨ, ਪੇਅ ਸਕੇਲ ਦੀਆਂ ਤਰੁੱਟੀਆਂ ਦੂਰ ਕਰਨ, ਵੈਟਨਰੀ ਇੰਸਪੈਕਟਰ ਕੌਂਸਲ ਬਣਾਉਣ, ਨਵੀਂ ਭਰਤੀ ਹੋਏ ਵੈਟਨਰੀ ਇੰਸਪੈਕਟਰਾਂ ਤੇ ਛੇਵਾਂ ਤਨਖਾਹ ਸਕੇਲ ਲਾਗੂ ਕਰਨ ਅਤੇ ਨਵੀਆਂ ਪੋਸਟਾਂ ਦਾ ਨਿਰਮਾਣ ਕਰਨ ਅਤੇ ਨਵੀਂ ਭਰਤੀ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਵਰਗੀਆਂ ਮੰਗਾਂ ਲਈ ਵੈਟਨਰੀ ਇੰਸਪੈਕਟਰ ਕੇਡਰ ਮੰਗ ਕਰ ਰਿਹਾ ਹੈ। ਪਰੰਤੂ ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੀ ਅਫਸਰਸ਼ਾਹੀ ਇਨਾਂ ਮਸਲਿਆਂ ਸਬੰਧੀ ਟਾਲਮਟੋਲ ਦੀ ਨੀਤੀ 'ਤੇ ਚੱਲ ਰਹੀ ਹੈ।ਪੰਜਾਬ ਦੇ ਵੈਟਨਰੀ ਇੰਸਪੈਕਟਰ ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੇ ਇਸ ਰਵੱਈਏ ਖਿਲਾਫ ਸੜਕਾਂ ਤੇ ਉਤਰਨ ਲਈ ਤਿਆਰ ਹਨ। ਜੇਕਰ ਪੰਜਾਬ ਸਰਕਾਰ ਨੇ ਤੁਰੰਤ ਅਰੁਣ ਕੁਮਾਰ ਦੀ ਬਹਾਲੀ ਅਤੇ ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ ਅਤੇ ਮਸਲਿਆਂ ਦਾ ਨਿਪਟਾਰਾ ਨਹੀ ਕੀਤਾ ਤਾਂ ਵੈਟਰਨਰੀ ਇੰਸਪੈਕਟਰ ਕੇਡਰ ਮੁਹਾਲੀ ਵਿਖੇ ਸਥਿਤ ਸੂਬਾਈ ਡਾਇਰੈਕਟੋਰੇਟ ਦਾ ਘਿਰਾਓ ਕਰੇਗਾ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਡੀਵੀਆਈ ਗੁਰਜੀਤ ਸਿੰਘ ਐਸ ਵੀ ਆਈ ਹਰਜੋਤ ਸਿੰਘ, ਐਸ ਵੀ ਆਈ ਬਲਜਿੰਦਰ ਸਿੰਘ ,ਅੰਮ੍ਰਿਤ ਪਾਲ ਸਿੰਘ ਦਸੂਹਾ, ਗੁਰਦੀਪ ਸਿੰਘ ਜਿਲ੍ਹਾ ਵਿੱਤ ਸਕੱਤਰ, ਸੁਰੇਸ਼ ਕੁਮਾਰ, ਮਹਿਕਦੀਪ ਸਿੰਘ, ਗੁਰਵਿੰਦਰ ਸਿੰਘ, ਜਸਵਿੰਦਰ ਸਿੰਘ ਮਾਨਾ, ਅਜਮੇਰ ਸਿੰਘ, ਬਲਜਿੰਦਰ ਸਿੰਘ ਭਾਰਦਵਾਜ, ਅਜੇ ਕੁਮਾਰ, ਪਰਮਿੰਦਰ ਸਿੰਘ ਹੁਸ਼ਿਆਰਪੁਰ ,ਦਵਿੰਦਰ ਸਿੰਘ, ਰਕੇਸ਼ ਕੁਮਾਰ, ਨਰਿੰਦਰ ਵੀਰ ਸਿੰਘ, ਪਰਮਿੰਦਰ ਸਿੰਘ, ਅੰਮ੍ਰਿਤ ਪਾਲ ਸਿੰਘ ਹੁਸ਼ਿਆਰਪੁਰ, ਸਚਿਨ ਮੁਕੇਰੀਆਂ ਆਗੂ ਹਾਜਰ ਸਨ।

# ਹੈੱਲਥ ਟੀਮ ਚੱਕੋਵਾਲ ਵੱਲੋਂ ਮਲੇਰੀਆ ਫੀਵਰ ਸਰਵੇ



**ਬੁਲ੍ਹੋਵਾਲ (ਵਿਰਦੀ)** ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਜਗਦੀਪ ਸਿੰਘ ਅਤੇ ਸੀਨੀਅਰ ਮੈਡੀਕਲ ਮੁੱਢਲਾ ਸਿਹਤ ਕੇਂਦਰ ਚੱਕੋਵਾਲ ਡਾ. ਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਪਿੰਡ ਰਾਮਪੁਰ ਚੰਦੇੜ ਵਿਖੇ ਝੁਗੀ-ਝੌਂਪੜੀਆਂ ਵਿੱਚ ਮਲੇਰੀਆ ਫੀਵਰ ਸਰਵੇ ਕੀਤਾ ਗਿਆ। ਹੈਲਥ ਇੰਸਪੈਕਟਰ ਗੁਰਦੇਵ ਸਿੰਘ ਸਿੰਘ ਦੀ ਟੀਮ ਵਲੋਂ ਇਸ ਸਰਵੇ ਨੂੰ ਪੂਰੀ ਜ਼ਿੰਮੇਵਾਰੀ ਨਾਲ ਕਰਦਿਆਂ ਮਲੇਰੀਆ ਰੋਗ ਤੋਂ ਬਚਾਅ ਸਬੰਧੀ ਵੀ ਸਲੱਮ ਏਰੀਏ ਵਿੱਚ ਰਹਿੰਦੇ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕੀਤੀ। ਹੈਲਥ ਇੰਸਪੈਕਟਰ ਨੇ ਦੱਸਿਆ ਕਿ ਮਲੇਰੀਆ ਬੁਖਾਰ ਨਾਲ ਬਹੁਤ ਠੰਡ ਲਗਦੀ ਹੈ, ਸਰੀਰ ਵਿੱਚ ਦਰਦਾਂ ਹੁੰਦੀਆਂ ਹਨ, ਬੁਖਾਰ ਮਹਿਸੂਸ ਹੁੰਦਾ ਹੈ। ਉਹਨਾਂ ਆਖਿਆ ਕਿ ਬੁਖਾਰ ਮਹਿਸੂਸ ਹੋਣ ਦੀ ਸੂਰਤ ਵਿੱਚ ਨੇੜੇ ਦੇ ਸਿਹਤ ਕੇਂਦਰ ਤੋਂ ਖੂਨ ਦੀ ਜਾਂਚ ਜਰੂਰ ਕਰਵਾਉਣੀ ਚਾਹੀਦੀ ਹੈ ਕਿਉਂਕਿ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ। ਉਹਨਾਂ ਜਾਣਕਾਰੀ ਦਿੱਤੀ ਕਿ ਇਹ ਟੈਸਟ ਆਰ ਡੀ ਟੀ ਕਿੱਟ ਰਾਹੀਂ ਕੀਤਾ ਜਾਂਦਾ ਹੈ ।ਉਨ੍ਹਾਂ ਕਿਹਾ ਕਿ ਆਸ ਪਾਸ ਦੀ ਸਫਾਈ ਰੱਖਦਿਆਂ ਆਪਣੇ ਆਲੇ ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ, ਕੂਲਰਾਂ ਦੀ ਸਫਾਈ ਹਫਤੇ ਵਿੱਚ ਇੱਕ ਵਾਰ ਜਰੂਰ ਕਰਨੀ ਚਾਹੀਦੀ ਹੈ, ਸੰਤੁਲਿਤ ਆਹਾਰ ਹੀ ਲੈਣਾ ਚਾਹੀਦਾ ਹੈ। ਇਸ ਟੀਮ ਵਿੱਚ ਮਲਟੀਪਰਪਜ਼ ਹੈਲਥ ਵਰਕਰ ਹਰਪ੍ਰੀਤ ਸਿੰਘ, ਰਵਿੰਦਰ ਸਿੰਘ, ਜਸਵੰਤ ਸਿੰਘ ਵੀ ਹਾਜਰ ਸਨ।

# ਪੁਲਸ ਦੇ ਨਾਂਅ 'ਤੇ ਲੱਖਾਂ ਦੀ ਠੱਗੀ ਮਾਰਨ ਦੇ ਸੰਬੰਧ 'ਚ ਨੌਜਵਾਨ ਖਿਲਾਫ਼ ਕੇਸ ਦਰਜ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**
ਨਸ਼ੇ ਦੇ ਕੇਸ 'ਚ ਸਿਟੀ ਪੁਲਸ ਵਲੋਂ ਗ੍ਰਿਫ਼ਤਾਰ ਕੀਤੇ ਨੌਜਵਾਨ ਨੂੰ ਛੁਡਵਾਉਣ ਲਈ ਪੁਲਸ ਦੇ ਨਾਂਅ 'ਤੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਸਬੰਧ 'ਚ ਪੁਲਸ ਨੇ ਇੱਕ ਨੌਜਵਾਨ ਖਿਲਾਫ਼ ਧਾਰਾ 308(2), 351(20) ਬੀ ਐਨ ਐਸ ਤਹਿਤ ਕੇਸ ਦਰਜ ਕੀਤਾ ਹੈ।ਐਸ.ਐਸ.ਪੀ ਗੌਰਵ ਤੂਰਾ ਨੇ ਦੱਸਿਆ ਕਿ ਐਸ.ਐਚ.ਓ ਸਿਟੀ ਊਸ਼ਾ ਰਾਣੀ ਨੂੰ ਬਲਜੀਤ ਕੌਰ ਪਤਨੀ ਦਰਸ਼ਨ ਰਾਮ ਵਾਸੀ ਪ੍ਰੇਮਪੁਰਾ ਨਾਮੀ ਮਹਿਲਾ ਦਾ ਫ਼ੋਨ ਆਇਆ ਜਿਨ੍ਹਾਂ ਕਿਹਾ ਕਿ ਉਸ ਦਾ ਦੋਸਤ ਤੇਜਵੀਰ ਸਿੰਘ ਉਰਫ਼ ਪਟਵਾਰੀ ਉਰਫ਼ ਗਿਸ਼ੂ ਪੁੱਤਰ ਦਲਬੀਰ ਸਿੰਘ ਵਾਸੀ ਮਾਡਲ ਟਾਊਨ ਨੂੰ ਥਾਣਾ ਸਿਟੀ ਦੀ ਪੁਲਸ ਨੇ ਫੜਿਆ ਹੈ ਤੇ ਉਸ ਬਾਰੇ ਕੁਝ ਪਤਾ ਨਹੀਂ ਲੱਗ ਰਿਹਾ ਜਦਕਿ ਤੇਜਵੀਰ ਦੇ ਦੋਸਤ ਮਨ ਸ਼ਰਮਾ ਨੂੰ ਇਸ ਬਾਰੇ ਪਤਾ ਕਰਨ ਲਈ ਉਸ ਨੇ ਕਿਹਾ ਹੈ ਤੇ ਮਨ ਨੇ ਕਿਹਾ ਕਿ ਉਹ 2 ਲੱਖ ਰੁਪਏ ਦਾ ਪ੍ਰਬੰਧ ਕਰਨ ਤੇ ਉਹ ਕਿਸੇ ਤਰ੍ਹਾਂ ਪੁਲਸ ਪਾਸੋਂ ਛੁਡਵਾ ਕੇ ਲੈ ਆਵਾਂਗੇ। ਮਾਡਲ ਟਾਊਨ ਵਿਖੇ ਸਥਿਤ ਡਾਕਟਰ ਬਲਬੀਰ ਚੌਹਾਨ ਜੋ ਕਿ ਬਲਜੀਤ ਕੌਰ ਦਾ ਜਾਣਕਾਰ ਹੈ, ਬਲਜੀਤ ਕੌਰ ਨੇ ਡਾਕਟਰ ਦੁਆਰਾ ਦੋ ਲੱਖ ਰੁਪਏ ਦੁਆ ਦਿੱਤੇ।ਪੁਲਸ ਵਲੋਂ ਇਸ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ। ਜਿਸ 'ਚ ਸਾਹਮਣੇ ਆਇਆ ਕਿ ਮਨ ਸ਼ਰਮਾ ਨੇ ਦੋ ਲੱਖ ਰੁਪਏ ਪੁਲਸ ਦੇ ਨਾਂਅ 'ਤੇ ਇਨ੍ਹਾਂ ਪਾਸੋਂ ਲੈ ਲਏ ਤੇ ਬਾਅਦ 'ਚ ਗੱਲਬਾਤ ਕਰਨੀ ਬੰਦ ਕਰ ਦਿੱਤੀ ਤੇ ਉਲਟਾ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗ ਪਿਆ।ਜਦਕਿ ਪੁਲਸ ਵਲੋਂ ਕਾਬੂ ਕੀਤੇ ਨੌਜਵਾਨ ਤੇਜਬੀਰ ਖਿਲਾਫ਼ ਪੁਲਸ ਨੇ 19 ਜੂਨ ਨੂੰ ਹੀ ਐਨ ਡੀ ਪੀ ਐਸ ਐਕਟ ਤਹਿਤ ਕਰ ਦਰਜ ਕਰ ਲਿਆ ਸੀ। ਹੁਣ ਉਕਤ ਨੌਜਵਾਨ ਉਨ੍ਹਾਂ ਦੇ ਪੈਸੇ ਵਾਪਸ ਨਹੀਂ ਕਰ ਰਿਹਾ ਸੀ ਤੇ ਉਲਟਾ ਉਨ੍ਹਾਂ ਨੂੰ ਧਮਕੀਆਂ ਦੇ ਰਿਹਾ ਸੀ। ਜਿਸ ਸੰਬੰਧ 'ਚ ਪੁਲਸ ਨੇ ਮਨ ਸ਼ਰਮਾ ਪੁੱਤਰ ਸੁਮਿਤ ਕੁਮਾਰ ਵਾਸੀ ਗੁਰੂ ਨਾਨਕਪੁਰਾ ਮਾਡਲ ਟਾਊਨ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੇ ਅਦਾਲਤ ਵਲੋਂ ਉਸ ਨੂੰ ਤਿੰਨ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ।

# ਡਾ.ਹਰਜਿੰਦਰ ਜੱਖੂ ਵਲੋਂ 'ਜੈ ਭੀਮ ਯੂਨਾਈਟਿਡ ਵੁਆਇਸ ਆਫ਼ ਪੰਜਾਬ' ਬਣਾਉਣ ਦਾ ਐਲਾਨ

**ਫਗਵਾੜਾ (ਡਾ. ਰਮਨ)**
ਉੱਘੇ ਦਲਿਤ ਬੁੱਧੀਜੀਵੀ, ਕੱਟੜ ਅੰਬੇਡਕਰਵਾਦੀ ਅਤੇ ਮਾਨਵਤਾਵਾਦ ਦੇ ਮੁੱਦੀ ਅਤੇ ਸਮਾਜਿਕ ਮੁੱਦਿਆਂ ਦੇ ਚਿੰਤਕ ਡਾ.ਹਰਜਿੰਦਰ ਸਿੰਘ ਜੱਖੂ ਨੇ 'ਜੈ ਭੀਮ ਯੂਨਾਈਟਿਡ ਵੁਆਇਸ ਆਫ਼ ਪੰਜਾਬ' ਨਾਂਅ ਦੀ ਸਮਾਜਿਕ ਜਥੇਬੰਦੀ ਬਣਾਉਣ ਦਾ ਐਲਾਨ ਕੀਤਾ ਹੈ।ਜੱਖੂ ਨੇ ਦੱਸਿਆ ਕਿ ਲੱਗਭੱਗ ਇੱਕ ਕਰੋੜ ਪੰਦਰਾਂ ਲੱਖ ਦੀ ਅਬਾਦੀ ਵਾਲਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ ਪਰਵਾਰ ਪੰਜਾਬ ਦੀ ਧਰਤੀ ਤੇ ਵੱਸਦਾ ਹੈ ਜੋ 39 ਜਾਤਾਂ 'ਚ ਵੰਡਿਆ ਹੋਇਆ ਹੈ। ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਪਛੜੇਵੇਂ ਨੇ ਇਸ ਸਮਾਜ ਨੂੰ ਗੁਰਬਤ ਮਾਰੀ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ ਹੋਇਆ ਹੈ। ਇਸ ਸਮਾਜ ਦੀ ਸਾਰੀ ਪੂੰਜੀ ਸਿਰਫ ਤੇ ਸਿਰਫ ਵੋਟ ਭੰਡਾਰ ਹੈ ਤੇ ਇਹ ਸਮਾਜ ਇਸ ਵੋਟ ਭੰਡਾਰ ਨੂੰ ਭੰਡਾਰੇ 'ਚ ਮਿਲਦੇ ਲੰਗਰ ਦੀ ਤਰ੍ਹਾਂ ਵਰਤਾ ਦਿੰਦਾ ਹੈ ਤੇ ਫਿਰ ਵੋਟਾਂ ਤੋਂ ਅਗਲੀਆਂ ਵੋਟਾਂ ਤੱਕ ਤਰਸਮਈ ਜ਼ਿੰਦਗੀ ਬਤੀਤ ਕਰਦਾ ਹੈ। ਡਾ. ਜੱਖੂ ਨੇ ਇਹ ਵੀ ਦੱਸਿਆ ਕਿ ਇਸ ਸਮਾਜ ਦਾ ਵੋਟ ਭੰਡਾਰ ਸਾਰੀਆਂ ਰਾਜਨੀਤਕ ਪਾਰਟੀਆਂ ਲਈ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ ਪਰ ਆਪ ਜੜ੍ਹਾਂ ਤੋਂ ਸੋਕੜੇ ਦਾ ਸ਼ਿਕਾਰ ਹੈ। 25000 ਤੋਂ ਵੱਧ ਸਮਾਜਿਕ ਜਥੇਬੰਦੀਆਂ ਅਤੇ ਇੱਕ ਰਾਜਨੀਤਿਕ ਪਾਰਟੀ ਇਹਨਾਂ ਦੇ ਆਪਣਿਆਂ ਦੀ ਹੈ ਪਰ ਨਾ ਸਮਾਜਿਕ ਤੇ ਨਾ ਰਾਜਨੀਤਿਕ ਪਛੜੇਵਾਂ ਇਹਨਾਂ ਦੇ ਘਰਾਂ ਦੀਆਂ ਬਰੂਹਾਂ ਤੋਂ ਬਾਹਰ ਹੁੰਦਾ ਹੈ, ਇਹੀ ਸਾਡੀ ਚਿੰਤਾ ਦਾ ਕਾਰਨ ਹੈ। ਡਾ. ਜੱਖੂ ਨੇ ਦੱਸਿਆ ਕਿ ਸਮਾਜਿਕ ਤੌਰ ਤੇ ਸਮਾਜ ਨੂੰ ਇੱਕ ਜੁੱਟ ਕਰਨਾ ਸਾਡੀ ਜਥੇਬੰਦੀ ਦੀ ਪਹਿਲ ਹੋਵੇਗੀ ਤੇ ਇੱਥੋ ਦੀ ਛੱਡੀ ਹੋਈ ਕੰਮ ਕਰਨ ਵਾਲੇ ਸਾਡੇ ਸਮਾਜ ਦੇ ਕਾਰਜ ਕਰਤਾਵਾਂ ਨੂੰ ਸਾਡੀ ਅਪੀਲ ਹੈ ਕਿ ਆਓ ਪਹਿਲਾਂ ਆਪਣਾ ਘਰ ਪੰਜਾਬ ਸੰਭਾਲੀਏ ਫਿਰ ਦੇਸ਼ ਵੱਲ ਤੁਰਾਂਗੇ।ਜੱਖੂ ਨੇ ਐਲਾਨ ਕੀਤਾ ਕਿ ਸੋਚ ਵਿਚਾਰਨ ਤੋਂ ਬਾਅਦ ਫੈਸਲਾ ਲਿਆ ਗਿਆ ਹੈ ਕਿ ਸੱਭ ਤੋਂ ਪਹਿਲਾਂ 1 ਸਟੇਟ ਕੋਆਰਡੀਨੇਟਰ ਲਗਾਏ ਜਾਣਗੇ ਤੇ ਉਹਨਾਂ ਦੇ 6 ਮਹੀਨੇ ਦੇ ਕੰਮ ਤੋਂ ਬਾਅਦ ਜਥੇਬੰਦੀ ਦਾ ਜਥੇਬੰਦਕ ਢਾਂਚਾ ਬਣਾਇਆ ਜਾਵੇਗਾ।ਜੱਖੂ ਨੇ ਇਹ ਵੀ ਐਲਾਨ ਕੀਤਾ ਕਿ ਬੀ.ਜੇ.ਪੀ ਤੋਂ ਬਿਨਾਂ ਹਰ ਸਿਆਸੀ ਪਾਰਟੀ ਦਾ ਆਗੂ ਇਸ ਸਮਾਜਿਕ ਜਥੇਬੰਦੀ ਦਾ ਮੈਂਬਰ ਬਣ ਸਕਦਾ ਹੈ ਜੋ ਕਿ ਬਾਬਾ ਸਾਹਿਬ ਡ ਅੰਬੇਡਕਰ ਜੀ ਦੇ ਵੱਡੇ ਪਰਵਾਰ ਦਾ ਹਿੱਸਾ ਹਨ।

# ਕਿਸਾਨਾਂ ਦਾ 20 ਕਰੋੜ 80 ਲੱਖ ਖੰਡ ਮਿੱਲ ਵੱਲ ਬਕਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਭਾਰਤੀ ਕਿਸਾਨ ਯੂਨੀਅਨ ਦੋਆਬਾ ਬਲਾਕ ਨੂਰਮਹਿਲ, ਬਲਾਕ ਮਹਿਤਪੁਰ ਨੇ, GM ਨਕੋਦਰ ਗੰਨਾ ਮਿਲ ਨਾਲ ਮੀਟਿੰਗ ਕੀਤੀ ਜਿਸ ਵਿਚ ਕਿਸਾਨਾਂ ਦਾ 20 ਕਰੋੜ 80 ਲੱਖ ਬਕਾਇਆ ਹੈ। ਜੋ ਕਿ ਕਿਸਾਨ ਨੂੰ ਤੁਰੰਤ ਦਿੱਤਾ ਜਾਏ ਤਾਂ ਕਿ ਕਿਸਾਨ ਨੂੰ ਝੋਨੇ ਦੀ ਲੇਬਰ ਤੇ ਖਰਚ ਦੀ ਲੋੜ ਹੈ।ਇਸ ਸਬੰਧ ਵਿਚ ਮੰਗ ਪੱਤਰ ਸੌਂਪਿਆ ਗਿਆ ਤੇ ਨਾਲ ਹੀ ਮਿਲ ਵਿਚ ਰਹਿਣ ਯਾਰਡ ਦਾ ਕੰਮ ਪੂਰਾ ਕੀਤਾ ਜਾਵੇ ਤੇ ਨਾਲ ਹੀ ਮੇਨ ਗੇਟ ਮਹਿਤਪੁਰ ਰੋਡ ਤੋਂ ਕੰਡੇ ਤੱਕ 30 ਫੁੱਟ ਚੌੜੀ ਕੰਕਰੀਟ ਦੀ ਸੜਕ ਬਣਾਈ ਜਾਵੇ।ਇਸ ਮੌਕੇ ਗੁਰਚੇਤਨ ਸਿੰਘ ਤੱਖਰ, ਬਲਾਕ ਪ੍ਰਧਾਨ ਜਸਵੰਤ ਸਿੰਘ, ਸੀਨੀਅਰ ਮੀਤ ਪ੍ਰਧਾਨ ਛਛਪਾਲ ਸਿੰਘ ਸਾਦੀਪੁਰ, ਕਸ਼ਮੀਰ ਸਿੰਘ ਪੰਨੂ, ਨਰਿੰਦਰ ਸਿੰਘ ਉਧੋ ਵਾਲ, ਇੰਦਰਜੀਤ ਸਿੰਘ, ਰਣਵੀਰ ਸਿੰਘ, ਮਨਜਿੰਦਰ ਸਿੰਘ, ਬਲਵਿੰਦਰ ਸਿੰਘ ਬਾਠ ਆਦਿ ਹਾਜ਼ਰ ਸਨ।



# ਮਾਤਾ ਸੰਤੋਸ਼ ਬਾਲਾ ਦਾ ਮ੍ਰਿਤਕ ਸਰੀਰ ਕੀਤਾ ਦਾਨ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਨੇਤਰ ਦਾਨ ਅਤੇ ਸਰੀਰ ਦਾਨ ਪ੍ਰਤੀ ਵੱਧ ਰਹੀ ਜਾਗਰੂਕਤਾ ਹੀ ਕਾਰਨੀਆ ਅੰਧੇਪਨ ਨੂੰ ਦੂਰ ਕਰਦੇ ਪੀੜਤਾਂ ਨੂੰ ਨਵੀਂ ਰੋਸ਼ਨੀ ਦੇਣ ਅਤੇ ਮੈਡੀਕਲ ਵਿਗਿਆਨ ਨੂੰ ਵਧਾਉਣ ਦਾ ਸਭ ਤੋਂ ਉੱਤਮ ਕੰਮ ਹੈ। ਇਸ ਰਾਹੀਂ ਜਿੱਥੇ ਕਈ ਲੋਕਾਂ ਨੂੰ ਰੋਸ਼ਨੀ ਮਿਲ ਰਹੀ ਹੈ ਉੱਥੇ ਹੀ ਮੌਤ ਤੋਂ ਬਾਅਦ ਸਰੀਰ ਦਾਨ ਕਰਨ ਨਾਲ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਕਰਨ ਵਿੱਚ ਮਦਦ ਮਿਲਦੀ ਹੈ। ਇਹ ਗੱਲ ਰੋਟਰੀ ਆਈ ਬੈਂਕ ਅਤੇ ਕਾਰਨੀਅਲ ਟ੍ਰਾਂਸਪਲਾਂਟੇਸ਼ਨ ਸਸਾਇਟੀ ਦੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੇ ਕਹੀ।ਅਰੋੜਾ ਨੇ ਦੱਸਿਆ ਕਿ 70 ਸਾਲਾ ਮਾਊਂਟ ਐਵਿਨਿਊ ਵਾਸੀ ਮਾਤਾ ਸੰਤੋਸ਼ ਬਾਲਾ ਦਾ ਮ੍ਰਿਤਕ ਸਰੀਰ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਜਿਨ੍ਹਾਂ ਵਿਚ ਵਿਕਰਾਂਤ ਸਿੰਘ (ਪਤੀ), ਬਲਜਿੰਦਰ ਸਿੰਘ (ਪੁੱਤਰ), ਰਜਿੰਦਰ ਕੌਰ (ਨੂੰਹ), ਡਾ. ਮਲਵਿੰਦਰ ਸਿੰਘ (ਪੁੱਤਰ), ਗੁਰਿੰਦਰ ਕੌਰ (ਨੂੰਹ), ਅਨੰਦਨ ਸਿੰਘ, ਮਨਮੋਹਿਤ ਸਿੰਘ (ਪੋਤੇ), ਗੁਰਨਮ ਕੌਰ (ਪੋਤੀ) ਵੱਲੋਂ ਰੋਟਰੀ ਆਈ ਬੈਂਕ ਰਾਹੀਂ ਮੈਡੀਕਲ ਕਾਲਜ ਪਟਿਆਲਾ ਨੂੰ ਦਾਨ ਕੀਤਾ ਗਿਆ।ਇਸ ਮੌਕੇ ਸੋਸਾਇਟੀ ਵੱਲੋਂ ਮਦਨ ਲਾਲ ਮਹਾਜਨ, ਜਸਵੀਰ ਕੰਵਰ,ਵੀਨਾ ਚੋਪੜਾ ਅਤੇ ਪ੍ਰੋ. ਦਲਜੀਤ ਸਿੰਘ ਵੀ ਮੌਜੂਦ ਸਨ।

# ਦਾਤਾ ਅੱਬੂ ਆਲਮ ਸ਼ਾਹ ਦੇ ਦਰਬਾਰ 'ਤੇ ਸਾਲਾਨਾ ਜੋੜ ਮੇਲਾ 3 ਤੋਂ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ)**- ਦੋ ਰੋਜ਼ਾ ਸਾਲਾਨਾ ਜੋੜ ਮੇਲਾ 3 ਅਤੇ 4 ਜੁਲਾਈ ਤੋਂ ਪਿੰਡ ਛੋਕਰਾ ਨੇੜੇ ਦਾਤਾ ਅੱਬੂ ਆਲਮ ਸ਼ਾਹ ਦੇ ਦਰਬਾਰ ਵਿੱਚ ਸ਼ੁਰੂ ਹੋਵੇਗਾ।35ਵਾਂ ਸਾਲਾਨਾ ਜੋੜ ਮੇਲਾ ਵੀਰਵਾਰ ਤੇ ਸ਼ੁੱਕਰਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਦਰਬਾਰ ਦੇ ਮੁੱਖ ਸੇਵਾਦਾਰ ਬਲਦੇਵ ਰਾਜ ਮਾਹੀ ਨੇ ਦੱਸਿਆ ਕਿ ਮੇਲੇ ਦੀ ਸ਼ਾਮ ਨੂੰ ਨਿਸ਼ਾਨ ਸਾਹਿਬ ਅਤੇ ਦੀਵੇ ਜਗਾਉਣ ਦੀ ਰਸਮ ਅਦਾ ਕੀਤੀ ਜਾਵੇਗੀ । ਇਸ ਤੋਂ ਬਾਅਦ ਖੁਆਜਾ ਪੀਰ ਦਾ ਬੇੜਾ ਤਾਰਨ ਦੀ ਰਸਮ ਅਦਾ ਕੀਤੀ ਜਾਵੇਗੀ। ਦੁਪਹਿਰ 12 ਵਜੇ ਤੋਂ ਬਾਅਦ ਨੌਕਾਲ ਕੱਵਾਲ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਲੰਗਰ ਅਟੁੱਟ ਵਰਤਾਇਆ ਜਾਵੇਗਾ। ਦਰਬਾਰ 'ਚ ਚਿਰਾਗ ਰੋਸ਼ਨ ਕੀਤੇ ਜਾਣਗੇ ਅਤੇ ਬਾਅਦ ਦੁਪਹਿਰ ਦਰਬਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ।

# ਸੰਤ ਬਾਬਾ ਸਤਪਾਲ ਸਿੰਘ ਸਾਹਰੀ ਵਾਲਿਆਂ ਦੀ ਦੂਸਰੀ ਬਰਸੀ ਭਲਕੇ

**ਆਦਮਪੁਰ (ਪਰਮਜੀਤ ਸਿੰਘ)**- ਬ੍ਰਮ ਗਿਆਨੀ ਸੰਤ ਬਾਬਾ ਸਤਪਾਲ ਸਿੰਘ ਸਾਹਰੀ ਵਾਲਿਆਂ ਦੀ ਦੂਸਰੀ ਬਰਸੀ 27 ਜੂਨ ਨੂੰ ਗੁਰਦੁਆਰਾ ਬਾਵਾ ਟਾਹਲੀ ਪਿੰਡ ਖੋਜਕੀਪੁਰ ਜ਼ਿਲ੍ਹਾ ਜਲੰਧਰ ਵਿਖੇ ਬਹੁਤ ਸ਼ਰਧਾ 'ਤੇ ਸਤਿਕਾਰ ਸਹਿਤ ਮਨਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜਸਵੀਰ ਸਿੰਘ ਨੇ ਦੱਸਿਆ ਕਿ 27 ਤਰੀਕ ਸ਼ਾਮ 6 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਦੀਵਾਨਾਂ ਅੰਦਰ ਭਾਈ ਬਲਜੀਤ ਸਿੰਘ ਮਨਸੂਰਪੁਰ ਵਡਾਲਾ, ਬਾਬਾ ਪਿਆਰਾ ਸਿੰਘ ਸਿਰਥਲੇ ਵਾਲੇ, ਭਾਈ ਬਲਪ੍ਰੀਤ ਸਿੰਘ ਲੁਧਿਆਣੇ ਵਾਲੇ ਗੁਰਬਾਣੀ ਕੀਰਤਨ ਸਰਵਣ ਕਰਨਗੇ।

# ਹੈਰੋਇਨ ਸਣੇ ਇੱਕ ਕਾਬੂ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**-ਸਤਨਾਮਪੁਰਾ ਪੁਲਸ ਨੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ ਹੈਰੋਇਨ ਬ੍ਰਾਮਦ ਕਰਕੇ ਐਨ ਡੀ ਪੀ ਐਸ ਐਕਟ ਤਹਿਤ ਕੇਸ ਦਰਜ ਕੀਤਾ ਹੈ। ਪੁਲਸ ਪਾਰਟੀ ਨੇ ਨਕੋਦਰ ਰੋਡ 'ਤੇ ਪੁਰਾਣੀ ਚੁੰਗੀ ਲਾਗਿਉਂ ਇੱਕ ਵਿਅਕਤੀ ਨੂੰ ਰੋਕ ਕੇ ਜਦੋਂ ਚੈਕਿੰਗ ਕੀਤੀ ਤਾਂ ਉਸ ਪਾਸੋਂ 8 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਜਿਸ ਸਬੰਧ 'ਚ ਪੁਲਸ ਨੇ ਲਖਵੀਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਨਜ਼ਦੀਕੀ ਮਾਤਾ ਸ਼ੀਤਲ ਮੰਦਰ ਪਿੰਡ ਲਖਨਪਾਲ ਫ਼ਿਲੌਰ ਖਿਲਾਫ਼ ਕੇਸ ਦਰਜ ਕੀਤਾ ਹੈ।

# ਏਅਰ ਕੂਲਰ ਸਿਸਟਮ ਬੰਦ ਪਏ ਹੋਣ ਕਾਰਨ ਕਰਮਚਾਰੀ ਭਿਆਨਕ ਗਰਮੀ 'ਚ ਕੰਮ ਕਰਨ ਲਈ ਮਜਬੂਰ

**ਕਪੂਰਥਲਾ (ਬਲਵੀਰ ਸ਼ਾਲ੍ਹਪੁਰੀ)**- ਰੇਲ ਕੋਚ ਫੈਕਟਰੀ, ਆਰ.ਸੀ.ਐਫ. ਦੀ ਸ਼ੈੱਲ ਅਸੈਂਬਲੀ ਸ਼ੌਪ ਵਿੱਚ ਲੱਖਾਂ ਦੀ ਲਾਗਤ ਨਾਲ ਸਥਾਪਤ ਏਅਰ ਕੂਲਰ ਸਿਸਟਮ ਦੇ ਬੰਦ ਪਏ ਹੋਣ ਕਾਰਨ ਕਰਮਚਾਰੀਆਂ ਨੂੰ ਭਿਆਨਕ ਗਰਮੀ ਵਿੱਚ ਕੰਮ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਆਰ.ਸੀ.ਐਫ. ਪ੍ਰਸ਼ਾਸਨ ਦੀ ਇਸ ਘੋਰ ਲਾਪ੍ਰਵਾਹੀ ਨਾਲ ਕਰਮਚਾਰੀਆਂ ਦੀ ਸਿਹਤ ਅਤੇ ਕਾਰਜਕੁਸ਼ਲਤਾ 'ਤੇ ਗੰਭੀਰ ਨਕਾਰਾਤਮਕ ਪ੍ਰਭਾਵ ਪੈ ਰਿਹਾ ਹੈ।ਆਰ.ਸੀ.ਐਫ. ਐਂਪਲਾਈਜ਼ ਯੂਨੀਅਨ ਦੇ ਜਨਰਲ ਸਕੱਤਰ ਸਰਵਜੀਤ ਸਿੰਘ ਨੇ ਇਸ ਸਬੰਧ ਵਿੱਚ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਦੱਸਿਆ ਕਿ ਸ਼ੈੱਲ ਅਸੈਂਬਲੀ ਸ਼ੌਪ (ਗਰੁੱਪ 1 ਅਤੇ 2) ਵਿੱਚ ਜ਼ਿਆਦਾਤਰ ਕੰਮ ਵੈਲਡਿੰਗ ਨਾਲ ਸਬੰਧਤ ਹੁੰਦਾ ਹੈ, ਜਿਸ ਕਾਰਨ ਕੰਮ ਵਾਲੀ ਥਾਂ ਦਾ ਤਾਪਮਾਨ ਆਮ ਨਾਲੋਂ 5-8 ਡਿਗਰੀ ਸੈਲਸੀਅਸ ਜ਼ਿਆਦਾ ਹੋ ਜਾਂਦਾ ਹੈ। ਅਜਿਹੇ ਵਿੱਚ ਏਅਰ ਕੂਲਰ ਸਿਸਟਮ ਦਾ ਨਾ ਚੱਲਣਾ ਪ੍ਰਸ਼ਾਸਨ ਦੇ ਵੱਡੇ-ਵੱਡੇ ਦਾਅਵਿਆਂ ਦੀ ਪੋਲ ਖੋਲ੍ਹਦਾ ਹੈ। ਉਨ੍ਹਾਂ ਯਾਦ ਦਿਵਾਇਆ ਕਿ ਆਰ.ਸੀ.ਐਫ. ਐਂਪਲਾਈਜ਼ ਯੂਨੀਅਨ ਦੀ ਸਾਲ 2024 ਵਿੱਚ ਜੂਨ ਮਹੀਨੇ ਵਿੱਚ ਹੋਈ 7ਵੀਂ ਪੀ.ਐਨ.ਐਮ. ਮੀਟਿੰਗ ਵਿੱਚ ਪ੍ਰਸ਼ਾਸਨ ਨੇ ਲਿਖਤੀ ਰੂਪ ਵਿੱਚ ਭਰੋਸਾ ਦਿੱਤਾ ਸੀ ਕਿ ਉਪਰੋਕਤ ਸਾਰੇ ਏਅਰ ਕੂਲਰ ਸਿਸਟਮ 1 ਅਪ੍ਰੈਲ, 2025 ਤੱਕ ਨਵੀਂ ਘਾਹ ਲਗਾ ਕੇ ਚਾਲੂ ਕਰ ਦਿੱਤੇ ਜਾਣਗੇ। ਹਾਲਾਂਕਿ, ਬਦਕਿਸਮਤੀ ਨਾਲ, ਅਜੇ ਤੱਕ ਨਾ ਤਾਂ ਘਾਹ ਬਦਲੀ ਗਈ ਹੈ ਅਤੇ ਨਾ ਹੀ ਮੁਰੰਮਤ ਦਾ ਕੰਮ ਸ਼ੁਰੂ ਹੋਇਆ ਹੈ। ਸਿੰਘ ਨੇ ਆਰ.ਸੀ.ਐਫ. ਪ੍ਰਸ਼ਾਸਨ ਦੀ ਅਯੋਗਤਾ ਅਤੇ ਨਿਕੰਮੇਪਣ ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਦੇਰੀ ਨਾਲ ਟੈਂਡਰ ਜਾਰੀ ਕਰਨ ਕਾਰਨ ਇਨ੍ਹਾਂ ਸਿਸਟਮਾਂ ਨੂੰ ਚਾਲੂ ਹੋਣ ਵਿੱਚ ਅਜੇ ਵੀ 3 ਤੋਂ 4 ਮਹੀਨੇ ਦਾ ਸਮਾਂ ਲੱਗ ਸਕਦਾ ਹੈ, ਜਿਸ ਦਾ ਮਤਲਬ ਹੈ ਕਿ ਇਸ ਸਾਲ ਦੀ ਗਰਮੀ ਖ਼ਤਮ ਹੋਣ ਤੱਕ ਇਹ ਚਾਲੂ ਨਹੀਂ ਹੋ ਪਾਉਣਗੇ। ਸਰਵਜੀਤ ਸਿੰਘ ਨੇ ਦ੍ਰਿੜਤਾ ਨਾਲ ਕਿਹਾ, ਇਹ ਬਹੁਤ ਹੀ ਮੰਦਭਾਗਾ ਹੈ ਕਿ 'ਸਰਵੋਤਮ ਉਤਪਾਦਨ' ਦਾ ਐਵਾਰਡ ਪ੍ਰਾਪਤ ਕਰਨ ਵਾਲੀ ਫੈਕਟਰੀ ਅਤੇ ਸਰਵੋਤਮ ਉਤਪਾਦਨ ਕਰਨ ਵਾਲੀ ਰੇਲ ਕੋਚ ਫੈਕਟਰੀ ਦੇ ਅਧਿਕਾਰੀ ਆਪਣੇ ਮਿਹਨਤੀ ਕਰਮਚਾਰੀਆਂ ਲਈ ਏਅਰ ਕੂਲਰ ਸਿਸਟਮ ਵਰਗੀ ਬੁਨਿਆਦੀ ਸਹੂਲਤ ਦਾ ਪ੍ਰਬੰਧ ਨਹੀਂ ਕਰ ਸਕਦੇ।ਆਰ.ਸੀ.ਐਫ. ਐਂਪਲਾਈਜ਼ ਯੂਨੀਅਨ ਇਸ ਸਥਿਤੀ ਦੀ ਸਖ਼ਤ ਨਿੰਦਾ ਕਰਦੀ ਹੈ ਅਤੇ ਆਰ.ਸੀ.ਐਫ. ਪ੍ਰਬੰਧਨ ਤੋਂ ਤੁਰੰਤ ਦਖਲ ਦੇ ਕੇ ਕਰਮਚਾਰੀਆਂ ਦੀ ਸਿਹਤ ਅਤੇ ਭਲਾਈ ਨੂੰ ਤਰਜੀਹ ਦਿੰਦੇ ਹੋਏ ਏਅਰ ਕੂਲਰ ਸਿਸਟਮ ਨੂੰ ਤੁਰੰਤ ਚਾਲੂ ਕਰਨ ਦੀ ਮੰਗ ਕਰਦੀ ਹੈ। ਉਨ੍ਹਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ, ਜੇਕਰ ਇਸ ਸਮੱਸਿਆ ਦਾ ਛੇਤੀ ਹੱਲ ਨਹੀਂ ਹੁੰਦਾ ਤਾਂ ਆਰ.ਸੀ.ਐਫ. ਐਂਪਲਾਈਜ਼ ਯੂਨੀਅਨ ਆਪਣੇ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਜ਼ਰੂਰੀ ਕਦਮ ਚੁੱਕਣ 'ਤੇ ਵਿਚਾਰ ਕਰਨ ਲਈ ਮਜਬੂਰ ਹੋਵੇਗਾ।

# ਮਾਨ ਸਰਕਾਰ ਨੇ ਮਕੈਨੀਕਲ ਸਵੀਪਿੰਗ ਦੀ ਰਾਜ ਵਿਆਪੀ ਸ਼ੁਰੂਆਤ ਦੀ ਯੋਜਨਾ ਉਲੀਕੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਸਾਫ਼-ਸੁਥਰੇ ਅਤੇ ਹਰੇ-ਭਰੇ ਪੰਜਾਬ ਪ੍ਰਤੀ ਆਪਣੀ ਵਚਨਬੱਧਤਾ ਨੂੰ ਜਾਰੀ ਰੱਖਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਰਾਜ ਦੀਆਂ ਸਾਰੀਆਂ ਨਗਰ ਕੌਂਸਲਾਂ/ਨਿਗਮਾਂ (ਐਮ.ਸੀ.) ਵਿੱਚ ਮਕੈਨੀਕਲ ਸਵੀਪਿੰਗ ਲਾਗੂ ਕਰਨ 'ਤੇ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ। ਇਹ ਪ੍ਰਗਟਾਵਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਖਰੜ ਅਤੇ ਮੋਹਾਲੀ ਦੀਆਂ ਸੜਕਾਂ 'ਤੇ ਮਕੈਨੀਕਲ ਸਵੀਪਿੰਗ ਮਸ਼ੀਨਾਂ ਦੇ ਟ੍ਰਾਇਲ ਰਨ ਦਾ ਜਾਇਜ਼ਾ ਲੈਣ ਦੌਰਾਨ ਕਹੀ।ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਮਕੈਨੀਕਲ ਸਵੀਪਿੰਗ ਦਾ ਉਦੇਸ਼ ਸ਼ਹਿਰਾਂ ਦੀਆਂ ਉਨ੍ਹਾਂ ਮੁੱਖ ਸੜਕਾਂ ਦੀ ਕੁਸ਼ਲ ਅਤੇ ਪ੍ਰਭਾਵਸ਼ਾਲੀ ਸਫਾਈ ਨੂੰ ਯਕੀਨੀ ਬਣਾਉਣਾ ਹੈ ਜਿੱਥੇ ਅਜਿਹੀਆਂ ਮਸ਼ੀਨਾਂ ਅਸਾਨੀ ਨਾਲ ਜਾ ਸਕਦੀਆਂ ਹਨ। ਇਸ ਪਹਿਲਕਦਮੀ ਵਿੱਚ ਦੋ ਤਰ੍ਹਾਂ ਦੀਆਂ ਮਸ਼ੀਨਾਂ ਸ਼ਾਮਲ ਹੋਣਗੀਆਂ - ਤੰਗ ਗਲੀਆਂ ਲਈ ਛੋਟੀਆਂ ਅਤੇ ਮੁੱਖ ਸੜਕਾਂ ਲਈ ਵੱਡੀਆਂ।ਸ਼ਹਿਰੀ ਸਫ਼ਾਈ ਅਤੇ ਸਵੱਛਤਾ ਬਣਾਈ ਰੱਖਣ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਹ ਪਹਿਲ ਮੁੱਖ ਮੰਤਰੀ ਮਾਨ ਦੇ ਸ਼ਹਿਰਾਂ ਦੀ ਸੁੰਦਰਤਾ ਵਧਾਉਣ ਤੇ ਦਿੱਖ ਸੁਧਾਰਨ ਦੇ ਨਿਰਦੇਸ਼ਾਂ ਦੇ ਅਨੁਸਾਰ ਹੈ। ਉਨ੍ਹਾਂ ਕਿਹਾ ਕਿ ਕੁਝ ਪ੍ਰਮੁੱਖ ਨਗਰ ਨਿਗਮਾਂ ਵਿੱਚ ਮਕੈਨੀਕਲ ਸਵੀਪਿੰਗ ਪਹਿਲਾਂ ਹੀ ਚੱਲ ਰਹੀ ਹੈ ਅਤੇ ਜਲਦੀ ਹੀ ਇਸਨੂੰ ਹੋਰ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਵੀ ਸੁੰਦਰੀਕਰਨ ਯਤਨਾਂ ਦੇ ਹਿੱਸੇ ਵਜੋਂ ਵਧਾਇਆ ਜਾਵੇਗਾ।ਉਨ੍ਹਾਂ ਸਪੱਸ਼ਟ ਕੀਤਾ ਕਿ ਮਕੈਨੀਕਲ ਸਵੀਪਿੰਗ ਨੂੰ ਅਪਣਾਉਣ ਨਾਲ ਮੌਜੂਦਾ ਸੈਨੇਟਰੀ ਕਰਮਚਾਰੀਆਂ ਦੇ ਰੁਜ਼ਗਾਰ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪਵੇਗਾ। ਇਸ ਤੋਂ ਇਲਾਵਾ, ਸਰਕਾਰ ਇਨ੍ਹਾਂ ਮਹਿੰਗੀਆਂ ਮਸ਼ੀਨਾਂ ਨੂੰ ਸਿੱਧੇ ਤੌਰ 'ਤੇ ਖਰੀਦਣ ਦੀ ਯੋਜਨਾ ਨਹੀਂ ਬਣਾ ਰਹੀ ਹੈ।




# ਬਾਬਾ ਸਿੱਧੂ ਦੀ ਯਾਦ ਨੂੰ ਸਮਰਪਤ ਸਲਾਨਾ ਜੋੜ ਮੇਲਾ ਕਰਵਾਇਆ

**ਆਦਮਪੁਰ, (ਪਰਮਜੀਤ ਸਿੰਘ)**- ਆਦਮਪੁਰ ਦੇ ਨੇੜਲੇ ਪਿੰਡ ਹਰੀਪੁਰ ਵਿਖੇ ਪੀਰ ਬਾਬਾ ਲੱਖ ਦਾਤਾ ਸਰਕਾਰ ਦੇ ਦਰਬਾਰ ਤੇ ਬਾਬਾ ਸਿੱਧੂ ਜੀ ਦੀ ਯਾਦ ਨੂੰ ਸਮਰਪਤ ਸਲਾਨਾ ਜੋੜ ਮੇਲਾ ਕਰਵਾਇਆ ਗਿਆ। ਇਸ ਮੌਕੇ ਸਾਈਂ ਨੂਰ ਜੀ ਫਗਵਾੜਾ ਵਾਲਿਆਂ ਦੀ ਪਾਰਟੀ ਵੱਲੋਂ ਨਕਲਾਂ ਅਤੇ ਹੋਰ ਧਾਰਮਿਕ ਪ੍ਰੋਗਰਾਮ ਪੇਸ਼ ਕੀਤੇ ਗਏ। ਉਹਨਾਂ ਵੱਲੋਂ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਆਏ ਹੋਏ ਪਤਵੰਤੇ ਸੱਜਣਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਬੌਬੀ, ਡਾਕਟਰ ਨਿਰਮਲ ਕੌਲ ਸਰਪੰਚ ਹਰੀਪੁਰ, ਸੁਰਿੰਦਰ ਸਿੰਘ ਪੰਚ, ਦਲਜੀਤ ਸਿੰਘ ਪੰਚ, ਮੇਜਰ ਸਿੰਘ, ਅਵਤਾਰ ਸਿੰਘ ਲਾਡੀ, ਡਾਕਟਰ ਵਰਿਆਮ ਸਿੰਘ, ਰਾਜਾ ਤਲਵੰਡੀ, ਕਰਨੈਲ ਬਾਬਾ, ਬਲਵਿੰਦਰ ਸਿੰਘ, ਕੈਪਟਨ ਗੁਰਬਖਸ਼ ਸਿੰਘ, ਸੋਹਣ ਲਾਲ, ਸਤਨਾਮ ਸਿੰਘ ਸੋਨੂ, ਬਾਬਾ ਅਵਤਾਰ ਸਿੰਘ ਤਾਰੀ, ਚਰਨਜੀਤ ਸਿੰਘ, ਮੀਕਾ ਬਾਬਾ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।



# ਚੋਰਾਂ ਨੇ ਸੈਨੇਟਰੀ ਦੀ ਦੁਕਾਨ ਨੂੰ ਬਣਾਇਆ ਨਿਸ਼ਾਨਾ

**ਫਗਵਾੜਾ,(ਇੰਦਰਜੀਤ ਸਿੰਘ ਮਠਾੜੂ)**- ਬੀਤੀ ਰਾਤ ਚੋਰਾਂ ਨੇ ਇੱਕ ਸੈਨਟਰੀ ਨੂੰ ਦੁਕਾਨ ਨੂੰ ਨਿਸ਼ਾਨਾ ਬਣਾ ਕੇ ਉੱਥੋਂ ਸਾਮਾਨ ਚੋਰੀ ਕਰਕੇ ਲੈ ਜਾਣ ਦੀ ਸੂਚਨਾ ਮਿਲੀ ਹੈ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਦੁਕਾਨ ਮਾਲਕ ਜਤਿੰਦਰ ਗੁਪਤਾ (ਬਿਆਸ ਜੀ ਸੈਨੇਟਰੀ) ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਆਪਣੀ ਦੁਕਾਨ ਬੰਦ ਕਰਕੇ ਚਲਾ ਗਿਆ ਤੇ ਅੱਜ ਸਵੇਰੇ ਆ ਕੇ ਦੇਖਿਆ ਤਾਂ ਦੁਕਾਨ ਦੇ ਪਿਛਲੇ ਪਾਸੇ ਦੀ ਸ਼ੈੱਡ ਪੁੱਟੀ ਹੋਈ ਸੀ। ਉਨ੍ਹਾਂ ਦੱਸਿਆ ਕਿ ਚੋਰ ਰਾਤ ਦੇ ਸਮੇਂ ਦੁਕਾਨ ਦੇ ਪਿਛਲੇ ਹਿੱਸੇ ਦਾ ਸ਼ੈੱਡ ਪਾੜ ਕੇ ਅੰਦਰ ਦਾਖ਼ਲ ਹੋਏ ਤੇ ਦੁਕਾਨ ਅੰਦਰੋਂ ਕਰੀਬ 26 ਹਜ਼ਾਰ ਦੀ ਨਕਦੀ ਤੇ ਪਿੱਤਲ ਦਾ ਸਾਮਾਨ ਚੋਰੀ ਕਰਕੇ ਲੈ ਗਿਆ। ਉਨ੍ਹਾਂ ਦੱਸਿਆ ਕਿ ਚੋਰਾਂ ਵਲੋਂ ਉਨ੍ਹਾਂ ਦਾ ਲੱਖਾਂ ਦਾ ਨੁਕਸਾਨ ਕੀਤਾ ਗਿਆ ਹੈ। ਘਟਨਾ ਸਬੰਧੀ ਪੁਲਸ ਨੂੰ ਸੂਚਨਾ ਦਿੱਤੀ ਗਈ ਤੇ ਐਸ.ਐਚ.ਓ ਸਿਟੀ ਊਸ਼ਾ ਰਾਣੀ ਵਲੋਂ ਘਟਨਾ ਸਥਾਨ ਦਾ ਜਾਇਜ਼ਾ ਲਿਆ ਗਿਆ ਤੇ ਕਿਹਾ ਕਿ ਜਲਦ ਹੀ ਦੋਸ਼ੀਆਂ ਨੂੰ ਗਿਫ਼ਤਾਰ ਕੀਤਾ ਜਾਵੇਗਾ।

# ਚੌਕੀ ਇੰਚਾਰਜ ਸਮਰਜੀਤ ਸਿੰਘ ਸਨਮਾਨਤ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**
ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਨਸ਼ਾ ਮੁਕਤ ਕਰਨ ਦੇ ਲਈ ਉੱਦਮਸ਼ੀਲ ਚੌਂਕੀ ਇੰਚਾਰਜ ਏ ਐਸ ਆਈ ਸਮਰਜੀਤ ਸਿੰਘ ਨੂੰ ਗੁਲਨੀਤ ਸਿੰਘ ਖੁਰਾਣਾ ਐਸ ਐਸ ਪੀ ਰੂਪਨਗਰ ਦੀ ਮੌਜੂਦਗੀ ਚ ਰੂਪਨਗਰ ਰੇਂਜ ਰੂਪਨਗਰ ਦੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਵੱਲੋਂ ਸਰਟੀਫਿਕੇਟ ਅਤੇ ਇਨਾਮੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਵੱਲੋਂ ਉਤਸ਼ਾਹਿਤ ਕਰਦੇ ਹੋਏ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀ ਕਾਰਗੁਜ਼ਾਰੀ ਕਰਦੇ ਰਹਿਣ ਅਤੇ ਪੰਜਾਬ ਨੂੰ ਨਸ਼ਾ ਮੁਕਤ ਹੋਣ ਤੱਕ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਸਮਰਜੀਤ ਸਿੰਘ ਨੇ ਦੱਸਿਆ ਕਿ ਇਹ ਪਲ ਮੇਰੇ ਲਈ ਗੌਰਵ ਵਾਲੇ ਸਨ, ਜਿੱਥੇ ਮੇਰੀਆਂ ਸੇਵਾਵਾਂ ਲਈ ਇੰਨੇ ਵੱਡੇ ਰੈਂਕ ਦੇ ਪੁਲਸ ਅਫਸਰ ਵੱਲੋਂ ਮੈਨੂੰ ਸਨਮਾਨ ਦੇਣ ਦੇ ਨਾਲ ਇਨਾਮੀ ਰਾਸ਼ੀ ਦੇ ਕੇ ਭਵਿੱਖ ਲਈ ਉਤਸ਼ਾਹਿਤ ਵੀ ਕੀਤਾ। ਇਸ ਮੌਕ ਅਰਵਿੰਦ ਮੀਨਾ IPS,SP ਹੈੱਡ ਕੁਆਟਰ ਰੂਪਨਗਰ, ਗੁਰਦੀਪ ਸਿੰਘ ਗੋਸਲ SP D, ਰੂਪਨਗਰ ਅਤੇ ਹੋਰ ਸੀਨੀਅਰ ਪੁਲਸ ਅਧਿਕਾਰੀ ਵੀ ਮੌਜੂਦ ਸਨ।

# ਯੋਗ ਲੋਕਾਂ ਨੂੰ ਦੇ ਰਿਹਾ ਹੈ ਨਿਰੋਗ ਜੀਵਨ ਤੇ ਤੰਦਰੁਸਤ ਦਿਮਾਗ : ਐੱਸ ਡੀ ਐੱਮ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਐਸ.ਡੀ.ਐਮ. ਮੋਹਾਲੀ ਦਮਨਦੀਪ ਕੌਰ ਨੇ ਦੱਸਿਆ ਕਿ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਯੋਗਾ ਦਾ ਬਹੁਤ ਵੱਡਾ ਰੋਲ ਹੈ। ਯੋਗ ਅਭਿਆਸ ਕਰਨ ਨਾਲ ਅਸੀਂ ਸਰੀਰਕ ਪੱਖੋਂ ਸਿਹਤਮੰਦ ਤਾਂ ਹੁੰਦੇ ਹੀ ਹਾਂ ਬਲਕਿ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਦੇ ਹਾਂ। ਇਸ ਨਾਲ ਮਨ ਵੀ ਸਥਿਰ ਹੁੰਦਾ ਹੈ ਤੇ ਅੰਦਰੋਂ ਮਨ ਨੂੰ ਮਿਲਦੀ ਸ਼ਾਂਤੀ ਦਾ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਵੱਡਾ ਰੋਲ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਚਲਾਈ ਜਾ ਰਹੀ, ਸੀ ਐਮ ਦੀ ਯੋਗਸ਼ਾਲਾ ਤਹਿਤ ਸਮੁੱਚੇ ਜ਼ਿਲ੍ਹੇ ਵਿੱਚ ਮਾਹਿਰ ਟ੍ਰੇਨਰ ਲੋਕਾਂ ਨੂੰ ਯੋਗ ਰਾਹੀਂ ਤੰਦਰੁਸਤ ਜੀਵਨ ਸ਼ੈਲੀ ਨਾਲ ਜੋੜ ਰਹੇ ਹਨ। ਯੋਗਾ ਟ੍ਰੇਨਰ ਸੁਭਾਂਗੀ ਨੇ ਦੱਸਿਆ ਕਿ ਉਸ ਵੱਲੋਂ ਮੋਹਾਲੀ ਵਿਖੇ ਰੋਜ਼ਾਨਾ 5 ਯੋਗਾ ਕਲਾਸਾਂ ਲਗਾਈਆਂ ਜਾਂਦੀਆਂ ਹਨ। ਉਹਨਾਂ ਵੱਲੋਂ ਆਪਣੀ ਪਹਿਲੀ ਕਲਾਸ ਐਸ.ਸੀ.ਐਲ ਸੁਸਾਇਟੀ, ਸੈਕਟਰ-70 ਵਿਖੇ ਸਵੇਰੇ 6.00 ਵਜੇ ਤੋਂ 7.00 ਵਜੇ ਤੱਕ, ਦੂਸਰੀ ਕਲਾਸ ਗੁਰੂ ਹਰਰਾਏ ਸਾਹਿਬ ਕੰਪਲੈਕਸ, ਸੈਕਟਰ-67 ਵਿਖੇ ਸਵੇਰੇ 7.15 ਵਜੇ ਤੋਂ 8.15 ਵਜੇ ਤੱਕ, ਤੀਜੀ ਕਲਾਸ ਰਾਧਾ ਕ੍ਰਿਸ਼ਨਾ ਮੰਦਿਰ, ਫੇਜ਼-2 ਵਿਖੇ ਬਾਅਦ ਦੁਪਿਹਰ 4.00 ਵਜੇ ਤੋਂ 5.00 ਵਜੇ ਤੱਕ, ਚੌਥੀ ਕਲਾਸ ਹਨੂੰਮਾਨ ਮੰਦਿਰ ਪਾਰਕ ਨੰ: 33 ਫੇਜ਼ 3ਬੀ-2 ਵਿਖੇ ਸ਼ਾਮ 5.15 ਤੋਂ 6.15 ਵਜੇ ਤੱਕ ਅਤੇ ਪੰਜਵੀਂ ਕਲਾਸ ਫੇਜ਼-5 ਸਪੋਰਟਸ ਕਲੱਬ ਮੋਹਾਲੀ, ਸੈਕਟਰ-59 ਵਿਖੇ ਸ਼ਾਮ 6.30 ਤੋਂ 7.30 ਵਜੇ ਤੱਕ ਲਗਾਈ ਜਾਂਦੀ ਹੈ। ਟ੍ਰੇਨਰ ਸੁਭਾਂਗੀ ਨੇ ਕਿਹਾ ਕਿ ਯੋਗਾ ਕਰਨ ਨਾਲ ਸਾਡਾ ਸਰੀਰ ਸਾਰਾ ਦਿਨ ਤਰੋ-ਤਾਜ਼ਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਯੋਗਾ ਅਭਿਆਸ ਨਾਲ ਸਰੀਰ ਅੰਦਰ ਬਿਮਾਰੀਆਂ ਦਾ ਖਾਤਮਾ ਹੁੰਦਾ ਹੈ ਤੇ ਨਵੀਆਂ ਬਿਮਾਰੀਆਂ ਦੇ ਪੈਦਾ ਹੋਣ ਤੋਂ ਵੀ ਛੁਟਕਾਰਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਸਰੀਰ ਬਹੁਤ ਹੀ ਅਨਮੋਲ ਹੈ, ਇਸ ਨੂੰ ਅਜਾਈ ਨਹੀਂ ਗਵਾਉਣਾ ਚਾਹੀਦਾ, ਇਸ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਚੱਲ ਰਹੀਆਂ ਯੋਗਾ ਕਲਾਸਾਂ ਦਾ ਹਿੱਸਾ ਬਣਨ ਟੋਲ ਫ੍ਰੀ ਨੰ: 7669400500 'ਤੇ ਜਾਣਕਾਰੀ ਲਈ ਜਾ ਸਕਦੀ ਹੈ। ਇਸ ਦੇ ਨਾਲ-ਨਾਲ ਜੇ ਕੋਈ ਗਰੁੱਪ ਮੁਫ਼ਤ ਯੋਗਾ ਟ੍ਰੇਨਰ ਦੀ ਸਹੂਲਤ ਲੈਣ ਲਈ ਉਪਰੋਕਤ ਫੋਨ ਨੰਬਰ ਅਤੇ ਵੈਬਸਾਈਟ 'ਤੇ ਸੰਪਰਕ ਕਰ ਕੇ ਰਜਿਸਟਰੇਸ਼ਨ ਕਰ ਸਕਦਾ ਹੈ। ਮੁਫ਼ਤ ਟ੍ਰੇਨਰ ਦੀ ਸਹੂਲਤ ਲੈਣ ਲਈ ਕਿਸੇ ਵੀ ਨਵੇਂ ਗਰੁੱਪ ਕੋਲ ਘੱਟੋ-ਘੱਟ 25 ਮੈਂਬਰ ਹੋਣੇ ਲਾਜ਼ਮੀ ਹਨ।

# ਰਾਮਗੜ੍ਹੀਆ ਕਾਲਜ ਵਿਖੇ ਡੀ ਐੱਸ ਪੀ ਸੰਦੀਪ ਕੁਮਾਰ ਦਾ ਸਨਮਾਨ



**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**
ਰਾਮਗੜ੍ਹੀਆ ਕਾਲਜ ਵਿਖੇ ਕਾਲਜ ਦੇ ਪੁਰਾਣੇ ਵਿਦਿਆਰਥੀ ਸੰਦੀਪ ਕੁਮਾਰ ਓਲੰਪੀਅਨ ਦੇ ਡੀ ਐਸ ਪੀ ਵਜੋਂ ਤਰੱਕੀ ਹੋਣ 'ਤੇ ਕਾਲਜ ਵਲੋਂ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਇਸ ਮੌਕੇ ਆਰ ਈ ਸੀ ਪ੍ਰਧਾਨ ਮੈਡਮ ਮਨਪ੍ਰੀਤ ਕੌਰ ਭੋਗਲ ਨੇ ਵਧਾਈਆਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਸੰਦੀਪ ਕੁਮਾਰ ਨੇ 1996 'ਚ ਅਮਰੀਕਾ ਐਟਲਾਂਟਾ ਵਿਖੇ ਭਾਗ ਲਿਆ ਸੀ। ਇਸ ਉਪਰੰਤ ਮੀਰਾ ਬਾਈ ਚਾਨੂੰ ਦੇ ਕੋਚ ਵਜੋਂ ਤਿੰਨ ਵਾਰ ਨੁਮਾਇੰਦਗੀ ਕੀਤੀ। ਮੀਰਾ ਬਾਈ ਚਾਨੂੰ ਓਲੰਪਿਕ 'ਚ ਚਾਂਦੀ ਦਾ ਤਗ਼ਮਾ ਜਿੱਤਣ 'ਚ ਕਾਮਯਾਬ ਰਹੇ। ਸੰਦੀਪ ਕੁਮਾਰ ਪੰਜਾਬ ਪੁਲਸ 'ਚ ਚੀਫ਼ ਕੋਚ ਰਹਿ ਚੁੱਕੇ ਹਨ। ਇਨ੍ਹਾਂ ਨੂੰ ਪੰਜਾਬ ਸਟੇਟ ਵੱਲੋਂ 'ਮਹਾਰਾਜ ਰਣਜੀਤ ਸਿੰਘ' ਐਵਾਰਡ ਨਾਲ ਸਨਮਾਨਿਆ ਜਾ ਚੁੱਕਾ ਹੈ। ਪ੍ਰਿੰਸੀਪਲ ਡਾ. ਮਨਜੀਤ ਸਿੰਘ ਨੇ ਸੰਦੀਪ ਕੁਮਾਰ ਦੇ ਕਾਲਜ ਨਾਲ ਪੁਰਾਣੇ ਸਬੰਧਾਂ ਬਾਰੇ ਜਾਣਕਾਰੀ ਦਿੱਤੀ ਤੇ ਉਨ੍ਹਾਂ ਦੀ ਕਾਬਲੀਅਤ ਦੀ ਸਰਾਹਨਾ ਕੀਤੀ। ਇਸ ਮੌਕੇ ਗਗਨਦੀਪ ਸਿੰਘ ਢੱਟ, ਗਗਨਦੀਪ ਕਾਲੜਾ, ਗੁਰਵਿੰਦਰ ਸਿੰਘ ਬਾਹੜਾ, ਅਰਜੁਨਾ ਅਵਾਰਡੀ ਤਾਰਾ ਸਿੰਘ, ਡੀ.ਐਸ.ਪੀ ਮਨਜੀਤ ਸਿੰਘ, ਗੁਰਨਾਮ ਸਿੰਘ (ਨੈਸ਼ਨਲ ਕੋਚ), ਸਤਵੰਤ ਸਿੰਘ, ਜਸਵੀਰ ਸਿੰਘ ਜੱਸੀ, ਰਣਜੀਤ ਸਿੰਘ ਖੋਜੇਵਾਲ, ਹਰਮੇਸ ਲਾਲ ਸਟੇਟ ਐਵਾਰਡੀ, ਅਵਤਾਰ ਚੰਦ ਕੋਚ ਫਲੌਰ ਦੇ ਨਾਲ ਕਾਲਜ ਦੇ ਸਟਾਫ਼ ਮੈਂਬਰ ਸ਼ਾਮਲ ਸਨ।

# 34 ਵਿਅਕਤੀਆਂ ਨੇ ਸਵੈ-ਇੱਛੁਕ ਖ਼ੂਨਦਾਨ ਕੀਤਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਦਰਬਾਰ ਮਸਤ ਮੌਲਾ ਬਾਬਾ ਗੁਲਾਮ ਨਬੀ ਮੁਹੱਲਾ ਮਕਬਰਾ ਰਾਹੋਂ ਵਿਖੇ 32ਵੇਂ ਸਾਲਾਨਾ ਉਰਸ ਮੁਬਾਰਕ ਮੇਲੇ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦਰਬਾਰ ਦੇ ਖਾਦਿਮ ਦਰਵੇਸ਼ ਡਾ. ਪਰਮਜੀਤ ਨੇ ਦੱਸਿਆ ਕਿ ਪਹਿਲੇ ਦਿਨ ਸੰਤ ਮੈਮੋਰੀਅਲ ਹਸਪਤਾਲ ਦੇ ਸਹਿਯੋਗ ਨਾਲ ਚੌਥਾ ਸਵੈ-ਇੱਛਤ ਖ਼ੂਨਦਾਨ ਕੈਂਪ ਦਾ ਲਗਾਇਆ ਗਿਆ। ਉਦਘਾਟਨ ਖੁਦ ਡਾ. ਪਰਮਜੀਤ ਨੇ ਖ਼ੂਨਦਾਨ ਕਰਕੇ ਕੀਤਾ ਤੇ ਕਿਹਾ ਕਿ ਹਰ ਤਿੰਨ ਮਹੀਨੇ ਬਾਅਦ ਇਹ ਵੱਡਮੁੱਲਾ ਪੁੰਨ ਕਰਨਾ ਚਾਹੀਦਾ ਹੈ ਕਿਉਂਕਿ ਖ਼ੂਨਦਾਨ ਕਰਨ ਦੀ ਸੇਵਾ ਅਤੇ ਲੋੜਵੰਦ ਵਲੋਂ ਖ਼ੂਨ ਪ੍ਰਾਪਤ ਕਰਨਾ ਬਗੈਰ ਕਿਸੇ ਜਾਤ-ਬਰਾਦਰੀ ਅਤੇ ਅਮੀਰੀ-ਗਰੀਬੀ ਦੇ ਫਰਕ ਤੋਂ ਹੈ। ਉਨ੍ਹਾਂ ਕਿਹਾ ਕਿ ਤੰਦਰੁਸਤ ਵਿਅਕਤੀ ਜਿਸਦੀ ਉਮਰ 18 ਸਾਲ ਤੋਂ 65 ਸਾਲ ਤੱਕ ਹੋਵੇ, ਸਰੀਰਕ ਵਜਨ ਘੱਟੋ ਘੱਟ 45 ਕਿਲੋਗ੍ਰਾਮ ਹੋਵੇ, ਸਰੀਰ ਵਿੱਚ ਖ਼ੂਨ ਦਾ ਪੱਧਰ 12.5 ਗ੍ਰਾਮ ਪ੍ਰਤੀਸ਼ਤ ਹੋਵੇ, ਕੋਈ ਕਰੌਨਿਕ ਬਿਮਾਰੀ ਨਾ ਹੋਵੇ ਖ਼ੂਨਦਾਨ ਕਰ ਸਕਦਾ ਹੈ। ਉਹਨਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕੋਈ ਕਮਜ਼ੋਰੀ ਨਹੀਂ ਆਉਂਦੀ। ਇਸ ਮੌਕੇ 34 ਵਿਅਕਤੀਆਂ ਨੇ ਸਵੈ-ਇੱਛੁਕ ਖ਼ੂਨਦਾਨ ਕੀਤਾ।



# ਵਿਭਾਗੀ ਮਾਮਲਿਆਂ 'ਤੇ ਡੀ ਟੀ ਐੱਫ ਦੀ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਨਾਲ ਹੋਈ ਮੀਟਿੰਗ

**ਮੋਹਾਲੀ (ਗੁਰਜੀਤ ਬਿੱਲਾ)**- ਅਧਿਆਪਕਾਂ ਦੇ ਵਿਭਾਗੀ ਮਾਮਲਿਆਂ ਨੂੰ ਲੈ ਕੇ ਡੀ ਟੀ ਐੱਫ ਦੇ ਵਫ਼ਦ ਵੱਲੋਂ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਅਤੇ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਦੀ ਅਗਵਾਈ ਹੇਠ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਗੁਰਿੰਦਰਜੀਤ ਸਿੰਘ ਸੋਢੀ ਨਾਲ ਵਿਸਤ੍ਰਿਤ ਮੀਟਿੰਗ ਕੀਤੀ ਗਈ। ਇਸ ਮੌਕੇ ਰੀਕਾਸਟ ਸੂਚੀਆਂ, ਬਦਲੀਆਂ, ਪ੍ਰੋਮੋਸ਼ਨਾਂ ਅਤੇ ਪੈਂਡਿੰਗ ਰੈਗੂਲਰਾਇਜੇਸ਼ਨ ਨਾਲ ਸਬੰਧਤ ਮਸਲਿਆਂ 'ਤੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋਇਆ। ਸੂਬਾ ਮੀਤ ਪ੍ਰਧਾਨ ਗੁਰਪਿਆਰ ਕੋਟਲੀ ਨੇ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਯੁਕਤੀ ਸੂਚੀਆਂ ਰੀਕਾਸਟ ਹੋਣ ਕਾਰਨ ਸੂਚੀਆਂ ਵਿੱਚੋਂ ਬਾਹਰ ਕੀਤੇ ਵੱਖ-ਵੱਖ ਕਾਡਰਾਂ (ਈ ਟੀ ਟੀ 6635, ਮਾਸਟਰ ਕਾਡਰ 3704 ਅਤੇ ਅੰਗਰੇਜ਼ੀ 899 ਅਸਾਮੀਆਂ) ਦੇ ਬੇਕਸੂਰ ਅਧਿਆਪਕਾਂ ਦੀ ਹੁਣ ਤੱਕ ਦੀ ਨੌਕਰੀ ਅਤੇ ਭਵਿੱਖ ਸੁਰੱਖਿਅਤ ਕਰਨ ਬਾਰੇ ਫਾਇਲ ਵਿੱਤ ਵਿਭਾਗ ਤੱਕ ਪਹੁੰਚ ਚੁੱਕੀ ਹੋਣ ਬਾਰੇ ਅਧਿਕਾਰੀ ਵੱਲੋਂ ਜਾਣਕਾਰੀ ਦਿੱਤੀ ਗਈ ਅਤੇ ਭਵਿੱਖ ਵਿੱਚ ਰੀਕਾਸਟ ਸੂਚੀਆਂ 'ਚੋਂ ਬਾਹਰ ਹੋਏ ਅਧਿਆਪਕਾਂ ਨੂੰ ਟੈਕਨੀਕਲ ਸਮੱਸਿਆ ਨਾ ਹੋਣ ਦੀ ਹਾਲਤ ਵਿੱਚ ਨੋਟਿਸ ਨਾ ਜਾਰੀ ਕਰਨ ਦਾ ਭਰੋਸਾ ਦਿਵਾਇਆ। ਇਸੇ ਤਰ੍ਹਾਂ ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਸੇਵਾਵਾਂ ਨਿਭਾਅ ਰਹੇ 6635 ਈ ਟੀ ਟੀ, 4161 ਤੇ 2392 ਮਾਸਟਰ, ਪੱਖਪਾਤੀ ਸਟੇਸ਼ਨ ਚੋਣ ਨੀਤੀ ਦਾ ਸ਼ਿਕਾਰ ਈ ਟੀ ਟੀ ਤੋਂ ਮਾਸਟਰ ਅਤੇ ਮਾਸਟਰ ਤੋਂ ਲੈਕਚਰਾਰ ਪ੍ਰੋਮੋਟਡ ਅਧਿਆਪਕਾਂ ਨੂੰ ਚਾਲੂ ਬਦਲੀਆਂ ਦੀ ਪ੍ਰਕਿਰਿਆ ਵਿੱਚ ਬਦਲੀ ਦਾ ਮੌਕਾ ਦੇਣਾ ਅਤੇ ਕਪਲ ਕੇਸ ਵਿੱਚ ਕੇਵਲ ਇੱਕ ਦੀ ਬਦਲੀ ਹੋਣ 'ਤੇ ਰੱਦ ਕਰਨ ਦੀ ਬੇਨਤੀ 'ਤੇ ਰੱਦ ਕਰਨ ਸਬੰਧੀ ਮਸਲੇ ਵਿਚਾਰ ਅਧੀਨ ਹੋਣ ਅਤੇ ਬਦਲੀਆਂ ਦਾ ਪਹਿਲਾ ਰਾਊਂਡ 25 ਜੂਨ ਤੋਂ ਸ਼ੁਰੂ ਹੋਣ ਦੀ ਗੱਲ ਆਖੀ ਹੈ। ਤਰੱਕੀਆਂ ਸਬੰਧੀ ਪਹਿਲੇ ਦੌਰ ਵਿੱਚ ਪ੍ਰਾਇਮਰੀ ਤੋਂ ਮਾਸਟਰ ਅਤੇ ਅਗਲੇ ਦੌਰਾਂ ਵਿੱਚ ਮੁੱਖ ਅਧਿਆਪਕ, ਲੈਕਚਰਾਰ ਤੋਂ ਲੈ ਕੇ ਪ੍ਰਿੰਸੀਪਲ ਤੱਕ ਦੇ ਸਾਰੇ ਟੀਚਿੰਗ ਅਤੇ ਨਾਨ-ਟੀਚਿੰਗ ਦੀਆਂ ਪੈਂਡਿੰਗ ਤਰੱਕੀਆਂ ਬਿਨਾਂ ਕਿਸੇ ਪੱਖਪਾਤ ਸਾਰੇ ਖਾਲੀ ਸਟੇਸ਼ਨ ਸ਼ੋਅ ਕਰਕੇ 31 ਜੁਲਾਈ ਤੱਕ ਮੁਕੰਮਲ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਡੀ ਐੱਸ ਈ ਵੱਲੋਂ ਡੀ.ਈ.ਓਜ਼./ਸਹਾਇਕ ਡਾਇਰੈਕਟਰਜ਼ ਤੋਂ ਡਿਪਟੀ/ਸੰਯੁਕਤ ਡਾਇਰੈਕਟਰਜ਼ ਤੱਕ ਦੀ ਪੈਂਡਿੰਗ ਤਰੱਕੀ ਦਾ ਮਾਮਲਾ ਸਿੱਖਿਆ ਸਕੱਤਰ ਅੱਗੇ ਰੱਖ ਕੇ ਮੁਕੰਮਲ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਅੱਗੇ ਡਾਇਰੈਕਟਰਜ਼ ਪ੍ਰਾਇਮਰੀ, ਸੈਕੰਡਰੀ ਅਤੇ ਐੱਸ ਸੀ ਈ ਆਰ ਟੀ ਦੀ ਪ੍ਰੋਮੋਸ਼ਨ ਸਿੱਖਿਆ ਕਾਡਰ ਵਿੱਚੋਂ ਕਰਨ ਦਾ ਮਾਮਲਾ ਪੰਜਾਬ ਸਰਕਾਰ ਦੇ ਪੱਧਰ ਦਾ ਫੈਸਲਾ ਦੱਸਿਆ ਗਿਆ। ਸਮੂਹ 5178 ਅਧਿਆਪਕਾਂ ਦੇ ਬਕਾਏ ਬਿਨਾਂ ਕਿਸੇ ਪਟੀਸ਼ਨਰ ਜਾਂ ਨਾਨ ਪਟੀਸ਼ਨਰ ਦਾ ਵਖਰੇਵਾਂ ਕੀਤਿਆਂ ਜਾਰੀ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਲੋੜੀਂਦਾ ਪੱਤਰ 4-5 ਦਿਨਾਂ ਅੰਦਰ ਜਾਰੀ ਕਰ ਦਿੱਤੇ ਜਾਣ ਦੀ ਜਾਣਕਾਰੀ ਦਿੱਤੀ ਗਈ।ਅਧਿਆਪਕ ਨਰਿੰਦਰ ਭੰਡਾਰੀ (ਕਪੂਰਥਲਾ) ਦੀ ਟਰਮੀਨੇਸ਼ਨ ਤਜਵੀਜ਼ ਰੱਦ ਕਰਕੇ ਸੇਵਾਵਾਂ ਕਨਫਰਮ ਕਰਨ ਬਾਰੇ ਡੀ ਐੱਸ ਈ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਵੱਲੋਂ ਪੂਰਾ ਮਾਮਲਾ ਘੋਖ ਲਿਆ ਗਿਆ ਹੈ ਅਤੇ ਆਉਣ ਵਾਲੇ ਇੱਕ ਹਫਤੇ ਵਿੱਚ ਹੱਲ ਕਰ ਦਿੱਤਾ ਜਾਵੇਗਾ। 3582 ਮਾਸਟਰ ਕਾਡਰ ਨੂੰ ਟ੍ਰੇਨਿੰਗ ਲੱਗਣ ਦੀ ਮਿਤੀ ਤੋਂ ਸਾਰੇ ਲਾਭ ਦੇਣ ਦੇ ਮਸਲੇ ਨੂੰ ਡੀ ਐੱਸ ਈ ਨੇ ਹਰ ਪੱਖੋਂ ਵਿਚਾਰ ਕਰਕੇ ਫ਼ੈਸਲਾ ਲੈਣ ਅਤੇ ਇਸ ਮਸਲੇ ਵਿੱਚ 3582 ਕਾਡਰ ਨਾਲ ਪੂਰਾ ਇਨਸਾਫ਼ ਕਰਨ ਦੀ ਗੱਲ ਕਹੀ। ਠੇਕਾ ਭਰਤੀ ਅਧੀਨ ਪੁਰਸ਼ ਅਧਿਆਪਕਾਂ ਨੂੰ ਅਚਨਚੇਤ ਛੁੱਟੀਆਂ 'ਚ ਵਾਧੇ ਲਈ ਠੇਕਾ ਅਧਾਰਿਤ ਨੌਕਰੀ ਨੂੰ ਗਿਣਨ ਦਾ ਮਸਲਾ ਸਰਕਾਰ ਪੱਧਰ 'ਤੇ ਵਿਚਾਰ ਅਧੀਨ ਹੋਣ ਬਾਰੇ ਦੱਸਿਆ ਗਿਆ। ਉਪਰੋਕਤ ਮੁੱਦਿਆਂ ਤੋਂ ਇਲਾਵਾ ਮਿਡ ਡੇ ਮੀਲ ਤਹਿਤ ਗ੍ਰਾਂਟਾਂ ਨੂੰ ਜਲਦਬਾਜ਼ੀ ਵਿੱਚ ਖਰਚਣ ਲਈ ਵਿਭਾਗ ਵਲੋਂ ਬਣਾਏ ਜਾ ਰਹੇ ਦਬਾਅ ਵਿਰੁੱਧ ਇਤਰਾਜ਼ ਦਰਜ ਕਰਵਾਇਆ ਗਿਆ ਅਤੇ ਗਰਾਂਟ ਖਰਚਣ ਲਈ ਵਾਜਬ ਸਮਾਂ ਦੇਣ ਦੀ ਮੰਗ ਕੀਤੀ।



# ਕਾਹਲਵਾਂ 'ਚ ਸਵਾਮੀ ਪ੍ਰਕਾਸ਼ਾ ਨੰਦ ਮਹਾਰਾਜ ਦਾ 115ਵਾਂ ਗੁਰੂ ਪੁੰਨਿਆ ਮੇਲਾ 10 ਨੂੰ

**ਕਾਲਾ ਸੰਘਿਆ, (ਮਨਜੀਤ ਮਾਨ)**
ਧੰਨ ਧੰਨ 1008 ਸਵਾਮੀ ਪ੍ਰਕਾਸ਼ ਨੰਦ ਜੀ ਦਾ 115ਵਾਂ ਗੁਰੂ ਪੁੰਨਿਆ ਮੇਲਾ 10 ਜੁਲਾਈ ਨੂੰ ਸੰਨਿਆਸ ਆਸ਼ਰਮ ਕਾਹਲਵਾਂ (ਕਪੂਰਥਲਾ) ਵਿਖੇ ਗੱਦੀਨਸ਼ੀਨ ਸਵਾਮੀ ਪੂਰਨਾ ਨੰਦ ਜੀ ਮਹਾਂਮੰਡਲੇਸ਼ਵਰ ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਜਾ ਰਿਹਾ ਹੈ।ਮੇਲੇ ਦੀਆਂ ਤਿਆਰੀਆਂ ਨੂੰ ਲੈ ਕੇ ਮੇਲਾ ਪ੍ਰਬੰਧਕ ਕਮੇਟੀ ਸਵਾਮੀ ਪ੍ਰਕਾਸ਼ਾ ਨੰਦ ਜੀ ਮਹਾਰਾਜ ਸੇਵਾ ਸੰਮਤੀ ਕਾਹਲਵਾਂ (ਕਪੂਰਥਲਾ) ਦੇ ਪ੍ਰਧਾਨ ਨੰਬਰਦਾਰ ਲਾਭ ਚੰਦ ਥਿਗਲੀ, ਵਿਤ ਸਕੱਤਰ ਸਰਪੰਚ ਬਲਵਿੰਦਰ ਸਿੰਘ ਕਾਹਲਵਾਂ, ਜਨਰਲ ਸਕੱਤਰ ਨੰਬਰਦਾਰ ਨਿਰਮਲ ਸਿੰਘ ਕਾਹਲਵਾਂ, ਸੀਨੀਅਰ ਕਮੇਟੀ ਮੈਂਬਰ ਕੁਲਵੰਤ ਰਾਏ ਭੱਲਾ, ਕੁਲਦੀਪ ਸਿੰਘ ਬਲੱਗਣ, ਡਾਕਟਰ ਬਲਦੇਵ ਕੁਮਾਰ, ਜੀਵਨ ਕੁਮਾਰ ਬਲੇਰ, ਤੇਜਾ ਸਿੰਘ, ਬਾਬਾ ਜਗਤਾਰ ਸਿੰਘ ਲਾਡੀ, ਸਤਨਾਮ ਸਿੰਘ ਸੋਢੀ, ਸਰਪੰਚ ਜਗਦੀਪ ਸਿੰਘ ਵੰਝ, ਸਰਪੰਚ ਜਸਵੰਤ ਸਿੰਘ ਚਾਹਲ, ਤਿਲਕ ਰਾਜ ਸੂਦ, ਜੀਵਨ ਕੁਮਾਰ ਖੀਵਾ, ਪੰਡਿਤ ਅਸ਼ੋਕ ਕੁਮਾਰ ਬਲੇਰ, ਸ਼ਾਮ ਲਾਲ ਕਾਹਲਵਾਂ, ਸੇਵਾ ਸਿੰਘ ਬਡਿਆਲ, ਬ੍ਰਿਜ ਲਾਲ ਖੀਵਾ, ਫਕੀਰ ਸਿੰਘ ਚਾਹਲ, ਸਤਿੰਦਰ ਸਿੰਘ ਢਿੱਲੋਂ, ਤੇਜਾ ਸਿੰਘ ਲਾਡੀ, ਜਸਵਿੰਦਰ ਸਿੰਘ ਕਿੰਦ, ਜਸਪਾਲ ਰਹੀਮਪੁਰ, ਪਵਨ ਕੁਮਾਰ ਖੀਵਾ, ਸੰਦੀਪ ਸ਼ਰਮਾ ਲੱਖਣ ਕੇ ਪੱਡਾ, ਆਸੀ ਰਹੀਮਪੁਰ, ਠੇਕੇਦਾਰ ਤਰਲੋਕ ਸਿੰਘ, ਸਾਬੀ ਬਲੱਗਣ, ਡਾਕਟਰ ਪ੍ਰੇਮ ਲਾਲ, ਵਿਜੇ ਕੁਮਾਰ ਆਦਿ ਦੀ ਹਾਜ਼ਰੀ ਦੌਰਾਨ ਮੇਲੇ ਨੂੰ ਸਫਲ ਬਣਾਉਣ ਲਈ ਅਹਿਮ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵੱਖ-ਵੱਖ ਕੰਮਾਂ ਲਈ ਕਮੇਟੀ ਦੇ ਆਹੁਦੇਦਾਰਾਂ ਅਤੇ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਲਾਭ ਚੰਦ ਥਿਗਲੀ ਨੇ ਦੱਸਿਆ ਕਿ 10 ਜੁਲਾਈ ਨੂੰ ਸਵੇਰੇ 7:30 ਵਜੇ ਤੋਂ 8:30 ਵਜੇ ਤੱਕ ਹਵਨ ਹੋਵੇਗਾ। ਉਪਰੰਤ ਝੰਡੇ ਦੀ ਪਵਿੱਤਰ ਰਸਮ ਅਦਾ ਕੀਤੀ ਜਾਵੇਗੀ ਤੋਂ ਬਾਅਦ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਧਾਰਮਿਕ ਦੇ ਸੱਭਿਆਚਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।ਲੋਕ ਗਾਇਕ ਨੀਲਮ ਦੱਤ ਸ਼ਰਮਾ, ਦੋਗਾਣਾ ਜੋੜੀ ਸਰਫੂ ਸਦੀਕ ਤੇ ਰਣਵੀਰ ਕੌਰ, ਗਾਇਕਾ ਪ੍ਰੀਆ ਦੱਤ (ਕਪੂਰਥਲਾ) ਗਾਇਕ ਗੁਰਮੀਤ ਮੀਤ , ਗਾਇਕ ਪ੍ਰਵੀਨ ਰੰਗੀਲਾ, ਐਨ ਐਸ ਗੁਗੂ ਆਦਿ ਵੱਲੋਂ ਧਾਰਮਿਕ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਸਟੇਜ ਤੇ ਮਿਊਜ਼ਿਕ ਦੀ ਸੇਵਾ ਅਸ਼ੋਕ ਸ਼ਰਮਾ ਅਤੇ ਸਾਹਿਲ ਸ਼ਰਮਾ ਵੱਲੋਂ ਕੀਤੀ ਜਾਵੇਗੀ। ਸਟੇਜ ਸਕੱਤਰ ਦੀ ਭੂਮਿਕਾ ਰਾਹੁਲ ਲਹਿਰੀ ਵੱਲੋਂ ਨਿਭਾਈ ਜਾਵੇਗੀ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ ਅਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।



26-June-PAGE-9.qxd 6/25/2025 10:53 PM Page 1



# ਸਕੂਲ ਮੈਨੇਜਮੈਂਟ ਕਮੇਟੀਆਂ 'ਚ ਦਖਲਅੰਦਾਜ਼ੀ ਦੀ ਸਖਤ ਨਿੰਦਾ

## ਰਾਜਸੀ ਦਖਲ ਨਾਲ ਪ੍ਰਭਾਵਿਤ ਹੋਵੇਗਾ ਸਕੂਲਾਂ ਦਾ ਵਿੱਦਿਅਕ ਮਾਹੌਲ : ਸਲਾਣਾ, ਦੁੱਗਾਂ, ਨਬੀਪੁਰ

**ਮਹਿਤਪੁਰ (ਰਾਜਾ)** ਐੱਸ.ਸੀ./ ਬੀ. ਸੀ. ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਜੀਤ ਸਿੰਘ ਸਲਾਣਾ, ਕਾਰਜਕਾਰੀ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ, ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ, ਹਰਬੰਸ ਲਾਲ ਪਰਜੀਆਂ, ਮੀਤ ਪ੍ਰਧਾਨ ਗੁਰਸੇਵਕ ਸਿੰਘ ਕਲੇਰ, ਮੀਤ ਪ੍ਰਧਾਨ ਪਰਵਿੰਦਰ ਭਾਰਤੀ, ਸਕੱਤਰ ਵੀਰ ਸਿੰਘ ਮੋਗਾ, ਪ੍ਰੈੱਸ ਸਕੱਤਰ ਹਰਪਾਲ ਸਿੰਘ ਤਰਨਤਾਰਨ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ 'ਚ ਲੰਬੇ ਸਮੇਂ ਤੋਂ ਸਕੂਲਾਂ ਵਿੱਚ ਸਕੂਲਾਂ ਦੇ ਪ੍ਰਬੰਧ ਤੇ ਕੇਂਦਰ ਸਰਕਾਰ ਤੇ ਰਾਜ ਸਰਕਾਰ ਵੱਲੋਂ ਸਕੂਲਾਂ ਦੀਆਂ ਮੁਢਲੀਆਂ ਲੋੜਾਂ ਨੂੰ ਪੂਰਾ ਕਰਨ ਹਿੱਤ ਭੇਜੀਆਂ ਜਾਂਦੀਆਂ ਗਰਾਂਟਾਂ ਨੂੰ ਸਹੀ ਰੂਪ 'ਚ ਖਰਚਣ ਦੇ ਵਿੱਦਿਅਕ ਮਾਹੌਲ ਸਾਜਗਾਰ ਸਿਰਜਣ 'ਚ ਸਹਾਇਤਾ ਕਰਦੀਆਂ ਸਨ ਕਿਉਂਕਿ ਇਹਨਾਂ ਐਸ ਐਮ ਸੀ ਕਮੇਟੀਆਂ ਦੇ ਮੈਂਬਰ ਬੱਚਿਆਂ ਦੇ ਮਾਪੇ ਹੀ ਹੁੰਦੇ ਸਨ ਤੇ ਕਮੇਟੀ ਦਾ ਚੇਅਰਮੈਨ ਤੇ ਉੱਪ ਚੇਅਰਮੈਨ ਵੀ ਵਿਦਿਆਰਥੀਆਂ ਦੇ ਮਾਤਾ ਪਿਤਾ ਚੋਂ ਹੀ ਚੁਣਿਆ ਜਾਂਦਾ ਸੀ। ਪਰ ਅਫ਼ਸੋਸ ਸਿੱਖਿਆ ਦੀ ਦਸ਼ਾ ਤੇ ਦਿਸ਼ਾ ਨੂੰ ਸੁਧਾਰਨ ਦੇ ਵੱਡੇ ਵੱਡੇ ਵਾਅਦੇ ਕੀਤੇ ਸਨ। ਪੰਜਾਬ ਦੇ ਸਕੂਲਾਂ ਵਿੱਚ ਸਿੱਖਿਆ



ਕ੍ਰਾਂਤੀ ਦਾ ਨਾਅਰਾ ਲਾ ਕੇ ਇਹ ਪਾਰਟੀ ਹੁਣ ਇਹ ਸਰਕਾਰ ਬਣਾਉਣ ਉਪਰੰਤ ਸਕੂਲਾਂ ਦਾ ਰਾਜਨੀਤੀਕਰਨ ਕਰ ਰਹੀ ਹੈ, ਜੋ ਕਿ ਸਕੂਲਾਂ ਦੇ ਵਿੱਦਿਅਕ ਮਾਹੌਲ ਲਈ ਮੰਦਭਾਗਾ ਕੰਮ ਹੈ। ਇੱਥੇ ਇਹ ਦੱਸਣ ਯੋਗ ਹੈ ਕਿ ਪੰਜਾਬ 'ਚ ਸਿੱਖਿਆ ਵਿਭਾਗ 'ਚ ਕੰਮ ਕਰਦੀਆਂ ਅਧਿਆਪਕ ਯੂਨੀਅਨ ਨੇ ਇਹਨਾਂ ਕਮੇਟੀਆਂ 'ਚ ਪਿੰਡ ਦੇ ਸਰਪੰਚ ਤੇ ਹੋਰ ਰਾਜਨੀਤੀਕ ਲੋਕਾਂ ਨੂੰ ਮੈਂਬਰ, ਚੇਅਰਮੈਨ ਨਾ ਬਣਾਉਣ ਲਈ ਉਸ ਸਮੇਂ ਦੇ ਸਿੱਖਿਆ ਸਕੱਤਰ ਨੂੰ ਸਿਰਫ ਵਿਦਿਆਰਥੀਆਂ ਦੇ ਮਾਪਿਆਂ ਨੂੰ ਹੀ ਮੈਂਬਰ ਤੇ ਚੇਅਰਮੈਨ ਬਣਾਇਆ ਜਾਣ ਦਾ ਪੱਤਰ ਜਾਰੀ ਕਰਵਾ ਕੇ ਸਕੂਲਾਂ ਦਾ ਵਿੱਦਿਅਕ ਮਾਹੌਲ ਰਾਜਨੀਤੀ ਰਹਿਤ ਕੀਤਾ ਗਿਆ ਸੀ। ਪਰ ਅੱਜ ਫਿਰ ਮੌਜੂਦਾ ਸਰਕਾਰ ਸਕੂਲਾਂ ਵਿੱਚ ਰਾਜਨੀਤਕ ਦਖਲਅੰਦਾਜ਼ੀ ਨੂੰ ਵਧਾਉਣ ਲਈ ਅਜਿਹੇ ਫੈਸਲੇ ਲੈਣ 'ਤੇ ਲੱਗੀ ਹੈ। ਯੂਨੀਅਨ ਆਗੂਆਂ ਨੇ ਮੰਗ ਕੀਤੀ ਹੈ ਕਿ ਇਹਨਾਂ ਫੈਸਲਿਆਂ 'ਤੇ ਮੁੜ ਵਿਚਾਰ ਕਰਕੇ ਸਕੂਲਾਂ ਦੇ ਵਿੱਦਿਅਕ ਮਾਹੌਲ ਨੂੰ ਸੁਚਾਰੂ ਢੰਗ ਦਾ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨ ਅਵਤਾਰ ਸਿੰਘ ਅੰਮ੍ਰਿਤਸਰ, ਰਛਪਾਲ ਸਿੰਘ ਗੁਰਦਾਸਪੁਰ, ਕੁਲਵੰਤ ਸਿੰਘ ਹੁਸ਼ਿਆਰਪੁਰ, ਹਰਬੰਸ ਲਾਲ ਜਲੰਧਰ, ਗੁਰਸੇਵਕ ਸਿੰਘ ਸੰਗਰੂਰ, ਲਛਮਣ ਸਿੰਘ ਨਬੀਪੁਰ ਪਟਿਆਲਾ, ਸੁਪਿੰਦਰ ਸਿੰਘ ਫਤਹਿਗੜ੍ਹ ਸਾਹਿਬ, ਸੁਖਵੀਰ ਸਿੰਘ ਬਰਨਾਲਾ, ਰਣਵੀਰ ਸਿੰਘ ਮਲੇਰਕੋਟਲਾ, ਗੁਰਟੇਕ ਸਿੰਘ ਫਰੀਦਕੋਟ, ਸ਼ਾਮ ਸੁੰਦਰ ਫਿਰੋਜ਼ਪੁਰ, ਹਰਵਿੰਦਰ ਮਾਰਸ਼ਲ ਮੋਗਾ, ਪਰਸ਼ਨ ਸਿੰਘ ਬਠਿੰਡਾ, ਅਮਿੰਦਰਪਾਲ ਮੁਕਤਸਰ, ਨਰਿੰਦਰਜੀਤ ਕਪੂਰਥਲਾ, ਪਰਵਿੰਦਰ ਭਾਰਤੀ ਰੂਪਨਗਰ, ਸੁਰਿੰਦਰ ਮੋਹਾਲੀ, ਬੇਅੰਤ ਭਾਂਬਰੀ, ਹਰਦੀਪ ਤੂਰ, ਸੁਖਰਾਜ ਮਾਹਿਲ, ਗੁਰਮੇਜ ਅਹੀਰ ਆਦਿ ਹਾਜ਼ਰ ਸਨ।

# ਭੰਗੜਾ, ਝੂਮਰ, ਗਿੱਧਾ ਸਿਖਲਾਈ ਦਾ ਸਮਰ ਕੈਂਪ ਲਗਾਇਆ

**ਮੁਹਾਲੀ (ਗੁਰਜੀਤ ਬਿੱਲਾ)**- ਚੰਨੀ ਸੱਭਿਆਚਾਰਕ ਮੰਚ ਮੁਹਾਲੀ (ਰਜਿ.) ਵੱਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੋਹਾਲੀ ਪਿੰਡ ਵਿਖੇ ਲਗਾਤਾਰ 3 ਹਫਤੇ ਤੋਂ 6 ਸਾਲ ਦੀ ਉਮਰ ਤੋਂ ਉੱਪਰ ਦੇ ਬੱਚਿਆਂ ਅਤੇ ਵੱਡਿਆਂ ਦਾ ਭੰਗੜਾ, ਝੂਮਰ, ਗਿੱਧਾ ਸਿਖਲਾਈ ਸਮਰ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਅੰਤਰਰਾਸ਼ਟਰੀ ਭੰਗੜਾ ਕੋਚ ਸਵਰਨ ਸਿੰਘ ਚੰਨੀ, ਅੰਤਰਰਾਸ਼ਟਰੀ ਢੋਲੀ ਜਸਵੀਰ ਸਿੰਘ ਮੀਕਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਬੱਚਿਆਂ ਨੂੰ ਭੰਗੜਾ, ਝੂਮਰ, ਗਿੱਧਾ ਦੀ ਸਿਖਲਾਈ ਦਿੱਤੀ ਗਈ। ਪਿਛਲੇ ਪੰਜ ਸਾਲ ਤੋਂ ਲਗਾਤਾਰ ਇਹ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਦੇ ਅਖੀਰ ਵਿੱਚ ਇੱਕ ਬਹੁਤ ਹੀ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ. ਅਮਰਜੀਤ ਸਿੰਘ ਸਿੱਧੂ ਮੇਅਰ ਮੋਹਾਲੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। । ਇਸ ਤੋਂ ਇਲਾਵਾ ਫਿਲਮੀ ਦੁਨੀਆਂ ਦੀ ਜਾਣੀ ਪਛਾਣੀ ਸਖਸ਼ੀਅਤ ਸਵਿੰਦਰ ਸਿੰਘ ਮਾਹਲ ਅਤੇ ਉੱਘੇ ਪੰਜਾਬੀ ਗਾਇਕ ਗੁਰਕ੍ਰਿਪਾਲ ਸੂਰਾਪੁਰੀ ਨੇ ਵੀ ਉਚੇਚੇ ਤੌਰ 'ਤੇ ਇਸ ਪ੍ਰੋਗਰਾਮ ਵਿੱਚ ਹਾਜ਼ਰੀ ਲਗਵਾਈ। ਪ੍ਰੋਗਰਾਮ ਦੀ ਸ਼ੁਰੂਆਤ ਜਗਜੀਤ ਸਿਘ ਵਡਾਲੀ ਦੇ ਧਾਰਮਿਕ ਗੀਤ ਨਾਲ ਹੋਈ ਉਸ ਤੋਂ ਉਪਰੰਤ ਛੋਟੇ-ਛੋਟੇ ਬੱਚਿਆਂ ਅਤੇ ਲੜਕੀਆਂ ਦੁਆਰਾ ਇੱਕ ਪਿੰਡ ਦਾ ਮਹੌਲ ਸਿਰਜ ਕੇ ਵਾਰ ਵਾਰ ਖੇਡੀ। ਉਪਰੰਤ ਰੋਸ਼ਨ ਸਿੰਘ, ਸ਼ਮਸ਼ੇਰ ਸਿੰਘ, ਮਾਸਟਰ ਬਲਬੀਰ ਸਿੰਘ, ਤੇਜਿੰਦਰ ਸਿੰਘ



ਧਾਲੀਵਾਲ, ਮਹਿਤ ਕੁਮਾਰ ਅਤੇ ਮਿਸ ਚੰਦਰ ਲਤਾ ਦੀ ਯੋਗ ਅਗਵਾਈ ਵਿੱਚ ਤਿਆਰ ਕਰਵਾਈ ਬੱਚਿਆਂ ਦੀ (ਏ) ਟੀਮ ਅਤੇ (ਬੀ) ਟੀਮ ਦੁਆਰਾ ਭੰਗੜੇ ਦੀ ਪੇਸ਼ਕਾਰੀ ਕੀਤੀ ਗਈ ਜਿਸ ਵਿੱਚ ਬੋਲੀਆਂ ਸਾਹਿਬ ਸਿੰਘ ਵੱਲੋਂ ਪਾਈਆਂ ਗਈਆਂ। ਮੈਡਮ ਸਿੰਮੀ ਵੱਲੋਂ ਗਾਏ ਗਏ ਸਭਿਆਚਾਰਕ ਗੀਤਾਂ ਦੁਆਰਾ ਮਾਹੌਲ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਫਿਰ ਲੜਕੀਆਂ ਦੀ ਟੀਮ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ ਭੰਗੜਾ ਪੇਸ਼ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਤੇਜਿੰਦਰ ਸਿੰਘ ਧਾਲੀਵਾਲ ਵੱਲੋਂ ਲੋਕ ਸਾਜ (ਬੀਨ) ਵਜਾ ਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਆਖਰੀ ਪੇਸ਼ਕਸ਼ ਵਜੋਂ ਚੰਨੀ ਸੱਭਿਆਚਾਰਕ ਮੰਚ (ਰਜਿ.) ਵੱਲੋਂ ਸੈਕਟਰ 42, ਚੰਡੀਗੜ੍ਹ ਦੀ ਝੀਲ ਵਿਖੇ ਤਿਆਰ ਕੀਤੀ ਗਈ ਲੜਕੀਆਂ ਦਾ ਭੰਗੜੇ ਦੀ ਟੀਮ ਵੱਲੋਂ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਝੂਮਰ ਡਾਂਸ ਕਰਕੇ ਹਾਜ਼ਰ ਲੋਕਾਂ ਦਾ ਦਿਲ ਮੋਹ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਅਮਰਜੀਤ ਸਿੰਘ ਜੀਤੀ ਮੇਅਰ ਮੋਹਾਲੀ ਵੱਲੋਂ ਬੱਚਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਆਪਣੇ ਵੱਡਮੁੱਲੇ ਵਿਚਾਰ ਬੱਚਿਆਂ ਸਾਹਮਣੇ ਪੇਸ਼ ਕੀਤੇ। ਸਵਿੰਦਰ ਸਿੰਘ ਮਾਹਲ ਵੱਲੋਂ ਇਸ ਪ੍ਰੋਗਰਾਮ ਵਿੱਚ ਸਹਿਯੋਗ ਦੇਣ ਵਾਲਿਆਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਲਈ ਇਲਾਕੇ ਦੀ ਕੌਂਸਲਰ ਮੈਡਮ ਸੁਮਨ ਗਰਗ ਅਤੇ ਉਨ੍ਹਾਂ ਦੇ ਬੇਟੇ ਅਨੁ ਗਰਗ ਵੱਲੋਂ ਵਿਸ਼ੇਸ਼ ਸਹਾਇਤਾ ਕੀਤੀ ਗਈ। ਇਸ ਪ੍ਰੋਗਰਾਮ ਦੀ ਸਟੇਜ਼ ਸਕੱਤਰ ਦੀ ਕਾਰਵਾਈ ਮਾਸਟਰ ਬਲਜੀਤ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ।

# ਮੁੱਖ ਮੰਤਰੀ ਨੇ ਵੱਖ-ਵੱਖ ਖਣਨ ਏਜੰਸੀਆਂ 'ਤੇ ਬਕਾਇਆ ਰਕਮ ਦੀ ਰਿਕਵਰੀ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੂਬੇ ਵਿੱਚ ਅਵੈਧ ਖਣਨ 'ਤੇ ਪੂਰੀ ਤਰ੍ਹਾ ਰੋਕ ਲਗਾਉਣ ਦੇ ਉਦੇਸ਼ ਨਾਲ ਖਣਨ ਅਤੇ ਭੂ-ਵਿਗਿਆਨ ਵਿਭਾਗ ਦੇ ਅਧਿਕਾਰੀਆਂ ਨੂੰ ਸਖਤ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹੋਏ ਕਿਹਾ ਕਿ ਖਣਨ ਖੇਤਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾਏ ਜਾਣ ਅਤੇ ਨਿਯਮਤ ਮਾਨੀਟਰਿੰਗ ਯਕੀਨੀ ਕੀਤੀ ਜਾਵੇ। ਅਵੈਧ ਖਣਨ ਵਿੱਚ ਸ਼ਾਮਿਲ ਪਾਏ ਜਾਣ 'ਤੇ ਸਬੰਧਤ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਸੈਣੀ ਨੇ ਕਿਹਾ ਕਿ ਖਣਨ ਏਜੰਸੀਆਂ ਵੱਲੋਂ ਸੂਬਾ ਸਰਕਾਰ ਨੂੰ ਸਮੇਂ 'ਤੇ ਮਾਲ ਪ੍ਰਾਪਤ ਹੋਵੇ, ਇਸ ਦੇ ਲਈ ਅਗਾਮੀ ਤਿੰਨ ਮਹੀਨਿਆਂ ਵਿੱਚ ਬਕਾਇਆ ਰਕਮ ਦੀ ਪੂਰੀ ਵਸੂਲੀ ਯਕੀਨੀ ਕੀਤੀ ਜਾਵੇ। ਨਾਲ ਹੀ, ਅਵੈਧ ਖਣਨ 'ਤੇ ਪੂਰੀ ਤਰ੍ਹਾ ਰੋਕ ਲਗਾਉਣ ਲਈ ਵੀ ਲਗਾਤਾਰ ਪੈਟਰੋਲਿੰਗ ਦੇ ਨਿਗਰਾਨੀ ਗਤੀਵਿਧੀਆਂ ਨੂੰ ਵਧਾਇਆ ਜਾਵੇ।ਮੁੱਖ ਮੰਤਰੀ ਨੇ ਕਿਹਾ ਕਿ ਵਿਭਾਗ ਦੇ ਸਾਲ 2025-26 ਲਈ 1400 ਕਰੋੜ ਰੁਪਏ ਦੇ ਮਾਲ ਟੀਚਾ ਨਿਰਧਾਰਤ ਕੀਤਾ ਹੈ, ਇਸ ਟੀਚੇ ਨੂੰ ਹਾਸਲ ਕਰਨ ਲਈ ਸਾਰੇ ਜਰੂਰੀ ਕਦਮ ਚੁੱਕੇ ਜਾਣ। ਉਨ੍ਹਾਂ ਨੇ ਸਖਤ ਨਿਰਦੇਸ਼ ਦਿੱਤੇ ਕਿ ਕਿਸੇ ਵੀ ਖਣਨ ਏਜੰਸੀ ਦਾ ਇੱਕ ਮਹੀਨੇ ਦਾ ਵੀ ਬਕਾਇਆ ਨਹੀਂ ਰਹਿਣਾ ਚਾਹੀਦਾ ਹੈ। ਬੁਕਾਇਆ ਹੋਣ ਦੀ ਸਥਿਤੀ ਵਿੱਚ ਏਜੰਸੀ ਨੂੰ ਨੋਟਿਸ ਜਾਰੀ ਕੀਤਾ ਜਾਵੇ, ਜੇਕਰ ਉਸ ਦੇ ਬਾਅਦ ਵੀ ਇਹ ਬਕਾਇਆ ਰਕਮ ਜਮ੍ਹਾ ਨਹੀਂ ਕਰਵਾਉਂਦੇ ਤਾਂ ਨਿਯਮ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਈ ਜਾਵੇ।ਨਾਲ ਹੀ ਜਿਨ੍ਹਾਂ ਖਾਨਾ ਦੀ ਨਿਲਾਮੀ ਹੋ ਚੁੱਕੀ ਹੈ ਪਰ ਖਣਨ ਕਾਰਜ ਸ਼ੁਰੂ ਨਹੀਂ ਹੋਇਆ, ਉੱਥੇ ਦੀ ਪ੍ਰਕ੍ਰਿਆਵਾਂ ਜਲਦੀ ਪੂਰੀਆਂ ਕਰਨ ਦੇ ਵੀ ਨਿਰਦੇਸ਼ ਦਿੱਤੇ।

# ਬਸਪਾ ਆਗੂ ਚੌਹਾਨ ਨੂੰ ਬ੍ਰੇਨ ਟਿਊਮਰ ਦੀ ਖਬਰ ਨਾਲ ਬਹੁਜਨ ਸਮਾਜ 'ਚ ਚਿੰਤਾ ਦੀ ਲਹਿਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ, ਪੰਜਾਬ ਦੇ ਪ੍ਰਮੁੱਖ ਮਿਸ਼ਨਰੀ ਬੁਲਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਲੋਕਾਂ ਤੇ ਤਰਕ ਦਲੀਲ ਨਾਲ ਸਮਾਜ ਦੀ ਗੱਲ ਰੱਖਣ ਵਾਲੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਭਗਵਾਨ ਸਿੰਘ ਚੌਹਾਨ ਸਾਬਕਾ ਕੋਆਰਡੀਨੇਟਰ ਜੰਮੂ ਕਸ਼ਮੀਰ, ਹਿਮਾਚਲ ਇਸ ਸਮੇਂ ਬ੍ਰੇਨ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਹਨ। ਬਸਪਾ ਆਗੂ ਚੌਹਾਨ ਨੂੰ ਬ੍ਰੇਨ ਟਿਊਮਰ ਦੀ ਖਬਰ ਆਉਣ ਨਾਲ ਬਹੁਜਨ ਸਮਾਜ 'ਚ ਚਿੰਤਾ ਦੀ ਲਹਿਰ ਫੈਲ ਗਈ। ਸ੍ਰੀ ਚੌਹਾਨ ਦੇ ਚਾਹੁਣ ਵਾਲੇ ਉਨ੍ਹਾਂ ਦੀ ਸਿਹਤਯਾਬੀ ਲਈ ਅਰਦਾਸਾਂ ਕਰ ਰਹੇ ਹਨ ਜੋ ਕਿ ਡੀ ਐਮ ਸੀ ਵਰਗੇ ਹਸਪਤਾਲਾਂ ਤੋਂ ਚੈਕਅੱਪ ਕਰਾਉਣ ਤੋਂ ਬਾਅਦ ਏਸ਼ੀਆ ਦੇ ਸਭ ਤੋਂ ਮਹਿੰਗੇ ਮੈਦਾਂਤਾ ਹਸਪਤਾਲ ਗੁੜਗਾਓਂ ਵਿਖੇ ਜ਼ੇਰੇ ਇਲਾਜ ਹਨ। ਇਸ ਸਮੇਂ ਗੰਭੀਰ ਬਿਮਾਰੀ ਤੋਂ ਪੀੜਤ ਚੌਹਾਨ ਨੂੰ ਬਹੁਜਨ ਸਮਾਜ ਦੀਆਂ ਦੁਆਵਾਂ ਦੇ ਨਾਲ ਨਾਲ ਸਾਥ ਦੀ ਵੀ ਬਹੁਤ ਲੋੜ ਹੈ। ਹਰ ਸਮੇਂ ਸਮਾਜ ਦੇ ਦੁੱਖ ਸੁੱਖ ਵਿੱਚ ਸਾਥ ਦੇਣ ਵਾਲੇ ਚੌਹਾਨ ਲਈ ਬਹੁਜਨ ਸਮਾਜ ਅਤੇ ਪੰਜਾਬੀਆਂ ਦਾ ਵੀ ਫਰਜ਼ ਬਣਦਾ ਹੈ ਕਿ ਤਨ, ਮਨ ਅਤੇ ਜਿੰਨਾ ਹੋ ਸਕੇ ਧਨ ਨਾਲ ਸਾਥ ਦੇਈਏ ਕਿਉਂਕਿ ਬ੍ਰੇਨ ਕੈਂਸਰ ਦਾ ਇਲਾਜ ਕਰਾਉਣਾ ਇਕ ਬਸਪਾ ਵਰਕਰ ਦੇ ਪਰਵਾਰ ਲਈ ਸੰਭਵ ਹੀ ਨਹੀਂ ਬਲਕਿ ਬਹੁਤ ਮੁਸ਼ਕਲ ਤੇ ਕਠਿਨ ਕੰਮ ਹੈ। ਬਹੁਜਨ ਸਮਾਜ ਲਈ ਰਾਹਤ ਦੀ ਖਬਰ ਇਹ ਹੈ ਕਿ ਚੌਹਾਨ ਪੂਰੀ ਤਰ੍ਹਾਂ ਗੱਲਬਾਤ ਕਰਦੇ ਹਨ ।ਭਗਵਾਨ ਸਿੰਘ ਚੌਹਾਨ ਨੇਵੀ ਵਿਚੋਂ ਰੇਡੀਓ ਅਫਸਰ ਸੇਵਾ ਮੁਕਤ ਹੋ ਕੇ ਅਮਰੀਕਾ, ਇਟਲੀ, ਲੰਡਨ ਵਰਗੇ ਸ਼ਹਿਰਾਂ ਵਿਚ ਮਿਹਨਤ ਮਜ਼ਦੂਰੀ ਕਰਕੇ ਭਾਰਤ ਵਾਪਸ ਆ ਕੇ 1992 ਵਿੱਚ ਬਸਪਾ ਬਾਨੀ ਸਾਹਿਬ ਕਾਂਸ਼ੀ ਰਾਮ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦੇ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਦਿਨ ਰਾਤ ਬਸਪਾ ਨੂੰ ਸਮਰਪਿਤ ਕਰਕੇ ਕੰਮ ਕਰਨ ਲੱਗ ਪਏ। ਵਿਧਾਨ ਸਭਾ ਜਨਰਲ ਸੈਕਟਰੀ, ਜ਼ਿਲ੍ਹਾ ਪ੍ਰਧਾਨ, ਜਨਰਲ ਸਕੱਤਰ ਪੰਜਾਬ, ਕੋਆਰਡੀਨੇਟਰ ਜੰਮੂ ਕਸ਼ਮੀਰ ਅਤੇ ਹਿਮਾਚਲ ਲਈ ਕਾਂਸ਼ੀ ਰਾਮ ਅਤੇ ਬਸਪਾ ਸੁਪਰੀਮੋ ਭੈਣ ਮਾਇਆਵਤੀ ਦੇ ਹੁਕਮਾਂ 'ਤੇ ਆਪਣੀਆਂ ਸੇਵਾਵਾਂ ਪਾਰਟੀ ਨੂੰ ਦਿਤੀਆਂ। ਬਸਪਾ ਆਗੂਆਂ ਵਲੋਂ ਚੌਹਾਨ ਦੀ ਸਿਹਤਯਾਬੀ ਦੀ ਕਾਮਨਾ ਕਰਦਿਆਂ ਪਰਵਾਰ ਨਾਲ ਆਰਥਿਕ ਸਹਿਯੋਗ ਦੀ ਵੀ ਅਪੀਲ ਕੀਤੀ ਹੈ।

# ਸਮਰ ਕੈਂਪ 'ਚ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਬੱਚਿਆਂ ਦੇ ਮਾਪਿਆਂ ਨਾਲ ਮਿਲਣੀ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਵੱਲੋਂ ਪੰਜਾਬ ਵਿਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਤਹਿਤ ਮਾਪੇ ਅਧਿਆਪਕ ਮਿਲਣੀ ਦੌਰਾਨ ਮੈਰੀਟੋਰੀਅਸ ਸਕੂਲ ਸੈਕਟਰ-70 ਵਿਖੇ ਪਹੁੰਚੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਮੋਹਾਲੀ, ਅੰਗਰੇਜ਼ ਸਿੰਘ ਨੇ ਵਿਦਿਆਰਥੀਆਂ ਦੇ ਸਮਰ ਕੈਂਪ 'ਚ ਭਾਗ ਲੈ ਰਹੇ ਵਿਦਿਆਰਥੀਆਂ ਦੇ ਮਾਪਿਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਇਸ ਮਿਲਣੀ ਦਾ ਮੰਤਵ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਤੇ ਅਧਿਆਪਕਾਂ ਵਿਚਲੀ ਦੂਰੀ ਖ਼ਤਮ ਕਰਨਾ ਹੈ, ਤੇ ਬੱਚਿਆਂ ਦੇ ਸੁਨਹਿਰੇ ਭਵਿੱਖ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ 'ਚ ਅੱਗੇ ਵਧਾਉਣ ਲਈ ਹਾਂ ਪੱਖੀ ਚਰਚਾ ਕਰਨਾ ਹੈ।ਉਨ੍ਹਾਂ ਕਿਹਾ ਕਿ ਇਸ ਸਮਰ ਕੈਂਪ ਵਿੱਚ 600 ਦੇ ਕਰੀਬ ਬੱਚੇ ਹਨ, ਜੋ ਕਿ ਅਲੱਗ-ਅਲੱਗ ਜ਼ਿਲ੍ਹਿਆ ਤੋਂ ਹਨ, ਉਨ੍ਹਾਂ ਨੂੰ ਜੇ.ਈ.ਈ. ਅਤੇ ਨੀਟ ਦੀ ਤਿਆਰੀ ਕਰਵਾਈ ਜਾ ਰਹੀ ਹੈ। ਇਹ ਤਿਆਰੀ ਕਰਵਾਉਣ ਲਈ ਬਹੁਤ ਹੀ ਉੱਚ ਵਿੱਦਿਆ ਹਾਸਲ ਅਧਿਆਪਕ ਕੋਚਿੰਗ ਦੇ ਰਹੇ ਹਨ। ਇਹ ਸਮਰ ਕੈਂਪ ਦਾ ਤੀਜਾ ਬੈਂਚ ਹੈ। ਇਹ ਸਮਰ ਕੈਂਪ 6 ਜੂਨ ਤੋਂ ਸ਼ੁਰੂ ਹੋਏ ਸਨ ਅਤੇ 28 ਜੂਨ ਤੱਕ ਚੱਲਣਗੇ।ਅਧਿਆਪਕ ਮਾਪੇ ਮਿਲਣੀ ਸਮੇਂ ਬੱਚਿਆਂ ਦੇ ਮਾਪਿਆਂ ਨੂੰ ਬੁਲਾਇਆ ਗਿਆ ਹੈ, ਉਹ ਬੱਚਿਆਂ ਦੇ ਮਾਪਿਆਂ ਨਾਲ ਨਿੱਜੀ ਤੌਰ 'ਤੇ ਰੁਬਰੂ ਹੋਏ ਹਨ, ਬੱਚਿਆਂ ਦੇ ਮਾਪਿਆਂ ਵੱਲੋਂ ਵਧੀਆ



ਹੁੰਗਾਰਾ ਦਿੱਤਾ ਗਿਆ ਹੈ। ਇਸ ਮੀਟਿੰਗ ਦਾ ਮੁੱਖ ਮਕਸਦ ਪੰਜਾਬ ਦੇ ਮਾਪਿਆਂ ਰਾਹੀਂ ਇਹ ਸੁਨੇਹਾ ਦੇਣਾ ਹੈ, ਕਿ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਇਆ ਜਾਵੇ। ਜਿੱਥੇ ਜੇ.ਈ ਅਤੇ ਨੀਟ ਵਰਗੇ ਟੈਸਟਾਂ ਦੀ ਤਿਆਰੀ ਪੂਰੀ ਮਿਹਨਤ ਨਾਲ ਤਜਰਬੇਕਾਰ ਅਧਿਆਪਕਾਂ ਵੱਲੋਂ ਕਰਵਾਈ ਜਾਂਦੀ ਹੈ। ਇਸ ਨਾਲ ਬੱਚੇ ਦੇ ਮਾਪੇ ਹੋਰ ਵੀ ਉਤਸ਼ਾਹਿਤ ਹੋਣਗੇ।ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮੋਹਾਲੀ ਜ਼ਿਲ੍ਹੇ ਦਾ ਨਤੀਜਾ ਪਿਛਲੇ ਸਾਲ ਨਾਲੋਂ ਇਸ ਸਾਲ ਹੋਰ ਵੀ ਵਧੀਆ ਆਇਆ ਹੈ। ਮੋਹਾਲੀ ਜ਼ਿਲ੍ਹੇ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਦੀ ਅਗਵਾਈ ਹੇਠ 36 ਟੀਮਾਂ ਬਣਾਈਆਂ ਗਈਆ ਹਨ। ਜਿੰਨ੍ਹਾਂ ਵਿੱਚੋਂ 6 ਨੋਡਲ ਅਫਸਰ ਇਨ੍ਹਾਂ ਟੀਮਾਂ ਵਿੱਚ ਲਗਾਏ ਗਏ ਹਨ।ਇਹ ਤੀਸਰਾ ਸਮਰ ਕੈਂਪ ਹੈ ਜੋ ਕਿ ਸਫਲਤਾਪੂਰਵਕ ਚਲ ਰਿਹਾ ਹੈ। ਪਿਛਲੇ ਕੈਂਪ ਦੌਰਾਨ ਲਈ ਗਈ ਕੋਚਿੰਗ ਨਾਲ ਬਹੁਤ ਸਾਰੇ ਬੱਚਿਆਂ ਵੱਲੋਂ ਨਾਮੀਂ ਕਾਲਜਾਂ ਵਿੱਚ ਦਾਖਲੇ ਲਏ ਗਏ ਹਨ।ਡਿਪਟੀ ਡੀ. ਈ. ਓ. ਮੋਹਾਲੀ, ਵੱਲੋਂ ਦੱਸਿਆ ਗਿਆ ਕਿ ਇਸ ਮੌਕੇ ਉਨਾਂ ਮਿਲਣੀ ਉਤੇ ਆਏ ਬੱਚਿਆਂ ਦੇ ਪਰਵਾਰਕ ਮੈਂਬਰਾਂ ਨਾਲ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਵੀ ਹੁਣ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਹਾਸਲ ਹੋ ਰਹੀ ਹੈ।ਇਸ ਮੌਕੇ ਉਨ੍ਹਾਂ ਸਕੂਲ ਦੇ ਵਿਦਿਆਰਥੀਆਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਤੋਂ ਸਕੂਲ ਵਿਚ ਮਿਲ ਰਹੀਆਂ ਸਹੂਲਤਾਂ ਬਾਰੇ ਪੁੱਛਿਆ ਜਿਸ ਉਤੇ ਵਿਦਿਅਰਥੀਆਂ ਵਲੋਂ ਸੰਤੁਸ਼ਟੀ ਪ੍ਰਗਟਾਈ ਗਈ।ਇਸ ਮੌਕੇ ਬੱਚਿਆਂ ਦੇ ਮਾਪਿਆਂ ਵੱਲੋਂ ਸਕੂਲ ਦੀ ਲਾਇਬ੍ਰੇਰੀ, ਸਾਇੰਸ ਲੈਬ ਅਤੇ ਕਲਾਸ ਰੂਮਾਂ ਦਾ ਵੀ ਦੌਰਾ ਕੀਤਾ ਗਿਆ, ਜਿਸ ਉੱਤੇ ਉਨ੍ਹਾਂ ਤਸੱਲੀ ਪ੍ਰਗਟਾਈ।

# ਸੀ ਟੀ ਗਰੁੱਪ ਵੱਲੋਂ 'ਸਰਬੱਤ ਦਾ ਭਲਾ' ਦੇ ਸਹਿਯੋਗ ਨਾਲ ਛਬੀਲ ਸੇਵਾ

**ਜਲੰਧਰ (ਸ਼ੈਲੀ ਐਲਬਰਟ)**— ਸਮਾਜਿਕ ਸੇਵਾ ਅਤੇ ਦਇਆ ਦੀਆਂ ਡੂੰਘੀਆਂ ਪਰੰਪਰਾਵਾਂ ਨੂੰ ਅੱਗੇ ਵਧਾਉਂਦੇ ਹੋਏ, ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ 'ਸਰਬੱਤ ਦਾ ਭਲਾ' ਦੀ ਭਾਵਨਾ ਅਨੁਸਾਰ ਇੱਕ ਭਾਵਪੂਰਨ ਛਬੀਲ ਸੇਵਾ ਦਾ ਆਯੋਜਨ ਕੀਤਾ।ਇਹ ਪਹਿਲਕਦਮੀ ਤੇਜ਼ ਗਰਮੀ ਵਿੱਚ ਕੀਤੀ ਗਈ, ਜਿੱਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲਕੇ ਕੈਂਪਸ ਦੇ ਬਾਹਰ ਲੋਕਾਂ ਨੂੰ ਠੰਡਾ ਮਿੱਠਾ ਪਾਣੀ (ਚਬੀਲ) ਵੰਡਿਆ। ਇਹ ਸੇਵਾ ਵਿਦਿਆਰਥੀ ਕਲਿਆਣ ਵਿਭਾਗ ਦੁਆਰਾ ਆਯੋਜਿਤ ਕੀਤੀ ਗਈ ਸੀ, ਜੋ ਸੀਟੀ ਗਰੁੱਪ ਦੀ ਸਮਾਜਿਕ ਜ਼ਿੰਮੇਵਾਰੀ ਨੂੰ ਪ੍ਰਗਟਾਉਂਦੀ ਹੈ।ਡਾ. ਅਰਜਨ ਸਿੰਘ (ਡੀਨ, ਵਿਦਿਆਰਥੀ ਕਲਿਆਣ) ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ:'ਸੇਵਾ ਸੀਟੀ ਗਰੁੱਪ ਵਿੱਚ ਸਿਰਫ਼ ਇੱਕ ਕੰਮ ਨਹੀਂ, ਸਗੋਂ ਜੀਵਨ ਜੀਣ ਦਾ ਢੰਗ ਹੈ। ਛਬੀਲ ਸੇਵਾ ਵਿੱਚ ਸਾਡੇ ਵਿਦਿਆਰਥੀਆਂ ਨੇ ਏਕਤਾ, ਦਇਆ ਅਤੇ ਸੰਵੇਦਨਸ਼ੀਲਤਾ ਦੀ ਮਿਸਾਲ ਪੇਸ਼ ਕੀਤੀ।' ਇਸ ਮੌਕੇ 'ਤੇ ਡਾ. ਮਨਬੀਰ ਸਿੰਘ (ਮੈਨੇਜਿੰਗ ਡਾਇਰੈਕਟਰ), ਹਰਪ੍ਰੀਤ ਸਿੰਘ (ਵਾਈਸ ਚੇਅਰਮੈਨ), ਅਤੇ ਡਾ. ਸੰਗਰਾਮ ਸਿੰਘ (ਡਾਇਰੈਕਟਰ, ਕੈਂਪਸ) ਵੀ ਮੌਜੂਦ ਸਨ।ਡਾ. ਮਨਬੀਰ ਸਿੰਘ ਨੇ ਇਸ ਪਹਿਲਕਦਮੀ ਦੀ



ਸ਼ਲਾਘਾ ਕਰਦੇ ਹੋਏ ਕਿਹਾ: 'ਜਦੋਂ ਮੌਸਮ ਸਾਨੂੰ ਭੌਤਿਕ ਤੌਰ 'ਤੇ ਪ੍ਰਭਾਵਿਤ ਕਰ ਰਿਹਾ ਹੈ, ਸਾਡੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਦੂਜਿਆਂ ਦੀ ਸੇਵਾ ਕਰਨੀ ਚੁਣੀ। ਇਹ ਸਿੱਖ ਦਰਸ਼ਨ ਦਾ ਸਾਰ ਹੈ , ਬਿਨਾਂ ਕਿਸੇ ਲਾਲਚ ਦੇ ਮਨੁੱਖਤਾ ਦੀ ਸੇਵਾ ਕਰਨਾ। ਮੈਨੂੰ ਇਹ ਦੇਖਕੇ ਬਹੁਤ ਖੁਸ਼ੀ ਹੋਈ ਕਿ ਸੀਟੀ ਗਰੁੱਪ ਹਰ ਸਾਲ ਸੇਵਾ ਦੀ ਇਸ ਵਿਰਾਸਤ ਨੂੰ ਕਾਇਮ ਰੱਖ ਰਿਹਾ ਹੈ।'

# ਨੈਸ਼ਨਲ ਵੈਕਟਰ ਬੌਰਨ ਡਜੀਜ ਕੰਟਰੋਲ ਪ੍ਰੋਗਰਾਮ ਤਹਿਤ ਜਾਗਰੂਕ ਕੀਤਾ ਪਿੰਡ ਗੁੱਲਪੁਰ

**ਬਲਾਚੌਰ (ਜਸਵਿੰਦਰ ਬੈਂਸ)** ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਅਤੇ ਡਾ ਰਕੇਸ਼ ਪਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਨਵਰੀਤ ਕੌਰ ਪੀ ਐੱਚ ਸੀ ਸੜੋਆ ਦੀ ਯੋਗ ਅਗਵਾਈ ਹੇਠ ਸੈਕਟਰ ਸਾਹਿਬਾ ਦੇ ਅਧੀਨ ਪਿੰਡ ਗੱਲਪੁਰ ਵਿੱਖੇ ਨੈਸ਼ਨਲ ਵੈਕਟਰ ਬੌਰਨ ਡਜੀਜ ਕੰਟਰੋਲ ਪ੍ਰੋਗਰਾਮ ਤਹਿਤ ਜਾਗਰੂਕ ਕੀਤਾ ਗਿਆ,ਜਿਸ ਵਿੱਚ ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਡੇਂਗੂ, ਮਲੇਰੀਆ ਅਤੇ ਚਿੰਕਨਗੁਨੀਆ ਦੇ ਬਚਾਅ ਸਬੰਧੀ ਜਾਣਕਾਰੀ ਦਿੱਤੀ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦੇ ਹਨ ਅਤੇ ਇਹ ਮੱਛਰ ਦਿਨ ਵੇਲੇ ਕੱਟਦਾ ਹੈ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋਂ ਕਿ ਏਡੀਜ਼ ਅਜਿਪਟੀ ਨਾਂ ਦੇ ਮੱਛਰਾਂ ਦੇ ਕੱਟਣ ਨਾਲ ਫ਼ੈਲਦਾ ਹੈ। ਡੇਂਗੂ ਬੁਖਾਰ ਦੇ ਲੱਛਣਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿੱਚ ਤੇਜ਼ ਬੁਖਾਰ ਹੋਣ, ਸਿਰ ਦਰਦ ਹੋਣਾ, ਮਾਸਪੇਸ਼ੀਆਂ ਅਤੇ ਜੋੜਾ ਵਿੱਚ ਦਰਦ ਹੋਣਾ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਹੋਣਾ ਜੀ ਕੱਚਾ ਹੋਣਾ ਅਤੇ ਹਾਲਤ ਖ਼ਸਤਾ ਹੋਣ ਤੇ ਨੱਕ ਮੂੰਹ ਤੇ ਮਸੂੜਿਆਂ ਵਿੱਚੋਂ ਖ਼ੂਨ ਦਾ ਵਗਣਾ ਹੋ ਸਕਦੇ ਹਨ। ਇਸ ਤੋਂ ਬਚਾਅ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਸਾਫ਼ ਸਫ਼ਾਈ ਰੱਖਣੀ ਚਾਹੀਦੀ ਹੈ, ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ, ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ ਵਿੱਚ ਖੜ੍ਹੇ ਪਾਣੀ ਨੂੰ ਹਫ਼ਤੇ ਵਿੱਚ ਇੱਕ ਵਾਰ ਸਾਫ਼ ਕਰਕੇ ਸੁਕਾਉਣਾ ਚਾਹੀਦਾ ਹੈ, ਛੱਤਾਂ ਤੇ ਪਈਆ ਪਾਣੀ ਦੀਆਂ ਟੈਂਕੀਆਂ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ, ਟਾਇਰਾਂ ਨੂੰ ਖੁੱਲੇ ਵਿੱਚ ਨਾ ਰੱਖੋ ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਪੂਰੀ ਤਰ੍ਹਾਂ ਢੱਕਿਆ ਹੋਇਆ ਹੋਵੇ ਬੁਖਾਰ ਹੋਣ ਤੇ ਨੇੜੇ ਦੇ ਸਰਕਾਰੀ ਹਸਪਤਾਲ ਵਿੱਚ ਖ਼ੂਨ ਦੀ ਜਾਂਚ ਜ਼ਰੂਰ ਕਰਵਾਓ ਇਸ ਦੇ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ 'ਤੇ ਮਲਟੀਪਰਪਜ ਹੈਲਥ ਵਰਕਰ ਉਂਕਾਰ ਨੇ ਟੀਮ ਮੈਂਬਰ ਨੂੰ ਲੈ ਕੇ ਘਰ ਘਰ ਜਾ ਕੇ ਡੇਂਗੂ ਦਾ ਲਾਰਵਾ ਚੈੱਕ ਕੀਤਾ ਅਤੇ ਲਾਰਵਾ ਮਿਲਣ ਉਪਰੰਤ ਬਰੀਡਿੰਗ ਚੈੱਕਰ ਕੁਲਦੀਪ ਸਿੰਘ ਦੁਆਰਾ ਲਾਰਵੀਸਾਈਡ ਸਪਰੇਅ ਦਾ ਛਿੜਕਾਅ ਕੀਤਾ ਗਿਆ। ਇਸ ਮੌਕੇ 'ਤੇ ਆਸ਼ਾ ਵਰਕਰ, ਸਰਪੰਚ ਰੂਪ ਸਿੰਘ ਤੇ ਪੇਂਡੂ ਸਿਹਤ ਸਫ਼ਾਈ ਸੰਮਤੀ ਦੇ ਮੈਂਬਰ ਹਾਜ਼ਰ ਸਨ।



# ਵਾਤਾਵਰਣ ਸੰਭਾਲ ਲਈ ਕੱਕੋਂ 'ਚ ਲਗਾਏ ਬੂਟੇ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਵਾਤਾਵਰਣ ਵਿੱਚ ਲਗਾਤਾਰ ਤਬਦੀਲੀਆਂ ਨੂੰ ਲੈ ਕੇ ਦੁਨੀਆ ਭਰ ਵਿੱਚ ਵਿਗਿਆਨੀ ਅਤੇ ਵਾਤਾਵਰਣ ਪ੍ਰੇਮੀਆਂ ਵਿੱਚ ਚਿੰਤਾ ਦੇਖਣ



ਨੂੰ ਮਿਲ ਰਹੀ ਹੈ ਅਤੇ ਲਗਾਤਾਰ ਵਾਤਾਵਰਣ ਪ੍ਰੇਮੀਆਂ ਵੱਲੋਂ ਵਾਤਾਵਰਣ ਸੁਧਾਰ ਲਈ ਹੀਲੇ ਵਸੀਲੇ ਕੀਤੇ ਜਾਂਦੇ ਰਹੇ ਹਨ। ਇਸੇ ਲੜੀ ਤਹਿਤ ਮੰਗਲਵਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚੇਅਰਮੈਨ ਕਮ ਜ਼ਿਲ੍ਹਾ ਜੱਜ ਰਜਿੰਦਰ ਅਗਰਵਾਲ ਦੇ ਦਿਸ਼ਾ ਨਿਰਦੇਸ਼ ਹੇਠ ਪੈਰਾ ਲੀਗਲ ਵਲੰਟੀਅਰਜ਼ ਵੱਲੋਂ ਪਿੰਡ ਕੱਕੋਂ, ਬਲਾਕ-1 ਹੁਸ਼ਿਆਰਪੁਰ ਵਿਖੇ ਸਰਪੰਚ ਅਨੀਤਾ ਰਾਣੀ ਦੀ ਹਾਜ਼ਰੀ ਵਿੱਚ 100 ਬੂਟੇ ਲਗਾਏ ਗਏ। ਇਸ ਮੌਕੇ ਸਰਪੰਚ ਅਨੀਤਾ ਰਾਣੀ ਨੇ ਕਿਹਾ ਕਿ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਜੇਕਰ ਹਰ ਵਿਅਕਤੀ ਆਪਣੇ ਜਨਮ ਦਿਨ ਮੌਕੇ ਅਤੇ ਆਪਣੇ ਵੱਡੇ ਵਡੇਰਿਆਂ ਦੇ ਨਾਂਅ 'ਤੇ ਇੱਕ ਇੱਕ ਬੂਟਾ ਵੀ ਲਗਾਵੇ ਤਾਂ ਵਾਤਾਵਰਣ ਸੁਧਾਰ ਵਿੱਚ ਤੇਜ਼ੀ ਨਾਲ ਕੰਮ ਕੀਤਾ ਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਚੇਅਰਮੈਨ ਕਮ ਜ਼ਿਲ੍ਹਾ ਜੱਜ ਰਜਿੰਦਰ ਅਗਰਵਾਲ ਅਤੇ ਉਨ੍ਹਾਂ ਦੀ ਪੈਰਾ ਲੀਗਲ ਵਲੰਟੀਅਰ ਟੀਮ ਦੇ ਨਾਲ ਨਾਲ ਇਲਾਕਾ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਅਨੀਤਾ ਰਾਣੀ ਨੇ ਪਿੰਡ ਵਾਸੀਆਂ ਨੂੰ ਬਰਸਾਤ ਦੇ ਮੌਸਮ ਵਿੱਚ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਅਪੀਲ ਕੀਤੀ।ਇਸ ਮੌਕੇ ਅਸ਼ੀਸ਼ ਜੋਤੀ ਪੈਨਲ ਐਡਵੋਕੇਟ, ਬਲਬੀਰ ਸਿੰਘ ਪੈਰਾ ਲੀਗਲ ਵਲੰਟੀਅਰ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਮੈਂਬਰ ਪੰਚਾਇਤ ਕੁਲਵਿੰਦਰ ਕੁਮਾਰ, ਮੈਂਬਰ ਪੰਚਾਇਤ ਪਰਮਜੀਤ ਕੌਰ, ਮੈਂਬਰ ਪੰਚਾਇਤ ਜੀਵਨ ਕੌਰ, ਮੈਂਬਰ ਪੰਚਾਇਤ ਸੰਤੋਸ਼ ਬੱਧਣ, ਮੈਂਬਰ ਪੰਚਾਇਤ ਕਰਮ ਸਿੰਘ, ਮੈਂਬਰ ਪੰਚਾਇਤ ਨਿਰਮਲ ਸਿੰਘ, ਹੁਸ਼ਿਆਰਪੁਰ ਏਂਕਲੇਵ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਤੋਂ ਇਲਾਵਾ ਸੁਨੀਲ ਕੁਮਾਰ, ਦੀਪੂ ਬੇਦੀ, ਮਨੀਸ਼ ਕੁਮਾਰ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ 15 ਜੁਲਾਈ ਤੱਕ ਲਾਇਬ੍ਰੇਰੀਆਂ ਦਾ ਕੰਮ ਮੁਕੰਮਲ ਕਰਨ ਦੀ ਹਦਾਇਤ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨੌਜਵਾਨਾਂ ਨੂੰ ਕਿਤਾਬਾਂ ਨਾਲ ਜੋੜਨ ਲਈ ਜ਼ਿਲ੍ਹੇ ਵਿੱਚ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬੁੱਧੀ ਰਾਜ ਸਿੰਘ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ



ਬਣਾਈਆਂ ਜਾ ਰਹੀਆਂ ਲਾਇਬ੍ਰੇਰੀਆਂ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅਧਿਕਾਰੀਆਂ ਨੂੰ 15 ਜੁਲਾਈ ਤੱਕ ਹਰ ਹਾਲ ਵਿੱਚ ਲਾਇਬ੍ਰੇਰੀਆਂ ਦਾ ਕਾਰਜ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ, ਤਾਂ ਜੋ ਇਨ੍ਹਾਂ ਨੂੰ ਜਲਦ ਤੋਂ ਜਲਦ ਲੋਕਾਂ ਖਾਸ ਕਰ ਨੌਜਵਾਨਾਂ ਲਈ ਖੋਲ੍ਹਿਆ ਜਾ ਸਕੇ।ਇਥੇ ਜ਼ਿਲ੍ਹਾ ਪ੍ਰਬੰਧਕੀ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 201.24 ਲੱਖ ਦੀ ਲਾਗਤ ਨਾਲ 6 ਲਾਇਬ੍ਰੇਰੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਲਾਇਬ੍ਰੇਰੀਆਂ ਦੇ ਕੰਮ ਨੂੰ ਤੇਜ਼ੀ ਨਾਲ ਮੁਕੰਮਲ ਦੇ ਨਾਲ-ਨਾਲ ਲਾਇਬ੍ਰੇਰੀ ਕਮੇਟੀਆਂ ਗਠਿਤ ਕਰਨ ਲਈ ਲੋੜੀਂਦੀ ਪ੍ਰਕਿਰਿਆ ਅਮਲ ਵਿੱਚ ਲਿਆਉਣ ਦੇ ਵੀ ਨਿਰਦੇਸ਼ ਦਿੱਤੇ, ਤਾਂ ਜੋ ਮੁਕੰਮਲ ਹੋਣ ਤੋਂ ਬਾਅਦ ਇਨ੍ਹਾਂ ਦਾ ਸਹੀ ਢੰਗ ਨਾਲ ਸੰਚਾਲਨ ਯਕੀਨੀ ਬਣਾਇਆ ਜਾ ਸਕੇ।ਮੀਟਿੰਗ ਦੌਰਾਨ ਡਾ. ਅਗਰਵਾਲ ਨੇ ਅਧਿਕਾਰੀਆਂ ਨੂੰ ਪੰਜਾਬ ਨਿਰਮਾਣ, ਐਮ.ਪੀ.ਲੈਂਡ ਤਹਿਤ ਜਾਰੀ ਫੰਡਜ਼ ਰਾਹੀਂ ਮੁਕੰਮਲ ਹੋਏ ਵਿਕਾਸ ਕਾਰਜਾਂ ਦੇ ਵਰਤੋਂ ਸਰਟੀਫਿਕੇਟ ਇਸ ਸ਼ੁੱਕਰਵਾਰ ਤੱਕ ਜਮ੍ਹਾ ਕਰਵਾਉਣ ਦੇ ਸਖ਼ਤ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੁਕੰਮਲ ਹੋ ਚੁੱਕੇ ਕਾਰਜਾਂ ਦੇ ਵਰਤੋਂ ਸਰਟੀਫਿਕੇਟ ਜਮ੍ਹਾ ਕਰਵਾਉਣ ਵਿੱਚ ਢਿੱਲ-ਮੱਠ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜੇ ਵਿਕਾਸ ਕਾਰਜ ਚੱਲ ਰਹੇ ਹਨ, ਉਨ੍ਹਾਂ ਨੂੰ ਵੀ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ ਅਤੇ ਜਲਦ ਤੋਂ ਜਲਦ ਉਨ੍ਹਾਂ ਦੇ ਵਰਤੋਂ ਸਰਟੀਫਿਕੇਟ ਵੀ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਜਮ੍ਹਾ ਕਰਵਾਏ ਜਾਣ।ਉਨ੍ਹਾਂ ਐਮ.ਪੀ.ਲੈਂਡ ਤਹਿਤ ਨਵੀਂਆਂ ਜਾਰੀ ਹੋਈਆਂ ਗ੍ਰਾਂਟਾ ਨਾਲ ਸ਼ੁਰੂ ਹੋਏ ਕੰਮਾਂ ਦਾ ਵੀ ਜਾਇਜ਼ਾ ਲਿਆ।ਮੀਟਿੰਗ ਵਿੱਚ ਸਮੂਹ ਐਸ.ਡੀ.ਐਮਜ਼, ਉਪ ਅਰਥ ਤੇ ਅੰਕੜਾ ਸਲਾਹਕਾਰ ਅਰੁਣ ਮਹਾਜਨ, ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਆਦਿ ਵੀ ਮੌਜੂਦ ਸਨ।

# ਪੁਲਸ ਅਧਿਕਾਰੀਆਂ ਲਈ ਜਾਗਰੂਕਤਾ ਵਰਕਸ਼ਾਪ ਲਗਾਈ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਆਧਾਰ ਨਿਯਮਾਂ ਦੀ ਬਿਹਤਰ ਸਮਝ ਅਤੇ ਪੁਲਸ ਸੇਵਾਵਾਂ ਨਾਲ ਇਸ ਦੇ ਕਾਨੂੰਨੀ ਏਕੀਕਰਨ ਲਈ, ਪੰਜਾਬ ਪੁਲਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਨੇ ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ (ਯੂਆਈਡੀਏਆਈ) ਦੇ ਖੇਤਰੀ ਦਫ਼ਤਰ, ਚੰਡੀਗੜ੍ਹ ਦੇ ਸਹਿਯੋਗ ਨਾਲ ਪੁਲਸ ਅਧਿਕਾਰੀਆਂ ਨੂੰ ਪ੍ਰਸ਼ਾਸਨ ਅਤੇ ਕਾਨੂੰਨ ਲਾਗੂ ਕਰਨ ਵਿੱਚ ਆਧਾਰ ਦੀ ਸੁਰੱਖਿਅਤ ਵਰਤੋਂ ਬਾਰੇ ਜਾਣੂ ਕਰਵਾਉਣ ਲਈ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ।ਇਸ ਸੈਸ਼ਨ ਦਾ ਸੰਚਾਲਨ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ (ਸਪੈਸ਼ਲ ਡੀਜੀਪੀ) ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਗੁਰਪ੍ਰੀਤ ਕੌਰ ਦਿਓ ਅਤੇ ਰਾਮ ਸਿੰਘ ਏਡੀਜੀਪੀ ਟੀਐਸਐਸ ਦੀ ਮੌਜੂਦਗੀ ਵਿੱਚ ਡੀਡੀਜੀ ਚੰਡੀਗੜ੍ਹ ਕਮਾਂਡਰ ਧੀਰਜ ਸਰੀਂ ਦੀ ਅਗਵਾਈ ਹੇਠ ਯੂਆਈਡੀਏਆਈ ਖੇਤਰੀ ਦਫ਼ਤਰ ਦੀ ਟੀਮ ਵੱਲੋਂ ਕੀਤਾ ਗਿਆ, ਜਿਸ ਵਿੱਚ ਪ੍ਰਸ਼ਾਸਨ ਅਤੇ ਕਾਨੂੰਨ ਲਾਗੂਕਰਨ ਵਿੱਚ ਆਧਾਰ ਦੀ ਸੁਰੱਖਿਅਤ ਵਰਤੋਂ ਨੂੰ ਯਕੀਨੀ ਬਣਾਉਣ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਸੈਸ਼ਨ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ 100 ਪੁਲਸ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ।ਯੂਆਈਡੀਏਆਈ ਟੀਮ ਨੇ ਆਧਾਰ ਤਸਦੀਕ ਸਬੰਧੀ ਸਾਧਨਾਂ, ਜਿਹਨਾਂ ਵਿੱਚ ਐਮ-ਆਧਾਰ ਐਪ ਵੀ ਸ਼ਾਮਲ ਹੈ, ਬਾਰੇ ਵਿਹਾਰਕ ਸਿਖਲਾਈ ਪ੍ਰਦਾਨ ਕੀਤੀ ਅਤੇ ਪੁਲਸ ਜਾਂਚ ਦੌਰਾਨ ਦੁਰਵਰਤੋਂ ਨੂੰ ਰੋਕਣ ਲਈ ਕਾਨੂੰਨੀ ਸੀਮਾਵਾਂ ਬਾਰੇ ਜਾਣਕਾਰੀ ਦਿੱਤੀ।ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਇਹ ਸੈਸ਼ਨ ਕਾਨੂੰਨੀ ਅਤੇ ਗੋਪਨੀਯਤਾ ਸਬੰਧੀ ਮਿਆਰਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦਿਆਂ ਯੂਆਈਡੀਏਆਈ ਅਤੇ ਕਾਨੂੰਨ ਲਾਗੂਕਰਨ ਵਾਲੀਆਂ ਏਜੰਸੀਆਂ ਦਰਮਿਆਨ ਤਾਲਮੇਲ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਇੱਕ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਸਾਡੇ ਅਧਿਕਾਰੀ ਹੁਣ ਡੇਟਾ ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਆਧਾਰ ਨਾਲ ਸਬੰਧਤ ਤਸਦੀਕ ਪ੍ਰਕਿਰਿਆਵਾਂ ਨਾਲ ਬਿਹਤਰ ਢੰਗ ਨਾਲ ਨਜਿੱਠ ਸਕਦੇ ਹਨ।ਇਸ ਦੌਰਾਨ, ਯੂਆਈਡੀਏਆਈ ਟੀਮ ਨੇ ਪੁਲਸ ਅਧਿਕਾਰੀਆਂ ਵੱਲੋਂ ਐਮ-ਆਧਾਰ ਐਪ ਦੀ ਵਰਤੋਂ ਰਾਹੀਂ ਆਧਾਰ ਸਬੰਧੀ ਪ੍ਰਮਾਣਾਂ ਦੀ ਪੁਸ਼ਟੀ ਕਰਨ ਬਾਰੇ ਜਾਣਕਾਰੀ ਦਿੱਤੀ ਅਤੇ ਆਧਾਰ ਨਾਲ ਸਬੰਧਤ ਕਾਨੂੰਨੀ ਮੁੱਦਿਆਂ ਅਤੇ ਗੋਪਨੀਯਤਾ ਚਿੰਤਾਵਾਂ ਬਾਰੇ ਚਰਚਾ ਕੀਤੀ।

# ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਤੇ ਸਾਥੀਆਂ ਨੇ ਜਿੱਤ ਦਾ ਜਸ਼ਨ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਲੁਧਿਆਣਾ ਪੱਛਮੀ ਅਤੇ ਗੁਜਰਾਤ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ 'ਆਪ' ਉਮੀਦਵਾਰਾਂ ਦੀ ਪ੍ਰਚੰਡ ਜਿੱਤ ਦੀ ਖੁਸ਼ੀ ਨੂਰਮਹਿਲ ਵਿੱਚ ਵੀ ਮਨਾਈ ਗਈ। ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਲਖਵੀਰ ਸਿੰਘ ਉਰਫ਼ ਸ਼ੀਰ ਉੱਪਲ ਦੀ ਅਗਵਾਈ ਹੇਠ ਪੁਰਾਣੇ ਬੱਸ ਸਟੈਂਡ 'ਤੇ ਢੋਲ ਦੀ ਥਾਪ 'ਤੇ ਭੰਗੜਾ ਪਾਇਆ ਗਿਆ ਅਤੇ ਲੱਡੂ ਵੰਡੇ ਗਏ। ਲੁਧਿਆਣਾ ਵਿੱਚ ਸੰਜੀਵ ਅਰੋੜਾ ਦੀ ਜਿੱਤ 'ਤੇ ਬੋਲਦਿਆਂ 'ਆਪ' ਆਗੂਆਂ ਨੇ ਕਿਹਾ ਕਿ ਸਰਕਾਰ ਦੀਆਂ ਨੀਤੀਆਂ 'ਤੇ ਮੋਹਰ ਹੈ। ਲੋਕ ਸਰਕਾਰ ਤੋਂ ਖੁਸ਼ ਹਨ ਅਤੇ 2027 ਵਿੱਚ ਵੀ ਪੰਜਾਬ ਵਿੱਚ 'ਆਪ' ਦਾ ਝੰਡਾ ਪ੍ਰਚੰਡ ਰੂਪ ਵਿੱਚ ਗੱਡਿਆ ਜਾਵੇਗਾ। ਅਸੀਂ ਆਪਣੇ ਹਲਕੇ ਦੇ ਹਰ ਘਰ ਵਿੱਚ ਪਾਰਟੀ ਦੀਆਂ ਨੀਤੀਆਂ ਨੂੰ ਲੈ ਕੇ ਜਾਣ ਲਈ ਵਚਨਬੱਧ ਹਾਂ। ਇਸ ਖੁਸ਼ੀ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਲਖਵੀਰ ਸਿੰਘ ਉਰਫ਼ ਸ਼ੀਰ ਉੱਪਲ, ਸੀਨੀਅਰ ਆਗੂ ਮਨਜੀਤ ਸਿੰਘ ਕੰਦੋਲਾ, ਜਸਵੀਰ ਸਿੰਘ ਸੰਗੋਵਾਲ, ਸੰਦੀਪ ਉਰਫ਼ ਸ਼ਾਲੂ ਤਕਿਆਰ, ਦਵਿੰਦਰ ਸੰਧੂ, ਸੀਨੀਅਰ ਆਗੂ ਸੁਖਦੇਵ ਲਗਾਹ, ਕਰਨੈਲ ਰਾਮ ਬਾਲੂ, ਨਰਿੰਦਰ ਕੌਰ, ਰਾਕੇਸ਼ ਅਰੋੜਾ, ਸਾਹਿਲ ਮੈਹਨ, ਦੀਪੂ ਜੌਹਰ, ਅਜੀਤ ਸਿੱਧਮ ਹਾਜ਼ਰ ਸਨ।

# ਖੋਜਕੀਪੁਰ 'ਚ ਹੀਰ ਗੋਤ ਜਠੇਰਿਆਂ ਦਾ ਸਾਲਾਨਾ ਮੇਲਾ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**- ਨਜਦੀਕੀ ਪਿੰਡ ਖੋਜਕੀਪੁਰ ਵਿਖੇ ਹੀਰ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ ਅਤੇ ਨਗਰ ਨਿਵਸੀ ਹੀਰ ਪਰਵਾਰਾਂ ਵਲੋਂ ਬਹੁਤ ਹੀ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਦੇ ਜਾਪ ਕਰਵਾਏ ਗਏ। ਉਪਰੰਤ ਦੀਵਾਨ ਸਜਾਏ ਗਏ ਜਿਸ ਦੌਰਾਨ ਭਾਈ ਧਰਮਿੰਦਰ ਸਿੰਘ ਤੇ ਮਨਵੀਰ ਸਿੰਘ ਦੇ ਕੀਰਤਨੀ ਜੱਥੇ ਵਲੋਂ ਸੰਗਤ ਨੂੰ ਗੁਰਬਾਣੀ ਕੀਰਤਨ ਕਰ ਨਿਹਾਲ ਕੀਤਾ ਗਿਆ । ਠੰਢੇ ਮਿੱਢੇ ਜਲ ਦੀ ਛਬੀਲ, ਚਾਹ ਪਕੌੜਿਆਂ ਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਸੇਵਾਦਾਰ ਸਾਬਕਾ ਸਰਪੰਚ ਤੁਲਸੀ ਰਾਮ ਹੀਰ, ਸਾਬਕਾ ਸਰਪੰਚ ਗੁਰਦੇਵ ਕੋਰ ਹੀਰ, ਪਰਮਜੀਤ ਕੌਰ ਰਾਕੇਸ਼ ਕੁਮਾਰ ਹੀਰ ਸਰਪੰਚ ਮਨਪ੍ਰੀਤ ਕੌਰ ਹੀਰ, ਮਲਕੀਤ ਸਿੰਘ ਹੀਰ, ਅਮਰਜੀਤ ਸਿੰਘ ਹੀਰ, ਮਨਜੀਤ ਸਿੰਘ ਹੀਰ, ਪਰਮਜੀਤ ਸਿਘ ਹੀਰ, ਰਾਵਿੰਦਰ ਸਿੰਘ ਹੀਰ, ਕਮਲਜੀਤ ਹੀਰ, ਅਮਰੀਕ ਹਿੰਘ ਹੀਰ, ਸਰਬਜੀਤ ਸਿੰਘ ਹੀਰ, ਜਸਕਰਨ ਸਿੰਘ ਹੀਰ, ਮੋਹਿਤ ਹੀਰ, ਰੋਹਿਤ ਹੀਰ ਗਗਨਦੀਪ ਹੀਰ, ਲਵਪ੍ਰੀਤ ਹੀਰ, ਖੁਸਹਾਲ ਹੀਰ, ਰਣਜੀਤ ਸਿੰਘ ਹੀਰ ਅਤੇ ਨਗਰ ਨਿਵਾਸੀ ਹਾਜਰ ਰਹੇ।

# ਮਹਿਲਾ ਸੁਰੱਖਿਆ ਲਈ ਪਬਲਿਕ ਟ੍ਰਾਂਸਪੋਰਟ ਵਾਹਨਾਂ 'ਚ ਲੱਗੇਗਾ ਵਾਹਨ ਸਥਾਨ ਟ੍ਰੈਕਿੰਗ ਡਿਵਾਇਸ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਸੂਬੇ ਵਿੱਚ ਮਹਿਲਾਵਾਂ ਤੇ ਬੱਚਿਆਂ ਦੀ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਦੇ ਹੋਏ ਸੂਬੇ ਦੇ ਸਾਰੇ ਪਬਲਿਕ ਟ੍ਰਾਂਸਪੋਰਟ ਵਾਹਨਾਂ ਨੂੰ ਵਾਹਨ ਸਥਾਨ ਟ੍ਰੈਕਿੰਗ ਡਿਵਾਇਸ (ਬੀ ਐਲ ਟੀ ਡੀ) ਨਾਲ ਲੈਸ ਕੀਤਾ ਜਾਵੇਗਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਇੱਥੇ ਹੋਈ ਟ੍ਰਾਂਸਪੋਰਟ ਵਿਭਾਗ ਦੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਵੀ ਮੌਜੂਦ ਰਹੇ।ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਯੋਜਨਾ ਨੂੰ ਸਮੇਂਬੱਧ ਢੰਗ ਨਾਲ ਲਾਗੂ ਕੀਤਾ ਜਾਵੇ ਅਤੇ ਟਾਇਮਲਾਈਨ ਤੈਅ ਕੀਤੀ ਜਾਵੇ। ਮੀਟਿੰਗ ਵਿੱਚ ਦੱਸਿਆ ਗਿਆ ਕਿ ਬੀ ਐਲ ਟੀ ਡੀ ਪ੍ਰਣਾਲੀ ਸੜਕ ਟ੍ਰਾਂਸਪੋਰਟ ਅਤੇ ਰਾਜਮਾਰਗ ਮੰਤਰਾਲੇ, ਭਾਰਤ ਸਰਕਾਰ ਵੱਲੋਂ ਨਿਰਭਯਾ ਫ੍ਰੇਕਵਰਕ ਦੇ ਤਹਿਤ ਵਿਕਸਿਤ ਕੀਤੀ ਗਈ ਹੈ। ਇਸ ਦਾ ਉਦੇਸ਼ ਪਬਲਿਕ ਟ੍ਰਾਂਸਪੋਰਟ ਪ੍ਰਣਾਲੀ ਨੂੰ ਸੁਰੱਖਿਅਤ, ਪਾਰਦਰਸ਼ੀ ਅਤੇ ਤਕਨੀਕੀ ਰੂਪ ਨਾਲ ਸਮਰੱਥ ਬਨਾਉਣਾ ਹੈ, ਜੋ ਮੌਜੂਦਾ ਸਮੇਂ, ਸਥਾਨ, ਡੇਟਾ ਅਤੇ ਐਮਰਜੈਂਸੀ ਚੇਤਾਵਨੀ ਸਹੂਲਤਾਂ ਪ੍ਰਦਾਨ ਕਰਦੀ ਹੈ।ਮੀਟਿੰਗ ਵਿੱਚ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਕੁਮਾਰ ਗੁਪਤਾ, ਟ੍ਰਾਂਸਪੋਰਟ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਟੀ ਐਲ ਸਤਿਆਪ੍ਰਕਾਸ਼, ਟ੍ਰਾਂਸਪੋਰਟ ਕਮਿਸ਼ਨਰ ਅਤੁਲ ਕੁਮਾਰ, ਸੂਚਨਾ, ਜਨਸੰਪਰਕ, ਭਾਸ਼ਾ ਅਤੇ ਸੱਭਿਆਚਾਰ ਵਿਭਾਗ ਦੇ ਮਹਾਨਿਦੇਸ਼ਕ ਕੇ ਮਕਰੰਦ ਪਾਂਡੂਰੰਗ, ਸਟੇਟ ਟ੍ਰਾਂਸਪੋਰਟ ਦੇ ਮਹਾਨਿਦੇਸ਼ਕ ਸ੍ਰੀ ਸੁਜਾਨ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਇਕ ਹੋਰ ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ ਨੂੰ ਢਾਹਿਆ

**ਜਲੰਧਰ (ਸੁਰਿੰਦਰ ਕੁਮਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਾ



ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇਕ ਹੋਰ ਨਸ਼ਾ ਤਸਕਰ ਦੀ ਅਣ-ਅਧਿਕਾਰਤ ਉਸਾਰੀ ਨੂੰ ਢਾਹਿਆ ਗਿਆ ਹੈ।ਇਹ ਕਾਰਵਾਈ ਨਗਰ ਨਿਗਮ ਜਲੰਧਰ ਵੱਲੋਂ ਕਮਿਸ਼ਨਰੇਟ ਪੁਲਸ ਦੇ ਸਹਿਯੋਗ ਨਾਲ ਸਥਾਨਕ ਉਪਕਾਰ ਨਗਰ ਵਿੱਚ ਅਮਲ ਵਿੱਚ ਲਿਆਂਦੀ ਗਈ।ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਨਗਰ ਨਿਗਮ ਜਲੰਧਰ ਨੂੰ ਕੁਲਵੰਤ ਸਹੋਤਾ ਵਾਸੀ ਉਪਕਾਰ ਨਗਰ, ਜਿਸ ਖਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਵਿੱਚ 5 ਮੁਕੱਦਮੇ ਦਰਜ ਹਨ, ਵੱਲੋਂ ਇਕ ਗੈਰ-ਕਾਨੂੰਨੀ ਉਸਾਰੀ ਬਾਰੇ ਸੂਚਨਾ ਮਿਲੀ ਸੀ।ਉਨ੍ਹਾਂ ਦੱਸਿਆ ਕਿ ਸਹਾਇਕ ਕਮਿਸ਼ਨਰ ਪੁਲਿਸ ਕੇਂਦਰੀ ਅਮਨਦੀਪ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮਾਂ ਨੇ ਡਿਊਟੀ ਮੈਜਿਸਟ੍ਰੇਟ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਤੁਰੰਤ ਹਰਕਤ ਵਿੱਚ ਆਉਂਦਿਆਂ ਅਣ-ਅਧਿਕਾਰਤ ਉਸਾਰੀ ਨੂੰ ਢਾਹ ਦਿੱਤਾ।

# ਮੋਬਾਇਲ, ਰੈਡੀਮੇਡ ਤੇ ਸ਼ੂ ਸਟੋਰ ਐਸੋਸੀਏਸ਼ਨ 27 ਤੋਂ 29 ਤੱਕ ਦੁਕਾਨਾਂ ਬੰਦ ਰੱਖੇਗੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਮੋਬਾਇਲ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ, ਉਨ੍ਹਾਂ ਦੇ ਬਣਦੇ ਹੱਕ ਉਨ੍ਹਾਂ ਨੂੰ ਦਿਵਾਉਣ ਅਤੇ 27 ਤੋਂ 29 ਜੂਨ ਤੱਕ ਦੁਕਾਨਾਂ ਬੰਦ ਰੱਖਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੋਬਾਇਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਨਵੀਨ ਟੈਲੀਕੋਮ ਦੇ ਐਮ.ਡੀ ਨਵੀਨ ਕੁਮਾਰ ਵਰਮਾ ਦੀ ਅਗਵਾਈ ਵਿੱਚ ਟਾਂਡਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਸਤਿਕਰਤਾਰ ਮੋਬਾਇਲ ਦੇ ਐਮ.ਡੀ ਜਸਵਿੰਦਰ ਸਿੰਘ ਜੱਸੀ ਤੋਂ ਇਲਾਵਾ ਸਮੂਹ ਐਸੋਸੀਏਸ਼ਨ ਮੈਂਬਰਾਂ ਨੇ ਭਾਗ ਲਿਆ।ਮੀਟਿੰਗ 'ਚ ਸ਼ਾਮਲ ਅਰੋੜਾ ਮੋਬਾਇਲ ਦੇ ਐਮ.ਡੀ ਅਜੇ ਕੁਮਾਰ, ਸਿੰਘ ਮੋਬਾਇਲ ਦੇ ਐਮ.ਡੀ ਕਰਨਵੀਰ ਸਿੰਘ, ਮਲੋਤਰਾ ਟੈਲੀਕੋਮ ਦੇ ਐਮ ਡੀ ਸ਼ਿਵਮ ਮਲਹੋਤਰਾ ਅਤੇ ਸੋਬਤੀ ਟੈਲੀਕਾਮ ਦੇ ਐਮ.ਡੀ ਮਹੇਸ਼ ਸੋਬਤੀ ਤੋਂ ਇਲਾਵਾ ਹੋਰ ਐਸੋਸੀਏਸ਼ਨ ਦੇ ਮੈਂਬਰਾਂ ਨੇ ਦਰਪੇਸ਼ ਔਕੜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਰੈਡੀਮੇਡ ਗਾਰਮੈਂਟ ਅਤੇ ਬੂਟ ਸ਼ਾਪ ਯੂਨੀਅਨ ਅੱਡਾ ਟਾਂਡਾ ਦੇ



ਪ੍ਰਧਾਨ ਜਗਦੀਪ ਪਲਟਾ ਅਤੇ ਸਮੂਹ ਮੋਬਾਈਲ ਐਸੋਸੀਏਸ਼ਨ ਮੈਂਬਰਾਂ ਨੇ ਸਰਬਸੰਮਤੀ ਨਾਲ 27 ਜੂਨ ਤੋਂ 29 ਜੂਨ ਤੱਕ ਆਪਣੀਆਂ ਦੁਕਾਨਾਂ ਬੰਦ ਰੱਖਣ ਦਾ ਪ੍ਰਧਾਨ ਨੂੰ ਭਰੋਸਾ ਦਿੱਤਾ। ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਜਸਵਿੰਦਰ ਸਿੰਘ ਜੱਸੀ ਨੇ ਕਿਹਾ ਕਿ ਮਾਨ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੋਈ ਵਿਅਕਤੀ ਮੋਬਾਈਲ ਵੇਚਣ ਕਿਸੇ ਮੋਬਾਇਲ ਦੁਕਾਨ 'ਤੇ ਆਵੇ ਤਾਂ ਉਸ ਪਾਸੋਂ ਉਸ ਦੀ ਆਧਾਰ ਕਾਰਡ ਦੀ ਕਾਪੀ ਜ਼ਰੂਰ ਲਈ ਜਾਵੇ। ਉਨ੍ਹਾਂ ਕਿਹਾ ਕਿ ਹੁਣ ਉਹ ਗ੍ਰਾਹਕ ਆਪਣਾ ਮੋਬਾਈਲ ਵੇਚ ਰਿਹਾ ਹੈ ਜਾਂ ਫਿਰ ਚੋਰੀ ਦਾ ਦੁਕਾਨਦਾਰ ਨੂੰ ਕਿਵੇਂ ਪਤਾ ਚੱਲ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੁਕਾਨਦਾਰ ਵੱਲੋਂ ਖਰੀਦਿਆ ਹੋਇਆ ਮੋਬਾਈਲ ਚੋਰੀ ਦਾ ਹੋਵੇ ਤਾਂ ਪੁਲਸ ਆ ਕੇ ਉਹ ਮੋਬਾਇਲ ਫੋਨ ਲੈ ਕੇ ਹੋਰ ਕਈ ਪ੍ਰਕਾਰ ਦੀਆਂ ਪਰੇਸ਼ਾਨੀਆਂ ਪੈਦਾ ਕਰ ਦਿੰਦੀ ਹੈ ਅਤੇ ਅਸਲੀ ਮੁਜਰਮ ਨੂੰ ਨਹੀਂ ਫੜਦੀ। ਉਨ੍ਹਾਂ ਮਾਨ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹੋਏ ਕਿਹਾ ਕਿ ਮੋਬਾਇਲ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਪੁਲਿਸ ਪ੍ਰਸ਼ਾਸਨ ਨੂੰ ਇਹ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਜਿਹੜੇ ਮੋਬਾਇਲ ਦੁਕਾਨਦਾਰ ਸਰਕਾਰੀ ਹਦਾਇਤਾਂ ਨੂੰ ਪੂਰਾ ਕਰਕੇ ਗ੍ਰਾਹਕ ਪਾਸੋਂ ਖਰੀਦ ਕਰਦੇ ਹਨ ਉਨ੍ਹਾਂ ਦੁਕਾਨਦਾਰਾਂ ਨੂੰ ਪੁਲਸ ਪ੍ਰਸ਼ਾਸਨ ਪਰੇਸ਼ਾਨ ਨਾ ਕਰੇ ਅਤੇ ਅਸਲ ਦੋਸ਼ੀ ਖ਼ਿਲਾਫ਼ ਕਾਰਵਾਈ ਕਰੇ ਤਾਂ ਜੋ ਮੋਬਾਇਲ ਦੁਕਾਨਦਾਰਾਂ ਨੂੰ ਪਰੇਸ਼ਾਨੀਆਂ ਤੋਂ ਰਾਹਤ ਮਿਲ ਸਕੇ।

26-JUNE-PAGE-3.qxd 6/25/2025 10:36 PM Page 2



# ਭਵਿੱਖ 'ਚ ਹੜ੍ਹਾਂ ਦੇ ਖ਼ਤਰੇ ਨੂੰ ਦੇਖਦਿਆਂ ਲੋਕਾਂ ਖੁਦ ਬਚਾਅ ਲਈ ਖਿੱਚੀ ਤਿਆਰੀ

**ਪਟਿਆਲਾ/ਸਨੌਰ (ਰਜਿੰਦਰ ਸਿੰਘ ਥਿੰਦ):** ਜ਼ਿਲ੍ਹਾ ਪ੍ਰਸ਼ਾਸਨ ਦੀ ਪਟਿਆਲਵੀਆਂ ਪ੍ਰਤੀ ਖਾਮੋਸ਼ੀ ਕਾਰਨ ਭਾਰੀ ਬਰਸਾਤਾਂ ਦੇ ਚਲਦੇ ਹੜ੍ਹ ਦੇ ਡਰ ਵਜੋਂ ਹੁਣ ਲੋਕਾਂ ਨੇ ਰੇਤੇ ਦੇ ਥੈਲੇ ਭਰ ਕੇ



ਆਪਣੇ ਘਰਾਂ ਦੇ ਗੇਟਾਂ ਅੱਗੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਮੌਸਮ ਵਿਭਾਗ ਵੱਲੋਂ ਭਾਰੀ ਬਰਸਾਤ ਦੇ ਅਲਰਟ ਕਾਰਨ ਲੋਕਾਂ 'ਚ ਡਰ ਦਾ ਮਾਹੌਲ ਹੈ। 10 ਜੁਲਾਈ 2023 ਨੂੰ ਹੜ੍ਹਾਂ ਨਾਲ ਪਟਿਆਲਾ ਡੁੱਬ ਗਿਆ ਸੀ। ਅਰਬਨ ਅਸਟੇਟ ਦੇ ਖੇਤਰਾਂ 'ਚ ਭਾਰੀ ਨੁਕਸਾਨ ਕੀਤਾ ਸੀ। ਇਸ ਖੇਤਰ ਵਿਚ ਪਾਣੀ ਨੇ ਭਾਰੀ ਤਬਾਹੀ ਮਚਾਈ ਸੀ। ਅਰਬਨ ਅਸਟੇਟ ਫੇਸ-2 ਵਿਚ ਇਸ ਵਾਰ ਬਹੁਤ ਸਾਰੇ ਘਰਾਂ ਨੇ ਆਪਣੇ ਘਰਾਂ ਦੇ ਅੰਦਰ ਹੜ੍ਹ ਰੋਕੂ ਇੰਤਜ਼ਾਮ ਕਰਨੇ ਸ਼ੁਰੂ ਕਰ ਦਿੱਤੇ ਹਨ। ਲੋਕਾਂ ਨੇ ਆਪਣੇ ਗੇਟਾਂ ਅੱਗੇ ਜਿੱਥੇ ਮਿੱਟੀ ਅਤੇ ਰੇਤੇ ਨਾਲ ਭਰੇ ਹੋਏ ਥੈਲੇ ਲਾ ਲਏ ਹਨ, ਉੱਥੇ ਘਰਾਂ ਅੰਦਰ ਇਨ੍ਹਾਂ ਨੂੰ ਸਟੋਰ ਕਰ ਕੇ ਰੱਖਿਆ ਹੈ ਤਾਂ ਜੋ ਕਿਸੇ ਵੀ ਸੰਕਟ ਦਾ ਮੁਕਾਬਲਾ ਕੀਤਾ ਜਾ ਸਕੇ। ਲੋਕਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਤੋਂ ਭਰੋਸਾ ਉੱਠ ਗਿਆ ਹੈ ਤੇ ਵਿਸ਼ਵਾਸ ਪੂਰੀ ਤਰ੍ਹਾਂ ਉੱਠ ਚੁਕਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਪਿਛਲੀ ਵਾਰ ਵੀ ਹੜ੍ਹ 'ਚ ਉਨ੍ਹਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਸੀ। ਇਸ ਵਾਰ ਅਜੇ ਤੱਕ ਨਦੀ ਦੀ ਸਫਾਈ ਹੀ ਨਹੀਂ ਹੋਈ। ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਦੀ ਛੋਟੀ ਤੇ ਵੱਡੀ ਨਦੀ ਦਾ ਦੌਰਾ ਕਰ ਕੇ ਡਰੇਨੇਜ ਵਿਭਾਗ ਵੱਲੋਂ ਕੀਤੇ ਜਾ ਰਹੇ ਹੜ੍ਹ ਰੋਕੂ ਕੰਮਾਂ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਰੇਨੇਜ ਵਿਭਾਗ ਦੇ ਨਿਗਰਾਨ ਇੰਜੀਨੀਅਰ ਰਜਿੰਦਰ ਘਈ, ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ। ਲਗਾਤਾਰ ਰੋਜ਼ਾਨਾ ਮੌਸਮ ਤੇ ਨਦੀਆਂ 'ਚ ਪਾਣੀ ਦੀ ਗੇਜ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਫ਼ਵਾਹਾਂ 'ਤੇ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਪਟਿਆਲਾ 'ਚ ਅਜਿਹੀ ਕੋਈ ਡਰਨ ਵਾਲੀ ਸਥਿਤੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਵੇਦਨਸ਼ੀਲ ਸਥਾਨਾਂ ਦੀ ਸਫ਼ਾਈ ਦੇ ਨਾਲ-ਨਾਲ ਸਾਰੀ ਨਦੀ ਦੀ ਸਫ਼ਾਈ ਵੀ ਮੁਕੰਮਲ ਕਰਵਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੋ ਨਦੀ 'ਚ ਬੂਟੀ ਆਉਂਦੀ ਹੈ, ਉਹ ਪਿੱਛੇ ਸਫ਼ਾਈ ਦਾ ਕੰਮ ਚੱਲਦਾ ਹੋਣ ਕਰ ਕੇ ਅੱਗੇ ਆ ਰਹੀ ਹੈ ਅਤੇ ਜਿਵੇਂ-ਜਿਵੇਂ ਸਫ਼ਾਈ ਦਾ ਕੰਮ ਪਿੱਛੇ ਮੁਕੰਮਲ ਹੁੰਦਾ ਜਾ ਰਿਹਾ ਹੈ, ਉਸੇ ਤਰ੍ਹਾਂ ਅੱਗੇ ਸਫ਼ਾਈ ਹੋ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਭਾਰਤ ਵਿਕਾਸ ਪ੍ਰੀਸ਼ਦ ਨੇ 3 ਦਿਨਾ ਯੋਗ ਕੈਂਪ ਲਗਾਇਆ

**ਨਾਭਾ (ਵਰਿੰਦਰ ਵਰਮਾ)-** ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਹੀਰਾ ਇਨਕਲੇਵ (ਪੁੱਡਾ ਕਲੋਨੀ) ਵਿਖੇ 3 ਦਿਨ ਯੋਗ ਕੈਂਪ ਲਗਾਇਆ ਗਿਆ। ਇਸ ਵਿੱਚ ਐਡਵੋਕੇਟ ਕੈਸ਼ੀਅਰ ਅਸ਼ਵਨੀ ਮਦਾਨ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ 2014 ਵਿੱਚ ਯੋਗ ਦਿਵਸ ਮਨਾਉਣ ਦਾ ਪ੍ਰਸਤਾਵ ਰੱਖਿਆ ਗਿਆ। ਜਿਸ ਦੀ ਸ਼ੁਰੂਆਤ 2015 ਵਿੱਚ ਆਰੰਭ ਹੋ ਗਈ। ਹਰ ਸਾਲ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਯੋਗਾ ਸਾਨੂੰ ਆਪਣੀਆਂ ਸਾਰੀਆਂ ਮਾਸਪੇਸ਼ੀਆਂ ਨੂੰ ਵੱਖ-ਵੱਖ ਤਰੀਕਿਆਂ ਨਾਲ ਜੋੜਨਾ ਸਿਖਾ ਕੇ ਸਰੀਰਕ ਤਾਕਤ ਦਾ ਵਿਕਾਸ ਕਰਦਾ ਹੈ। ਉਨ੍ਹਾਂ ਕਿਹਾ ਕਿ ਖੜ੍ਹੇ, ਬੈਠਣ ਜਾਂ ਲੇਟ ਕੇ, ਹਰੇਕ ਆਸਣ ਵੱਖ-ਵੱਖ ਮਾਸਪੇਸ਼ੀਆਂ ਦੀ ਜਾਂਚ ਕਰ ਸਕਦਾ ਹੈ, ਨਾਲ ਹੀ ਯੋਗਾ ਸਾਨੂੰ ਸਾਡੇ ਸਰੀਰ ਬਾਰੇ ਜਾਗਰੂਕ ਹੋਣ ਵਿੱਚ ਮਦਦ ਕਰਦਾ ਹੈ।



ਉਨ੍ਹਾਂ ਕਿਹਾ ਕਿ ਯੋਗ ਤੁਹਾਡੀ ਰਚਨਾਤਮਕਤਾ ਨੂੰ ਵਧਾਉਣ ਦਾ ਇੱਕ ਸ਼ਾਨਦਾਰ ਤਰੀਕਾ ਹੈ। ਸੰਗੀਤ, ਧੁਨੀ ਅਤੇ ਕਹਾਣੀ ਸੁਣਾਉਣ ਦੀ ਵਰਤੋਂ ਆਮ ਤੌਰ 'ਤੇ ਲੋਕਾਂ ਨੂੰ ਯੋਗ ਅਤੇ ਧਿਆਨ ਦੀਆਂ ਤਕਨੀਕਾਂ ਸਿਖਾਉਣ ਲਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਵੇਰੇ ਜਲਦੀ ਯੋਗਾ ਕਰਨਾ ਫਾਇਦੇਮੰਦ ਹੁੰਦਾ ਹੈ। ਹਰ ਰੋਜ਼ ਕੁਝ ਮਿੰਟਾਂ ਦਾ ਯੋਗਾ ਤੁਹਾਨੂੰ ਦਿਨ ਭਰ ਤਾਜ਼ਾ ਅਤੇ ਊਰਜਾ ਨਾਲ ਭਰਪੂਰ ਰੱਖੇਗਾ। ਇਹ ਸਰੀਰ ਵਿੱਚੋਂ ਆਲਸ ਨੂੰ ਦੂਰ ਕਰਦਾ ਹੈ। ਵਿਨੋਦ ਗੁਪਤਾ, ਮੈਡਮ ਜਸਵੀਰ ਕੌਰ, ਮੈਡਮ ਲਲਿਤਾ ਵਰਮਾ ਅਤੇ ਮੈਡਮ ਸੁਨੀਤਾ ਸਿੰਗਲਾ ਵੱਲੋਂ 130 ਦੇ ਕਰੀਬ ਯੋਗਾ ਕਰਨ ਵਾਲਿਆਂ ਨੂੰ ਸਰੀਰ ਦੀ ਤੰਦਰੁਸਤੀ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਇਕਾਈ ਦੇ ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ ਅਤੇ ਇਸ ਮੌਕੇ ਕਲੋਨੀ ਪ੍ਰਧਾਨ ਮੁਨੀਸ਼ ਸ਼ਰਮਾ, ਰਾਜੇਸ਼ ਅਗਰਵਾਲ, ਸੁਮੀਤ ਬਾਂਸਲ, ਰਾਹੁਲ ਕੁਮਾਰ, ਅਨਿਲ ਕੁਮਾਰ, ਐਡਵੋਕੇਟ ਹਰ ਭਗਵਾਨ ਦਾਸ, ਹੀਨਾ ਸਿੰਗਲਾ, ਰਾਜੇਸ਼ ਸਿੰਗਲਾ, ਨੂਤਨ ਕੌਸ਼ਿਕ, ਸੰਜੀਵ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਲੋਨੀ ਵਾਸੀ ਹਾਜ਼ਰ ਸਨ।

# ਕਰੋਨਾ ਮਾਮਲੇ 'ਚ ਸਾਵਧਾਨੀਆਂ ਵਰਤਣ ਦੀ ਸਲਾਹ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਦੇਸ਼ ਦੇ ਕੁੱਝ ਹਿੱਸਿਆਂ ਵਿੱਚ ਕੋਵਿਡ-19 ਮਾਮਲਿਆਂ 'ਚ ਵਾਧਾ ਦੇਖਦੇ ਹੋਏ ਸਿਹਤ ਵਿਭਾਗ ਵੱਲੋਂ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਦੀ ਨਿਗਰਾਨੀ ਵਿੱਚ ਜ਼ਿਲ੍ਹਾ ਐਪੀਡੈਮੋਲੋਜਿਸਟ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਕੁਝ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਗਈ ਹੈ। ਡਾਕਟਰ ਸੁਨੀਤਾ ਕੰਬੋਜ ਜ਼ਿਲ੍ਹਾ ਐਪੀਡੈਮੋਲੋਜਿਸਟ ਨੇ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਕਿਹਾ ਕਿ ਜ਼ਿਲ੍ਹਾ ਫ਼ਾਜ਼ਿਲਕਾ ਵਿੱਚ ਅਜੇ ਕੋਈ ਵੀ ਕੇਸ ਰਿਪੋਰਟ ਨਹੀਂ ਹੋਇਆ, ਪਰ ਸਿਹਤ ਵਿਭਾਗ ਪੂਰੀ ਤਿਆਰੀ ਵਿੱਚ ਹੈ, ਫਿਰ ਵੀ ਨਾਗਰਿਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੰਕਰਮਣ ਦੇ ਫੈਲਾਅ ਨੂੰ ਰੋਕਣ ਲਈ ਮੁੱਢਲੀ ਸੁਰੱਖਿਆ ਲਈ ਸਾਵਧਾਨੀਆਂ ਅਪਣਾਉਣ। ਉਨ੍ਹਾਂ ਦੱਸਿਆ ਕਿ ਵੱਡੀ ਉਮਰ ਦੇ ਵਿਅਕਤੀ, ਗਰਭਵਤੀ ਔਰਤਾਂ, ਬਿਮਾਰ ਜਾਂ ਕਮਜ਼ੋਰ ਰੋਗ ਪ੍ਰਤੀਰੋਧਕ ਸਮਰੱਥਾ ਵਾਲੇ ਲੋਕ ਭੀੜ ਵਾਲੀਆਂ ਥਾਂਵਾਂ 'ਤੇ ਜਾਣ ਤੋਂ ਪ੍ਰਹੇਜ਼ ਕਰਨ ਜਾਂ ਮਾਸਕ ਪਹਿਨ ਕੇ ਜਾਣ।ਖੰਘਣ ਜਾਂ ਛਿੱਕਣ ਸਮੇਂ ਆਪਣੇ ਮੂੰਹ ਅਤੇ ਨੱਕ ਨੂੰ ਰੁਮਾਲ, ਟਿਸ਼ੂ ਜਾਂ ਕੂਹਣੀ ਦੇ ਮੋੜ ਨਾਲ ਢੱਕੋ।

# ਪੰਜਾਬ ਐਂਡ ਸਿੰਧ ਬੈਂਕ ਦਾ 118ਵਾਂ ਸਥਾਪਨਾ ਦਿਵਸ ਮਨਾਇਆ

**ਅੰਮ੍ਰਿਤਸਰ (ਅਰੋੜਾ)-** ਪੰਜਾਬ ਐਂਡ ਸਿੰਧ ਬੈਂਕ ਦਾ 118ਵਾਂ ਸਥਾਪਨਾ ਦਿਵਸ ਛੇਹਰਟਾ ਬ੍ਰਾਂਚ ਦੇ ਸੀਨੀਅਰ ਮੈਨੇਜਰ ਕਰਨੇਸ਼ ਕੁਮਾਰ ਦੀ ਪ੍ਰਧਾਨਗੀ ਵਿੱਚ ਬੜੇ ਹੀ ਵਿਧੀ ਵਿਧਾਨ ਨਾਲ ਮਨਾਇਆ।ਸਭ ਤੋਂ ਪਹਿਲਾਂ ਭਾਰਤੀ ਸੱਭਿਅਤਾ ਦੇ ਅਨੁਸਾਰ ਪੰਜਾਬੀ ਸੰਸਕ੍ਰਿਤੀ ਨੂੰ



ਕਾਇਮ ਰੱਖਦੇ ਹੋਏ ਸਾਰੇ ਮੌਜੂਦ ਵੱਖ-ਵੱਖ ਬੈਂਕਾਂ ਦੇ ਅਧਿਕਾਰੀਆਂ ਅਤੇ ਸਟਾਫ਼ ਨੇ ਮਿਲ ਕੇ ਕੇਕ ਕੱਟਣ ਦੀ ਰਸਮ ਅਦਾ ਕੀਤੀ।ਉਸ ਤੋਂ ਬਾਅਦ ਸੀਨੀਅਰ ਮੈਨੇਜਰ ਕਰਨੇਸ਼ ਕੁਮਾਰ ਨੇ ਆਏ ਹੋਏ ਵੱਖ-ਵੱਖ ਬ੍ਰਾਂਚਾਂ ਦੇ ਅਧਿਕਾਰੀਆਂ ਅਤੇ ਸਟਾਫ਼ ਦਾ ਸਵਾਗਤ ਕੀਤਾ। ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਡੀ. ਜੀ. ਐੱਮ. ਰਸਜੀਤ ਸਿੰਘ ਖੇੜਾ ਅਤੇ ਸੀਨੀਅਰ ਮੈਨੇਜਰ ਨੇ ਦੱਸਿਆ ਕਿ ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ ਪੰਜਾਬ ਦੇ ਤਿੰਨ ਬੁੱਧੀਜੀਵੀਆਂ ਵੱਲੋਂ ਕੀਤੀ ਗਈ ਜਿਨ੍ਹਾਂ ਦੇ ਨਾਮ ਤਰਲੋਚਨ ਸਿੰਘ, ਸੁੰਦਰ ਸਿੰਘ ਮਜੀਠੀਆ ਅਤੇ ਭਾਈ ਵੀਰ ਸਿੰਘ ਸੁਨਹਿਰੀ ਅੱਖਰਾਂ ਵਿੱਚ ਅੰਕਿਤ ਹਨ।ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਲਾ 1908 ਵਿੱਚ ਕੀਤੀ ਗਈ। ਪੂਰੇ ਭਾਰਤ ਵਿੱਚ ਇਨ੍ਹਾਂ ਦੀਆਂ 1600 ਬ੍ਰਾਂਚਾਂ, 1131 ਏ. ਟੀ. ਐੱਮ. ਹਨ। ਬੈਂਕ ਵੱਲੋਂ 13.03.2025 ਤੱਕ 1090 ਕਰੋੜ ਦਾ ਬਿਜ਼ਨਸ ਕੀਤਾ ਜਾ ਚੁੱਕਾ ਹੈ। ਛੇਹਰਟਾ ਬ੍ਰਾਂਚ ਦੇ ਵੱਲੋਂ ਇੱਕ ਸਾਦਾ ਸਮਾਗਮ ਦਾ ਆਯੋਜਨ ਵੀ ਕੀਤਾ ਗਿਆ। ਸਮਾਗਮ ਵਿੱਚ ਏ. ਜੀ. ਐੱਮ. ਕੁਲਦੀਪ ਸਿੰਘ ਭਕਨਾ, ਸੀਨੀਅਰ ਮੈਨੇਜਰ ਸੂਰਤ ਸਿੰਘ, ਰਘਬੀਰ ਸਿੰਘ, ਅਭਿਸ਼ੇਕ, ਕਿਰਨ ਕੁਮਾਰੀ, ਜਸਪਾਲ ਸਿੰਘ ਗਰੋਵਰ, ਸੁਦਰਸ਼ਨ ਸਿੰਘ, ਨਰਿੰਦਰ ਸਿੰਘ, ਸੁਖਦੇਵ ਸਿੰਘ, ਕਨਵਰਜੀਤ ਸਿੰਘ ਸੋਢੀ ਅਤੇ ਬ੍ਰਾਂਚ ਛੇਹਰਟਾ ਦੇ ਬੈਂਕ ਗਾਹਕ ਮੌਜੂਦ ਸਨ।ਸਮਾਗਮ ਦੇ ਅੰਤ ਵਿੱਚ ਬ੍ਰਾਂਚ ਮੈਨੇਜਰ ਕਰਨੇਸ਼ ਕੁਮਾਰ ਨੇ ਆਏ ਹੋਏ ਅਧਿਕਾਰੀਆਂ ਅਤੇ ਗਾਹਕਾਂ ਨੂੰ ਖਾਸ ਤੌਰ 'ਤੇ ਸਨਮਾਨਿਤ ਵੀ ਕੀਤਾ।

# ਈ ਟੀ ਟੀ ਦਾ ਨਤੀਜਾ ਸ਼ਾਨਦਾਰ ਰਿਹਾ



**ਚੀਮਾ ਮੰਡੀ (ਰਵਿੰਦਰ ਚੀਮਾ)-** ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵੀ ਆਪਣੀਆਂ ਪ੍ਰਾਪਤੀਆਂ ਰਾਹੀਂ ਹਮੇਸ਼ਾ ਸਿੱਖਿਆ ਖੇਤਰ ਵਿੱਚ ਨਵੇਂ ਮੀਲ ਪੱਥਰ ਸਥਾਪਿਤ ਕਰ ਰਿਹਾ ਹੈ। ਸੈਸ਼ਨ 2022- 24 ਸਾਲ ਦੂਜੇ ਦੇ ਸ਼ਾਨਦਾਰ ਨਤੀਜੇ ਨੇ ਇੱਕ ਵਾਰ ਫਿਰ ਸੰਸਥਾ ਦਾ ਨਾਂ ਰੋਸ਼ਨ ਕੀਤਾ ਹੈ। ਕਾਲਜ ਦੇ ਲੈਕਚਰਾਰ ਮਨਿੰਦਰ ਕੌਰ ਨੇ ਦੱਸਿਆ ਕਿ ਸੈਸ਼ਨ 2022-24 ਦੇ ਦੂਜੇ ਸਾਲ ਦੇ ਕੁੱਲ 49 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ। ਜਿਨਾਂ ਵਿੱਚੋਂ ਸੀਮਾ ਕੌਰ ਨੇ 842 ਨੰਬਰ ਲੈ ਕੇ ਪਹਿਲਾ, ਜੀਵਨ ਸਿੰਘ ਅਤੇ ਦੀਕਸ਼ਾ ਸਿੰਗਲਾ ਨੇ 840 ਨੰਬਰ ਲੈ ਕੇ ਦੂਜਾ, ਪਰਵਜੋਤ ਕੌਰ ਨੇ 836 ਨੰਬਰ ਲੈ ਕੇ ਤੀਜਾ, ਜੋਤੀ ਕੌਰ ਨੇ 832 ਨੰਬਰ ਲੈ ਕੇ ਚੌਥਾ, ਜਸਵੀਰ ਸਿੰਘ ਨੇ 825 ਅੰਕ ਲੈ ਕੇ ਪੰਜਵਾਂ, ਅਮਨਦੀਪ ਕੌਰ ਨੇ 823 ਨੰਬਰ ਲੈ ਕੇ ਛੇਵਾਂ, ਸਿਮਰਨ ਪ੍ਰੀਤਕੌਰ ਨੇ 820 ਨੰਬਰ ਲੈ ਕੇ ਸੱਤਵਾਂ, ਮਨਦੀਪ ਕੌਰ ਨੇ 815 ਲੈ ਕੇ ਅੱਠਵਾਂ, ਰੋਸ਼ਨੀ ਨੇ 813 ਅੰਕ ਲੈ ਕੇ ਨੌਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਲੈਕਚਰਾਰ ਪ੍ਰਿਅੰਕਾ ਰਾਣੀ, ਲੈਕਚਰ ਕਮਲਦੀਪ ਸਿੰਘ, ਲੈਕਚਰਾਰ ਸੁਖਜੀਤ ਸਿੰਘ ਆਦਿ ਹਾਜ਼ਰ ਸਨ।

# ਡੀ ਸੀ ਵੱਲੋਂ ਕਿਸਾਨਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਰੀਵਿਊ

● ਫ਼ਸਲੀ ਵਿਭਿੰਨਤਾ ਲਿਆਉਣ ਲਈ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ

**ਗੁਰਦਾਸਪੁਰ, (ਦਿਨੇਸ਼ ਕੁਮਾਰ)-** ਖੇਤੀਬਾੜੀ ਅਤੇ ਸਬੰਧਿਤ ਵਿਭਾਗਾਂ ਦੁਆਰਾ ਕਿਸਾਨਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਇੱਕ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ, ਡਾ. ਰਾਜਵਿੰਦਰ ਕੌਰ ਸਹਾਇਕ ਪ੍ਰੋਫੈਸਰ, ਡਾ. ਦੀਪਤੀ, ਡਾ. ਦਵਿੰਦਰ ਸਿੰਘ ਸਹਾਇਕ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਡਾ. ਹਰਪ੍ਰੀਤ ਸਿੰਘ ਸਹਾਇਕ ਨਿਰਦੇਸ਼ਕ ਪਸ਼ੂ ਪਾਲਣ ਵਿਭਾਗ, ਦਲਜੀਤ ਸਿੰਘ ਸਹਾਇਕ ਡਾਇਰੈਕਟਰ ਮੱਛੀ ਪਾਲਣ ਵਿਭਾਗ, ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਹਰਚਰਨ ਸਿੰਘ ਕੰਗ ਭੂਮੀ ਰੱਖਿਆ ਵਿਭਾਗ, ਲਵਜੀਤ ਸਿੰਘ ਏ.ਆਰ. ਸਹਿਕਾਰੀ ਸਭਾਵਾਂ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਮਿਆਰੀ ਖਾਦਾਂ ਅਤੇ ਕੀਟ ਨਾਸ਼ਕਾਂ ਉਪਲਬਧ ਕਰਵਾਉਣ ਦੇ ਮਕਸਦ ਨਾਲ ਸੈਂਪਲਿੰਗ ਕੀਤੀ ਜਾ ਰਹੀ ਹੈ ਅਤੇ ਜਿਨ੍ਹਾਂ ਡੀਲਰਾਂ ਦੇ ਸੈਂਪਲ ਗੈਰ-ਮਿਆਰੀ ਪਾਏ ਜਾ ਰਹੇ ਹਨ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਹਿਕਾਰੀ ਸਭਾਵਾਂ ਕਿਸਾਨਾਂ ਨੂੰ 60 ਫ਼ੀਸਦੀ ਖਾਦਾਂ ਮੁਹੱਈਆ ਕਰਵਾਉਂਦੀਆਂ ਹਨ, ਜਿਸ ਦਾ ਮਿਆਰ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਸਹਿਕਾਰੀ ਸਭਾਵਾਂ ਵਿਚ ਖਾਦਾਂ ਅਤੇ ਹੋਰ ਸਮਗਰੀ ਦੀ ਵੰਡ ਪ੍ਰਣਾਲੀ ਅਤੇ ਮਿਆਰੀਪਣ ਨੂੰ ਬਰਕਰਾਰ ਰੱਖਣ ਲਈ ਮੁੱਖ ਖੇਤੀਬਾੜੀ ਅਫ਼ਸਰ ਦੀ



ਅਗਵਾਈ ਹੇਠ ਟੀਮ ਦਾ ਗਠਨ ਕੀਤਾ ਗਿਆ ਹੈ ਜੋ ਸਭਾਵਾਂ ਦੀ ਚੈਕਿੰਗ ਦੇ ਨਾਲ ਨਾਲ ਖਾਦਾਂ ਦੇ ਨਮੂਨੇ ਵੀ ਭਰੇਗੀ।ਉਨ੍ਹਾਂ ਦੱਸਿਆ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਇੱਕ ਸਾਲ ਖੇਤੀ ਸਮਗਰੀ ਵਿਕ੍ਰੇਤਾਵਾਂ ਲਈ ਖੇਤੀਬਾੜੀ ਪਸਾਰ ਸਰਵਿਸ ਵਿਚ ਡਿਪਲੋਮਾ ਮਿਤੀ 28 ਜੂਨ 2025 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦੀਆਂ 40 ਸੀਟਾਂ ਹੋਣਗੀਆਂ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਝੋਨੇ ਹੇਠੋਂ 2000 ਹੈਕ ਰਕਬਾ ਕੱਢ ਕੇ ਮੱਕੀ ਹੇਠ ਲਿਆਉਣ ਦਾ ਟੀਚਾ ਮਿਥਿਆ ਗਿਆ ਹੈ ਜਿਸ ਵਿਚੋਂ 1750 ਏਕੜ ਰਕਬੇ ਵਿੱਚ ਮੱਕੀ ਦੀ ਕਾਸ਼ਤ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 17500 ਰੁਪਏ ਬਤੌਰ ਪ੍ਰੋਤਸਾਹਨ ਰਾਸ਼ੀ ਵਜੋਂ ਦਿੱਤੇ ਜਾਣਗੇ ਅਤੇ ਮੱਕੀ ਦੀ ਖ਼ਰੀਦ ਵੀ ਯਕੀਨੀ ਬਣਾਈ ਜਾਵੇਗੀ।ਇਸੇ ਤਰਾਂ ਡਿਪਟੀ ਡਾਇਰੈਕਟਰ ਬਾਗ਼ਬਾਨੀ ਨੂੰ ਵੀ ਹਦਾਇਤ ਕੀਤੀ ਕਿ ਆਲੂ ਅਤੇ ਮਟਰਾਂ ਦੀ ਕਾਸ਼ਤ ਕਰਨ ਵਾਲੇ ਪਿੰਡਾਂ ਅਤੇ ਕਿਸਾਨਾਂ ਬਾਰੇ ਮੁਕੰਮਲ ਜਾਣਕਾਰੀ ਵੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਨ੍ਹਾਂ ਪਿੰਡਾਂ ਵਿਚ ਪਰਾਲੀ ਦੀ ਸੰਭਾਲ ਲਈ ਲੋੜੀਂਦੀ ਖੇਤੀ ਮਸ਼ੀਨਰੀ ਦਾ ਪ੍ਰਬੰਧ ਕੀਤਾ ਜਾ ਸਕੇ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਆਪੋ-ਆਪਣੇ ਟੀਚੇ ਹਰ ਹਾਲਤ ਵਿੱਚ ਮੁਕੰਮਲ ਕੀਤੇ ਜਾਣ ।ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਸਾਉਣੀ ਦੀਆਂ ਫ਼ਸਲਾਂ ਦੀਆਂ ਕਾਸ਼ਤਕਾਰੀ ਤਕਨੀਕਾਂ ਪ੍ਰਤੀ ਜਾਗਰੂਕ ਕਰਨ ਲਈ ਪਿੰਡ, ਬਲਾਕ ਪੱਧਰ ਤੇ ਕੈਂਪ ਲਗਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਮਈ ਮਹੀਨੇ ਦੌਰਾਨ 262 ਪਿੰਡ ਪੱਧਰੀ, 10 ਬਲਾਕ ਪੱਧਰੀ ਕੈਂਪ ਲਗਾ ਕੇ 4752 ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ ਹੈ ।ਮੀਟਿੰਗ ਦੌਰਾਨ ਵੱਖ-ਵੱਖ ਵਿਭਾਗੀ ਮੁਖੀਆਂ ਵੱਲੋਂ ਵਿਭਾਗ ਵੱਲੋਂ ਕੀਤੀ ਗਈ ਪ੍ਰਗਤੀ ਬਾਰੇ ਰਿਪੋਰਟ ਪੇਸ਼ ਕੀਤੀ ਗਈ ।

# ਕਲਰਕ ਗੁਰਪ੍ਰਤਾਪ ਸਿੰਘ ਸੀਨੀਅਰ ਸਹਾਇਕ ਬਣੇ



**ਵੇਰਕਾ (ਰਾਣਾ)-** ਸਿੱਖਿਆ ਵਿਭਾਗ (ਸੈ:ਸਿੱ:) ਪੰਜਾਬ ਐੱਸ. ਏ. ਐੱਸ. ਨਗਰ ਵੱਲੋਂ ਕਲਰਕ ਤੋਂ ਬਤੌਰ ਸੀਨੀਅਰ ਸਹਾਇਕ ਦੀ ਪੱਦਉਨਤੀ ਮਿਲਣ ਉਪਰੰਤ ਗੁਰਪ੍ਰਤਾਪ ਸਿੰਘ ਨੇ ਜ਼ਿਲਾ ਸਿੱਖਿਆ ਅਫਸਰ (ਸੈਂ) ਅੰਮ੍ਰਿਤਸਰ ਕੰਵਲਜੀਤ ਸਿੰਘ ਦੀ ਮੌਜੂਦਗੀ 'ਚ ਆਪਣਾ ਕਾਰਜਭਾਰ ਸੰਭਾਲਿਆ।ਇਸ ਮੌਕੇ ਸੀਨੀਅਰ ਸਹਾਇਕ ਗੁਰਪਾਲ ਸਿੰਘ, ਕਲਰਕ ਸੁਖਦੇਵ ਸਿੰਘ, ਕਲਰਕ ਗੁਰਸੇਵਕ ਸਿੰਘ, ਕਲਰਕ ਗੁਰਬਿੰਦਰ ਸਿੰਘ, ਕਲਰਕ ਨਿਤਿਨ ਕੁਮਾਰ, ਜੂਨੀਅਰ ਸਹਾਇਕ ਬਿਕਰਮ ਸਿੰਘ, ਸੇਵਾਮੁਕਤ ਸੁਪਰਡੈਂਟ ਤਰਲੋਚਨ ਸਿੰਘ ਹਾਜ਼ਰ ਸਨ।ਇਸ ਦੌਰਾਨ ਕਲਰਕ ਗੁਰਪ੍ਰਤਾਪ ਸਿੰਘ ਨੂੰ ਬਤੌਰ ਸੀਨੀ: ਸਹਾਇਕ ਦੀ ਤਰੱਕੀ ਮਿਲਣ 'ਤੇ ਸੁਪਰਡੈਂਟ ਮਲਕੀਤ ਸਿੰਘ ਜ਼ਿਲਾ ਸਿੱਖਿਆ ਦਫ਼ਤਰ (ਸੈ:) ਅੰਮ੍ਰਿਤਸਰ ਵੱਲੋਂ ਵੀ ਆਸਟ੍ਰੇਲੀਆ ਤੋਂ ਸ਼ੁਭਕਾਮਨਾਵਾਂ ਭੇਜੀਆਂ ਗਈਆਂ ਹਨ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਹੋਈ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਗੁਰਮੇਲ ਸਿੰਘ ਮਾਨ ਦੌਧਰ ਤੇ ਚੇਅਰਮੈਨ ਸੋਹਣ ਸੈਦੋਕੇ ਦੀ ਪ੍ਰਧਾਨਗੀ ਹੇਠ ਕਾਮਰੇਡ ਗੁਰਬਖ਼ਸ਼ ਸਿੰਘ ਯਾਦਗਾਰੀ ਹਾਲ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਸਮੇਂ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਉਨ੍ਹਾਂ ਦੀ ਭੈਣ ਕਮਲੇਸ਼ ਰਾਣੀ ਦੀ ਬੇਬਕਤੀ ਮੌਤ ਦੇ ਮੌਨ ਧਾਰਨ ਕਰਕੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਜ਼ਿਲ੍ਹਾ ਜਨਰਲ ਸਕੱਤਰ ਰਜਿੰਦਰ ਸਿੰਘ ਲੋਪੋ ਤੇ ਬਲਾਕ ਦੇ ਸੀਨੀਅਰ ਆਗੂ ਰਣਜੀਤ ਕੁਮਾਰ ਬਾਵਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਬਲਾਕ ਸੀਨੀਅਰ ਆਗੂ ਰਣਜੀਤ ਕੁਮਾਰ ਬਾਵਾ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਮੀਟਿੰਗ ਦੌਰਾਨ ਬਹਾਦਰ ਸਿੰਘ ਮੱਲੇਆਣਾ, ਮਨਪ੍ਰੀਤ ਰਾਮਾ, ਅਮਨਪ੍ਰੀਤ ਲੋਪੋ ਗਗਨ ਡਾਲਾ ਵੱਲੋਂ ਮੌਸਮੀ ਬਿਮਾਰੀਆਂ ਸੰਬੰਧੀ ਜਾਣਕਾਰੀ ਦਿੱਤੀ ਗਈ। ਸੂਬਾ ਜਨਰਲ ਸਕੱਤਰ ਗੁਰਮੇਲ ਮਾਛੀਕੇ, ਰਜਿੰਦਰ ਲੋਪੋ, ਜਗਸੀਰ ਸਿੰਘ ਹਿੰਮਤਪੁਰਾ ਬਲਾਕ ਸਕੱਤਰ ਅਮਨਦੀਪ ਦੌਧਰ ਨੇ ਕਿਹਾ ਕਿ ਅਸੀਂ ਜਥੇਬੰਦੀ ਦੇ 29ਵੇਂ ਵਰ੍ਹੇ ਵਿੱਚ ਸ਼ਾਮਲ ਹੋ ਚੁੱਕੇ ਹਾਂ। 6 ਮਾਰਚ 1996 ਨੂੰ ਪੰਜਾਬ ਪੱਧਰ ਦੀਆਂ ਵੱਖ-ਵੱਖ 25 ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕਰਕੇ ਮੈਡੀਕਲ ਪ੍ਰੈਕਟੀਸ਼ਨ ਐਸੋਸੀਏਸ਼ਨ ਨਾਂਅ ਦੀ ਜਥੇਬੰਦੀ ਦੀ ਸਥਾਪਨਾ ਕੀਤੀ ਗਈ, ਜਿਸ ਨੇ ਸ਼ੁਰੂਆਤੀ ਤੌਰ ਤੋਂ ਲੈ ਕੇ ਅੱਜ ਤੱਕ ਆਪਣੇ ਸ਼ਾਨਾਮੱਤੀ ਸੰਘਰਸ਼ ਰਾਹੀ ਪ੍ਰੈਕਟਸ ਨੂੰ ਆ ਰਹੀਆ ਚੁਣੌਤੀਆਂ ਦਾ ਸਾਹਮਣਾ ਕਰਦੇ ਕਰਦੇ ਆਪਣੇ ਕਿੱਤੇ ਦੀ ਰਾਖੀ ਕੀਤੀ ਹੈ। ਉਨ੍ਹਾਂ 26 ਨਵੰਬਰ 2024 ਨੂੰ ਸਿਹਤ



ਮੰਤਰੀ ਤੇ ਆਲਾ ਉੱਚ ਅਧਿਕਾਰੀਆਂ ਨਾਲ ਹੋਈ ਪੈਨਲ ਮੀਟਿੰਗ ਵਿੱਚ ਹੋਏ ਫ਼ੈਸਲੇ ਮੁਤਾਬਕ ਜਲਦੀ ਤੋ ਜਲਦੀ 100 ਟਰਮ ਟ੍ਰੇਨਿੰਗ ਕੋਰਸ ਸ਼ੁਰੂ ਕਰਨ ਦੀ ਮੰਗ ਕੀਤੀ। ਉਨ੍ਹਾਂ ਸਰਕਾਰ ਨੂੰ ਚੈਲੇਂਜ ਕਰਦੇ ਹੋਏ ਕਿਹਾ ਕਿ ਜੇਕਰ ਹੋਰਨਾਂ ਸਰਕਾਰਾਂ ਵਾਂਗ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਮੰਗ ਨੂੰ ਅਣਗੌਲਿਆ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ, ਜਿਸ ਦੀ ਸ਼ੁਰੂਆਤ ਜਥੇਬੰਦੀ ਵੱਲੋਂ ਪੰਜਾਬ ਪੱਧਰੀਆਂ 5 ਜ਼ੂਨ ਕਨਵੈਨਸ਼ਨਾਂ ਨਾਲ ਕੀਤੀ ਜਾਵੇਗੀ। ਉਨ੍ਹਾਂ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਕਿਹਾ ਕਿ ਜ਼ੋਨ ਕਨਵੈਨਸ਼ਨਾਂ ਦੀ ਤਿਆਰੀ ਲਈ ਲਾਮਬੰਦੀ ਵਿੱਢ ਦਿੱਤੀ ਜਾਵੇ।

# ਬਾਗਬਾਨੀ ਨੂੰ ਸਹਾਇਕ ਧੰਦੇ ਵਜੋਂ ਅਪਣਾਉਣ ਨਾਲ ਕਿਸਾਨਾਂ ਦੀ ਵਿੱਤੀ ਹਾਲਤ ਹੋਵੇਗੀ ਮਜ਼ਬੂਤ : ਜਗਦੀਪ ਸਿੰਘ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਹਾਇਕ ਡਾਇਰੈਕਟਰ ਬਾਗਬਾਨੀ ਜਗਦੀਪ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਰਵਾਇਤੀ ਚੱਕਰ ਵਿੱਚੋਂ ਕੱਢਣ ਅਤੇ ਖੇਤੀ ਵਿੱਚ ਵਿਭਿੰਨਤਾ ਲਿਆਉਣ ਵਿੱਚ ਬਾਗਬਾਨੀ ਵਿਭਾਗ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਕਿਸਾਨ ਬਾਗਬਾਨੀ ਨੂੰ ਸਹਾਇਕ ਧੰਦੇ ਵਜੋਂ ਅਪਣਾ ਕੇ ਆਪਣੀ ਵਿੱਤੀ ਹਾਲਤ ਨੂੰ ਮਜ਼ਬੂਤ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਬਾਗਬਾਨੀ ਵਿਭਾਗ ਵੱਲੋ ਕਿਸਾਨਾਂ ਨੂੰ ਫ਼ਲ, ਫੁੱਲ ਤੇ ਸਬਜ਼ੀਆਂ ਦੀ ਕਾਸ਼ਤ ਕਰਨ ਤੋਂ ਇਲਾਵਾ ਖੁੰਬਾਂ ਦੇ ਉਤਪਾਦਨ, ਸ਼ਹਿਦ ਦੀਆਂ ਮੱਖੀਆਂ ਪਾਲਣ, ਗੰਡੋਏ ਦੀ ਖਾਦ ਤਿਆਰ ਕਰਨ, ਆਚਾਰ, ਚਟਨੀ ਤੇ ਮੁਰੱਬਾ ਬਣਾ ਕੇ ਇਸ ਨੂੰ ਘਰੇਲੂ ਵਰਤੋਂ ਅਤੇ ਵਪਾਰਕ ਪੱਧਰ 'ਤੇ ਵੇਚਣ ਬਾਰੇ ਸਮੇਂ-ਸਮੇਂ ਸਿਰ ਢੁੱਕਵੀਂ ਜਾਣਕਾਰੀ ਦਿੱਤੀ ਜਾਂਦੀ ਹੈ। ਜਗਦੀਪ ਸਿੰਘ ਨੇ ਦੱਸਿਆ ਕਿ ਬਾਗਬਾਨੀ ਵਿਭਾਗ ਵੱਲੋਂ ਕਿਸਾਨਾਂ ਨੂੰ ਖੇਤੀ ਖਰਚੇ ਘਟਾਉਣ ਦੇ ਵੱਖ-ਵੱਖ ਤਰੀਕਿਆਂ ਬਾਰੇ ਵੀ ਜਾਗਰੂਕਤਾ ਕੈਂਪਾਂ ਦੌਰਾਨ ਜਾਣਕਾਰੀ ਦਿੱਤੀ ਜਾਂਦੀ ਹੈ। ਸਹਾਇਕ ਡਾਇਰੈਕਟਰ ਨੇ ਦੱਸਿਆ ਕਿ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਜਾਂ ਐਫ.ਪੀ.ਓ ਗਰੁੱਪ ਬਣਾ ਕੇ ਫ਼ਲ ਤੇ ਸਬਜ਼ੀਆਂ ਦੀ ਖੇਤੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸਾਂਝੇ ਤੌਰ 'ਤੇ ਖੇਤੀ ਮਸ਼ੀਨਰੀ ਖਰੀਦ ਕੇ ਇਸ ਦੀ ਵਰਤੋਂ ਕਰ ਸਕਦੇ ਹਨ ਅਤੇ ਆਪਣੀ ਫ਼ਸਲ ਦੀ ਮਾਰਕੀਟਿੰਗ ਵੀ ਇਕੱਠੇ ਤੌਰ 'ਤੇ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਨੂੰ ਖਾਦ, ਮਿੱਟੀ ਦੀ ਟੈਸਟਿੰਗ ਦੇ ਆਧਾਰ 'ਤੇ ਹੀ ਪਾਉਣੀ ਚਾਹੀਦੀ ਹੈ।ਕਿਸਾਨ ਕਿਚਨ ਗਾਰਡਨਿੰਗ ਕਰਕੇ ਬਗੈਰ ਦਵਾਈਆਂ ਛਿੜਕ ਕੇ ਫਲ ਤੇ ਸਬਜ਼ੀਆਂ ਤਿਆਰ ਕਰਕੇ ਜ਼ਹਿਰੀਲੇ ਰਸਾਇਣਾਂ ਨਾਲ ਹੋਣ ਵਾਲੀਆਂ ਕਈ ਗੰਭੀਰ ਬਿਮਾਰੀਆਂ ਤੋਂ ਵੀ ਬਚ ਸਕਦੇ ਹਨ।ਇਸ ਦੇ ਨਾਲ ਹੀ ਬਾਗਬਾਨੀ ਵਿਭਾਗ ਵੱਲੋਂ ਸਬਜ਼ੀ ਤੇ ਫ਼ਲਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਲਈ ਸੁਚੱਜੇ ਮੰਡੀਕਰਨ ਲਈ ਸਟੇਟ ਪਲਾਨ ਸਕੀਮ ਤਹਿਤ ਕਾਰਟਨ ਬਾਕਸ ਅਤੇ ਇਕਹਿਰੀ ਵਰਤੋਂ ਵਾਲੇ ਪਲਾਸਟਿਕ ਕਰੇਟਸ ਤੇ 50% ਸਬਸਿਡੀ ਮੁਹੱਈਆ ਕਰਾਈ ਜਾ ਰਹੀ ਹੈ।ਪਾਣੀ ਦੀ ਬੱਚਤ ਨੂੰ ਹੁੰਗਾਰਾ ਦੇਣ ਲਈ ਬਾਗਾਂ 'ਤੇ ਤੁਪਕਾ ਸਿੰਚਾਈ ਲਵਾਉਣ ਤੇ ਪ੍ਰਤੀ ਏਕੜ 10,000 ਰੁਪਏ ਦੀ ਵਿੱਤੀ ਸਹਾਇਤੀ ਬਾਗਬਾਨੀ ਵਿਭਾਗ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਹੈ ਤੇ ਐਮਆਈਡੀਐਚ ਸਕੀਮ ਅਧੀਨ ਮਸ਼ੀਨਰੀ, ਹਾਈਬਰਿੱਡ ਸਬਜ਼ੀਆਂ, ਫੁੱਲਾਂ ਦੀ ਕਾਸ਼ਤ, ਮਧੂ ਮੱਖੀ ਪਾਲਣ, ਮਸ਼ਰੂਮ ਫਾਰਮਿੰਗ, ਸੁਰੱਖਿਅਤ ਖੇਤੀ ਬਾਗ ਲਾਉਣ, ਪੈਕ ਹਾਊਸ ਆਦਿ 'ਤੇ 40-50% ਸਬਸਿਡੀ ਮੁਹੱਈਆ ਕਰਾਈ ਜਾ ਰਹੀ ਹੈ।



# ਖੂਈਆਂ ਸਰਵਰ 'ਚ ਲਗਾਇਆ ਨਸ਼ਿਆਂ ਖਿਲਾਫ ਆਊਟਰੀਚ ਜਾਗਰੂਕਤਾ ਕੈਂਪ

**ਅਬੋਹਰ (ਨਿਸ਼ਾ ਸ਼ਰਮਾ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਫਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਵੱਲੋਂ ਉਲੀਕੇ ਪ੍ਰੋਜੈਕਟ ਆਸ ਦੇ ਤਹਿਤ ਅੱਜ ਖੂਈਆਂ ਸਰਵਰ ਵਿਖੇ ਨਸ਼ਿਆਂ ਖਿਲਾਫ ਜਾਗਰੂਕਤਾ ਲਈ ਇੱਕ ਆਊਟਰੀਚ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸ ਐਸ ਪੀ ਗੁਰਮੀਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਗੁਰਦੁਆਰਾ ਬਡ ਤੀਰਥ ਸਾਹਿਬ ਹਰੀਪੁਰਾ ਤੋਂ ਸੰਤ ਬਾਬਾ ਬਿੱਕਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਪਹੁੰਚੇ। ਇਸ ਮੌਕੇ ਨਸ਼ਾ ਛੱਡਣ ਲਈ ਪ੍ਰੇਰਿਤ ਹੋਏ ਨੌਜਵਾਨਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਇਸ ਕੈਂਪ ਦਾ ਉਦੇਸ਼ ਨਸ਼ਾ ਪੀੜਤਾਂ ਨਾਲ ਸਿੱਧਾ ਰਾਬਤਾ ਕਰਕੇ ਉਹਨਾਂ ਨੂੰ ਨਸ਼ੇ ਛੱਡਣ ਲਈ ਪ੍ਰੇਰਿਤ ਕਰਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣਾ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਵਿਆਪਕ ਪੱਧਰ ਤੇ ਨਸ਼ਾ ਮੁਕਤੀ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਇਸ ਤਰ੍ਹਾਂ ਦੇ ਕੈਂਪ ਲਗਾਉਣ ਦਾ ਉਦੇਸ਼ ਲੋਕਾਂ ਦੇ ਮਨਾਂ ਵਿੱਚ ਨਸ਼ੇ ਛੱਡਣ ਸਬੰਧੀ ਪਾਏ ਜਾ ਰਹੇ ਭਰਮ ਦੂਰ ਕਰਨਾ ਹੈ।ਐਸ ਐਸ ਪੀ ਗੁਰਮੀਤ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਵੱਲੋਂ ਜਿੱਥੇ ਨਸ਼ਿਆਂ ਦੇ ਤਸਕਰਾਂ ਖਿਲਾਫ ਵਿਆਪਕ ਅਤੇ ਕਰੜੀ ਮੁਹਿੰਮ ਜਾਰੀ ਹੈ ਉਥੇ ਹੀ ਨਸ਼ਾ ਪੀੜਤਾਂ ਦੇ ਇਲਾਜ ਲਈ ਵੀ ਉਪਰਾਲੇ ਵਿੱਢੇ ਗਏ ਹਨ। ਉਹਨਾਂ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਨਸ਼ਾ ਪੀੜਤਾਂ ਦੇ ਮੁਫਤ ਇਲਾਜ ਦੀ ਵਿਵਸਥਾ ਕੀਤੀ ਗਈ ਹੈ। ਉਹਨਾਂ ਆਖਿਆ ਕਿ ਜੋ ਲੋਕ ਨਸ਼ਾ ਛੱਡਣ ਲਈ ਅੱਗੇ ਆਉਂਦੇ ਹਨ ਉਹਨਾਂ ਦੀ ਪਹਿਚਾਣ ਗੁਪਤ ਰੱਖੀ ਜਾਂਦੀ ਹੈ ਅਤੇ ਇਲਾਜ ਮੁਫਤ ਕੀਤਾ ਜਾਂਦਾ ਹੈ। ਅਜਿਹੇ ਵਿਅਕਤੀਆਂ ਦੀ ਪੁਲਸ ਵੱਲੋਂ ਕਿਸੇ ਪ੍ਰਕਾਰ ਨਾਲ ਪੁੱਛ ਪੜਤਾਲ ਨਹੀਂ ਕੀਤੀ ਜਾਂਦੀ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦੇ ਕੈਂਪਾਂ ਨਾਲ ਹੁਣ ਹੋਰ ਵਧੇਰੇ ਲੋਕ ਨਸ਼ਾ ਛੱਡਣ ਲਈ ਅੱਗੇ ਆਉਣ ਲਈ ਪ੍ਰੇਰਿਤ ਹੋਣਗੇ।ਉਨ੍ਹਾਂ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਲੋਕਾਂ ਨੂੰ ਪ੍ਰੇਰਿਤ ਕਰਕੇ ਨਸ਼ਾ ਮੁਕਤੀ ਕੇਂਦਰਾਂ ਜਾਂ ਓਟ ਕਲੀਨਿਕ ਤੱਕ ਲੈ ਕੇ ਆਉਣ ਤਾਂ ਜੋ ਉਹਨਾਂ ਦਾ ਇਲਾਜ ਕਰਵਾਇਆ ਜਾ ਸਕੇ । ਇਸ ਮੌਕੇ 22 ਨੌਜਵਾਨਾਂ ਨੇ ਨਸ਼ਿਆਂ ਛੱਡਣ ਦੀ ਇੱਛਾ ਪ੍ਰਗਟ ਕੀਤੀ ਅਤੇ ਮੌਕੇ ਤੇ ਹੀ ਸਿਹਤ ਵਿਭਾਗ ਦੀ ਟੀਮ ਨੇ ਉਹਨਾਂ ਦੀ ਰਜਿਸਟਰੇਸ਼ਨ ਕਰਕੇ ਉਹਨਾਂ ਦਾ ਇਲਾਜ ਸ਼ੁਰੂ ਕਰਵਾਇਆ।ਗੁਰਦੁਆਰਾ ਬਡ ਤੀਰਥ ਸਾਹਿਬ ਤੋਂ ਸੰਤ ਬਾਬਾ ਬਿੱਕਰ ਸਿੰਘ ਨੇ ਇਸ ਮੌਕੇ ਹਾਜ਼ਰੀਨ ਨੂੰ ਕਿਹਾ ਕਿ ਮਨੁੱਖ ਨੂੰ ਆਪਣੇ ਸਮਾਜਿਕ ਫਰਜ਼ਾਂ ਪ੍ਰਤੀ ਸੁਚੇਤ ਹੁੰਦਿਆਂ ਅਜਿਹੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ।ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਐਰਿਕ ਨੇ ਕਿਹਾ ਕਿ ਨਸ਼ਾ ਇੱਕ ਮਾਨਸਿਕ ਬਿਮਾਰੀ ਹੈ ਅਤੇ ਇਸ ਦਾ ਦਵਾਈਆਂ ਨਾਲ ਇਲਾਜ ਸੰਭਵ ਹੈ।ਇਸ ਮੌਕੇ ਅਬੋਹਰ ਦੇ ਐਸ ਡੀ ਐਮ ਕ੍ਰਿਸ਼ਨਾ ਪਾਲ ਰਾਜਪੂਤ, ਡੀ ਐਸ ਪੀ ਸੁਖਵਿੰਦਰ ਸਿੰਘ, ਥਾਣਾ ਮੁਖੀ ਮਨਿੰਦਰ ਸਿੰਘ ਤੋਂ ਇਲਾਵਾ ਖੂਈਆਂ ਸਰਵਰ ਦੇ ਸਰਪੰਚ ਦਰਸ਼ਨਾ ਰਾਣੀ, ਸਮਾਜ ਸੇਵੀ ਸੁਸ਼ੀਲ ਕੁਮਾਰ ਸਵਾਮੀ , ਦਾਨੇਵਾਲਾ ਦੇ ਸਰਪੰਚ ਕਿੰਗ ਪਾਲ ਸਿੰਘ, ਹਰੀਪੁਰਾ ਦੇ ਸਰਪੰਚ ਨਿਰੰਜਨ ਦਾਸ, ਸੱਪਾਂਵਾਲੀ ਦੇ ਸਰਪੰਚ ਕਾਲੂ ਰਾਮ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

# ਸਮਾਜ ਸੇਵੀ ਸੰਸਥਾਵਾਂ ਵੱਲੋਂ ਲੋੜਵੰਦਾਂ ਨੂੰ ਟਰਾਈਸਾਈਕਲ ਤੇ ਵੀਲਚੇਅਰ ਦੇਣੀਆਂ ਸ਼ਲਾਘਾਯੋਗ : ਡੀ ਆਈ ਜੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)-** ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ, ਯੁਵਕ ਸੇਵਾਵਾਂ ਕਲੱਬ



ਦੀਪ ਨਗਰ ਵੱਲੋਂ ਪੰਜ ਟਰਾਈਸਾਈਕਲ ਅਤੇ ਵੀਲਚੇਅਰ ਵੰਡ ਸਮਾਰੋਹ ਡੀ ਆਈ ਜੀ ਪਟਿਆਲਾ ਰੇਂਜ ਪਟਿਆਲਾ ਦੇ ਦਫਤਰ ਵਿਖੇ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਡੀ ਐੱਸ ਪੀ ਜਸਵਿੰਦਰ ਸਿੰਘ ਟਿਵਾਣਾ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਉੱਘੀ ਸਮਾਜ ਸੇਵਿਕਾ ਭੁਪਿੰਦਰ ਕੌਰ ਕਰੋਜੀਵਾਲਾ, ਸਟੇਟ ਐਵਾਰਡੀ ਰੁਪਿੰਦਰ ਕੌਰ, ਉਪਕਾਰ ਸਿੰਘ, ਅਮਰਜੀਤ ਕੌਰ, ਰੁਦਰਪ੍ਰਤਾਪ ਸਿੰਘ, ਗੁਰਲੀਨ ਕੌਰ, ਕਰਮਜੀਤ ਕੌਰ, ਰਾਜ ਕੁਮਾਰ ਪੀਟੂ, ਰਾਜ ਕੁਮਾਰ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ। ਇਸ ਮੌਕੇ ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋਂ ਪੰਜ ਲੋੜਵੰਦ ਵਿਅਕਤੀਆਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਦੇਣਾ ਸ਼ਲਾਘਾਯੋਗ ਉਪਰਾਲਾ ਹੈ। ਸਾਨੂੰ ਸਾਰਿਆਂ ਨੂੰ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਸਟੇਟ ਐਵਾਰਡੀ ਰੁਪਿੰਦਰ ਕੌਰ ਦੀ ਟੀਮ ਵੱਲੋਂ ਸਮਾਜ ਭਲਾਈ ਦੇ ਕੀਤੇ ਜਾ ਰਹੇ ਕਾਰਜ ਪ੍ਰਸੰਸਾਯੋਗ ਹੈ, ਉਹਨਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋ ਪਿੰਡਾਂ ਵਿਚ ਜਾ ਕੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ। ਉਹਨਾਂ ਕਿਹਾ ਕਿ ਉਹ ਸਮਾਜ ਸੇਵੀ ਕੰਮਾਂ ਲਈ ਦਿਨ ਰਾਤ ਹਾਜ਼ਰ ਹਨ। ਇਹ ਟਰਾਈਸਾਈਕਲ ਅਤੇ ਵੀਲਚੇਅਰ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ ਦਿੱਤੇ ਗਏ। ਇਸ ਤੋਂ ਪਹਿਲਾਂ ਵੀ ਜਤਵਿੰਦਰ ਗਰੇਵਾਲ ਵਲੋਂ 300 ਤੋਂ ਉਪਰ ਲੋੜਵੰਦ ਵਿਅਕਤੀਆਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਦਿੱਤੇ ਜਾ ਚੁੱਕੇ ਹਨ।

# ਨੀਟਾ ਸਭਰਵਾਲ 18 ਵੀਂ ਵਾਰ ਸ੍ਰੀ ਵੈਸ਼ਨੋ ਡਰਾਮੈਟਿਕ ਕਲੱਬ ਦੇ ਪ੍ਰਧਾਨ ਬਣੇ

**ਜਗਰਾਓਂ (ਅਮਿਤ ਖੰਨਾ)-** ਸ੍ਰੀ ਵੈਸ਼ਨੋ ਡਰਾਮੈਟਿਕ ਕਲੱਬ ਦੇ ਅਹੁਦੇਦਾਰਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰਾਮ ਨਾਟਕ ਦਾ ਆਯੋਜਨ ਕਰਵਾਉਣ ਦੇ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸੇ ਦੇ ਤਹਿਤ ਕਲੱਬ ਦੇ ਸਾਰੇ ਅਹੁਦੇਦਾਰਾਂ ਵੱਲੋਂ ਇੱਕ ਵਿਸ਼ੇਸ਼ ਬੈਠਕ ਜਗਰਾਉਂ ਦੇ ਗੀਤਾ ਭਵਨ ਮੰਦਰ ਵਿਖੇ ਕੀਤੀ ਗਈ ਜਿਸ ਵਿੱਚ ਇਸ ਸਾਲ ਰਾਮ ਨਾਟਕ ਕਰਵਾਉਣ ਸਬੰਧੀ ਤਿਆਰੀਆਂ ਨੂੰ ਲੈ ਕੇ ਮੰਥਨ ਕੀਤਾ ਗਿਆ ਤੇ ਨਾਲ ਹੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਰੇ ਅਹੁਦੇਦਾਰਾਂ ਨੇ ਸਰਬ ਸੰਮਤੀ ਨਾਲ ਰਵਿੰਦਰ ਕੁਮਾਰ (ਨੀਟਾ) ਸਭਰਵਾਲ ਨੂੰ 18ਵੀਂ ਵਾਰ ਕਲੱਬ ਦਾ ਪ੍ਰਧਾਨ ਚੁਣਿਆ। ਕਲੱਬ ਦੇ ਪ੍ਰਧਾਨ ਨੀਟਾ ਸਭਰਵਾਲ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਇਸ ਸਾਲ ਵੀ ਰਾਮ ਨਾਟਕ ਭੰਗੜ ਦੇ ਨੇੜੇ ਸਥਿਤ ਚੰਡੀਗੜ੍ਹ ਕਲੋਨੀ ਵਿਖੇ 22 ਸਤੰਬਰ ਤੋਂ ਤਿੰਨ ਅਕਤੂਬਰ ਤੱਕ ਪੂਰੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾਵੇਗਾ।ਇਸ ਮੌਕੇ ਡਾਇਰੈਕਟਰ ਅਸ਼ਵਨੀ ਕੁਮਾਰ ਬੱਲੂ, ਸੁਨੀਲ ਪਾਠਕ, ਮੀਤ ਪ੍ਰਧਾਨ ਮਨਜੀਤ ਸਿੰਘ ਉੱਭੀ, ਬਲਵਿੰਦਰ ਬੱਗੜ, ਮੱਖਣ ਸੈਨ, ਸੰਦੀਪ ਗੋਇਲ ,ਪਰਸ਼ੋਤਮ ਲਾਲ,ਗੋਰਵ ਹਾਂਡਾ, ਡਾ. ਕੇਸ਼ਵ ਗੋਇਲ, ਵਿਨੋਦ ਮਦਾਨ, ਚੇਤਨ ਅਰੋੜਾ, ਸਤਪਾਲ ਭੱਟੀ, ਬਲਵਿੰਦਰ ਬੱਗੜ, ਰਾਮ ਨਾਥ ਕੋਇਲ, ਸਪਨ ਕਪੂਰ, ਸਾਜਨ ਮਲਹੋਤਰਾ, ਰਜਨੀਸ਼ ਬਾਂਸਲ, ਸਰਬਜੀਤ ਲੰਕਾ, ਰਵੀ ਗੁੰਬਰ, ਆਇਰਨ ਬਾਂਸਲ, ਲਾਡੀ ਪਾਸੀ ਆਦਿ ਹਾਜ਼ਰ ਸਨ।



## ...ਸ.ਫ਼ਾ 3 ਦਾ ਬਾਕੀ

### ਮਜੀਠੀਆ ਹਿਰਾਸਤ 'ਚ...

ਬਲਰਾਜ ਸਿੰਘ ਖਹਿਰਾ ਪੀ ਪੀ ਐੱਸ, ਪਵਨ ਕੁਮਾਰ ਪੀ ਪੀ ਐੱਸ, ਐੱਸ ਐੱਚ ਓ ਕਰਮਬੀਰ ਸਿੰਘ ਤੇ ਹੋਰ ਬਹੁਤ ਸਾਰੇ ਪੁਲਸ ਅਧਿਕਾਰੀ ਤੇ ਮੁਲਾਜ਼ਮ ਮੌਜੂਦ ਸਨ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਬਿਕਰਮ ਸਿੰਘ ਮਜੀਠੀਆ ਦੇ ਨਾਲ ਡਟ ਕੇ ਖੜ੍ਹਾ ਹੈ। ਸਰਕਾਰ ਬੁਖਲਾਹਟ ਵਿੱਚ ਆ ਕੇ ਅਜਿਹੀ ਕਾਰਵਾਈ ਕਰ ਰਹੀ ਹੈ। ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਹ ਕਾਰਵਾਈ ਮਜੀਠੀਆ ਪਰਵਾਰ ਨੂੰ ਡਰਾਉਣ-ਧਮਕਾਉਣ ਦਾ ਯਤਨ ਹੈ, ਜਦੋਂ ਕਿ ਉਹ ਡਰਨ ਵਾਲੇ ਨਹੀਂ ਹਨ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ, "ਮੈਂ ਬਿਕਰਮ ਮਜੀਠੀਆ ਦੀ ਰਿਹਾਇਸ਼ ਤੇ ਹੋਰਨਾਂ ਟਿਕਾਣਿਆਂ 'ਤੇ ਸਿਆਸੀ ਬਦਲਾਖੋਰੀ ਦੇ ਇਰਾਦੇ ਨਾਲ ਮਾਰੇ ਛਾਪਿਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹਾਂ। ਪੰਜਾਬ ਹੁਣ ਪੁਲਸ ਰਾਜ ਵਿਚ ਬਦਲ ਗਿਆ ਹੈ।"

ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ, "ਭਗਵੰਤ ਮਾਨ ਵੱਲੋਂ ਵਿਜੀਲੈਂਸ ਦੀ ਦੁਰਵਰਤੋਂ ਬਹੁਤ ਹਲਕੀ ਰਾਜਨੀਤੀ ਦਾ ਸਬੂਤ ਦਿੰਦੀ ਹੈ। ਜੋ ਕਾਂਗਰਸ ਨੇ ਐਮਰਜੈਂਸੀ ਲਗਾ ਕੇ ਕੀਤਾ ਸੀ, ਉਹੀ ਹਾਲ ਭਗਵੰਤ ਮਾਨ ਨੇ ਪੰਜਾਬ ਵਿੱਚ ਕੀਤਾ ਹੈ। ਜਿਹੜਾ ਆਗੂ ਮਾਨ ਦੇ ਜਾਂ ਸਰਕਾਰ ਦੀ ਨਾਕਾਮੀ 'ਤੇ ਸਵਾਲ ਚੁੱਕਦਾ ਹੈ, ਉਸ ਨੂੰ ਡਰਾ-ਧਮਕਾ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭਗਵੰਤ ਮਾਨ ਪੰਜਾਬ ਦੇ ਲੋਕਾਂ ਲਈ ਜਿਹੜੇ ਕੰਡੇ ਤੁਸੀਂ ਬੀਜ ਰਹੇ ਹੋ ਸੋ ਬੀਜ ਰਹੇ ਹੋ, ਪਰ ਜਿਹੜੇ ਕੰਡੇ ਆਪਣੀ ਨਿੱਜੀ ਜ਼ਿੰਦਗੀ 'ਚ ਬੀਜ ਰਹੇ ਹੋ, ਇਹ 2027 ਤੋਂ ਬਾਅਦ ਚੁਗਣੇ ਮੁਸ਼ਕਲ ਹੋ ਜਾਣਗੇ।"

# ਸ੍ਰੀ ਅਮਰਨਾਥ ਯਾਤਰਾ ਨੂੰ ਸੁਰੱਖਿਅਤ ਤੇ ਸੁਚਾਰੂ ਬਣਾਉਣ ਲਈ ਸੁਰੱਖਿਆ ਦੇ ਪ੍ਰਬੰਧ ਪੁਖਤਾ : ਅਰਪਿਤ ਸ਼ੁਕਲਾ

**ਪਠਾਨਕੋਟ (ਦਵਿੰਦਰ ਸਿੰਘ)-** ਸ਼੍ਰੀ ਅਮਰਨਾਥ ਯਾਤਰਾ ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ ਪੰਜਾਬ ਪੁਲਸ ਵੱਲੋਂ ਇੱਕ ਵਿਆਪਕ, ਬਹੁ-ਪੱਧਰੀ ਅਤੇ ਅੰਤਰ-ਏਜੰਸੀ ਸੁਰੱਖਿਆ ਅਤੇ ਤਾਲਮੇਲ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਵਿੱਚ ਸ਼ਰਧਾਲੂਆਂ ਦੀ ਸੁਰੱਖਿਆ ਲਈ ਉਨਤ ਨਿਗਰਾਨੀ, ਫੋਰਸ ਦੀ ਰਣਨੀਤਕ ਤਾਇਨਾਤੀ ਅਤੇ 24 ਘੰਟੇ ਤਾਲਮੇਲ ਯਕੀਨੀ ਬਣਾਇਆ ਗਿਆ ਹੈ।ਇਹ ਜਾਣਕਾਰੀ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦਿੱਤੀ।ਦੱਸਣਯੋਗ ਹੈ ਕਿ ਇਸ ਸਾਲ ਪਵਿੱਤਰ ਸ਼੍ਰੀ ਅਮਰਨਾਥ ਯਾਤਰਾ 3 ਜੁਲਾਈ ਨੂੰ ਸ਼ੁਰੂ ਹੋ ਕੇ 9 ਅਗਸਤ ਤੱਕ ਜਾਰੀ ਰਹੇਗੀ।ਇਸ ਸਾਲਾਨਾ ਯਾਤਰਾ ਵਿੱਚ ਦੇਸ਼ ਭਰ ਤੋਂ ਲੱਖਾਂ ਸ਼ਰਧਾਲੂ ਆਉਂਦੇ ਹਨ, ਜਿਨ੍ਹਾਂ ਵਿੱਚੋਂ ਕਈ ਸ਼ਰਧਾਲੂ ਜੰਮੂ ਅਤੇ ਕਸ਼ਮੀਰ ਵਿਖੇ ਪਵਿੱਤਰ ਗੁਫਾ ਵਾਲੇ ਤੀਰਥ ਸਥਾਨ ਜਾਣ ਲਈ ਪੰਜਾਬ, ਖਾਸ ਕਰਕੇ ਪਠਾਨਕੋਟ ਜ਼ਿਲ੍ਹੇ ਵਿੱਚੋਂ ਲੰਘਦੇ ਹਨ।ਸਪੈਸ਼ਲ ਡੀਜੀਪੀ ਸਾਲਾਨਾ ਤੀਰਥ ਯਾਤਰਾ ਲਈ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਅਤੇ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਲਈ ਪੁਲਸ, ਫੌਜ, ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਦੀ ਇੱਕ ਵਿਆਪਕ ਉਚ-ਪੱਧਰੀ ਸੁਰੱਖਿਆ ਅਤੇ ਤਾਲਮੇਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਕਿਹਾ ਕਿ ਕਿਸੇ ਵੀ ਸੰਭਾਵੀ ਖ਼ਤਰੇ ਦਾ ਪਤਾ ਲਗਾਉਣ ਅਤੇ ਉਸ ਨੂੰ ਰੋਕਣ ਲਈ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ, ਲੰਗਰ (ਕਮਿਊਨਿਟੀ ਕਿਚਨ) ਸਥਾਨਾਂ, ਧਾਰਮਿਕ ਸਥਾਨਾਂ ਅਤੇ ਪੂਰੇ ਯਾਤਰਾ ਰੂਟ ਸਮੇਤ ਸੰਵੇਦਨਸ਼ੀਲ ਥਾਵਾਂ 'ਤੇ ਰੋਜ਼ਾਨਾ ਐਂਟੀ ਸਾਬੋਟੇਜ ਅਤੇ ਸੁਰੱਖਿਆ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸੀਨੀਅਰ ਸੁਪਰਡੈਂਟ ਆਫ਼ ਪੁਲਸ (ਐੱਸਐੱਸਪੀ) ਪਠਾਨਕੋਟ ਦਲਜਿੰਦਰ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਸੁਰੱਖਿਆ ਪ੍ਰਬੰਧ ਲਾਗੂ ਕੀਤੇ ਜਾ ਰਹੇ ਹਨ।ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਭਾਰਤੀ ਫੌਜ, ਸੀਮਾ ਸੁਰੱਖਿਆ ਬਲ (ਬੀਐੱਸਐੱਫ), ਕੇਂਦਰੀ ਹਥਿਆਰਬੰਦ ਪੁਲਸ ਬਲ (ਸੀਏਪੀਐੱਫ), ਜੰਮੂ ਅਤੇ ਕਸ਼ਮੀਰ ਪੁਲਸ, ਹਿਮਾਚਲ ਪ੍ਰਦੇਸ਼ ਪੁਲਸ ਅਤੇ ਹੋਰ ਕੇਂਦਰੀ ਏਜੰਸੀਆਂ ਸਮੇਤ ਸਾਰੇ ਭਾਈਵਾਲਾਂ ਦਰਮਿਆਨ ਮਜ਼ਬੂਤ ਤਾਲਮੇਲ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।



# 115 ਦਿਨਾਂ 'ਚ 19,007 ਨਸ਼ਾ ਤਸਕਰ ਜੇਲ੍ਹਾਂ ਅੰਦਰ ਭੇਜੇ : ਰੰਧਾਵਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਤਹਿਤ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਜਾਰੀ ਹੈ।ਪੰਜਾਬ ਪੁਲਸ ਨੇ ਬੀਤੇ 115 ਦਿਨਾਂ ਅੰਦਰ 19,007 ਨਸ਼ਾ ਤਸਕਰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਅੰਦਰ ਭੇਜੇ ਹਨ।ਇਹ ਪ੍ਰਗਟਾਵਾ ਕਰਦਿਆਂ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐੱਸਐੱਸਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਇਸ ਸਮਾਜਿਕ ਕੁਰੀਤੀ ਨੂੰ ਖ਼ਤਮ ਲਈ ਲੋਕਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ ਅਤੇ ਪੰਜਾਬ ਵਾਸੀ ਵੀ ਹੁਣ ਨਸ਼ਿਆਂ ਵਿਰੁੱਧ ਉੱਠ ਖੜੇ ਹੋਏ ਹਨ।ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਤਿੰਨ-ਪੱਖੀ ਰਣਨੀਤੀ-ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) ਲਾਗੂ ਕੀਤੀ ਗਈ ਹੈ ਅਤੇ ਰਾਜ ਸਰਕਾਰ ਵੱਲੋਂ ਇਸ ਰਣਨੀਤੀ ਤਹਿਤ ਨਸ਼ਾ ਕਰਨ ਵਾਲੇ ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਰਾਜ਼ੀ ਕਰਕੇ ਉਨ੍ਹਾਂ ਨੇ ਮੁੜ ਵਸੇਬੇ ਲਈ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਆਪਣੇ ਸੂਬੇ ਨੂੰ ਨਸ਼ਾ ਮੁਕਤ ਕਰਕੇ ਇੱਕ ਵਾਰ ਫਿਰ ਰੰਗਲਾ ਪੰਜਾਬ ਬਣਾਇਆ ਜਾਵੇਗਾ।



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

26-June-PAGE-11.qxd 6/25/2025 10:52 PM Page 1



# ਦੇਸ਼ ਵਿਆਪੀ ਹੜਤਾਲ ਦੀ ਲਾਮਬੰਦੀ ਕਰਦਿਆਂ ਪੰਜਾਬ ਸਰਕਾਰ ਦੀ ਅਰਥੀ ਫੂਕੀ



**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**

10 ਟਰੇਡ ਯੂਨੀਅਨਾਂ ਅਤੇ 50 ਤੋਂ ਵੱਧ ਮੁਲਾਜ਼ਮ ਫੈਡਰੇਸ਼ਨਾਂ ਦੇ ਸਾਂਝੇ ਸੱਦੇ 'ਤੇ 9 ਜੁਲਾਈ ਨੂੰ ਹੋਣ ਵਾਲੀ ਦੇਸ਼ ਵਿਆਪੀ ਹੜਤਾਲ ਦੀ ਤਿਆਰੀ ਲਈ ਅੱਜ ਢਪਈ ਰੋਡ ਤੇ ਫਾਟਕ ਨੇੜੇ ਵਿਸ਼ਾਲ ਰੈਲੀ ਕੀਤੀ ਗਈ ਜਿਸ ਦੀ ਪ੍ਰਧਾਨਗੀ ਕਾਮਰੇਡ ਵਿਰਧਾ ਰਾਮ ਅਤੇ ਮੋਹਨ ਲਾਲ ਵੱਲੋਂ ਕੀਤੀ ਗਈ। ਵਰ੍ਹਦੇ ਮੀਂਹ ਵਿੱਚ ਹੋਈ ਇਸ ਰੈਲੀ ਦੌਰਾਨ ਸਨਅਤੀ ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।ਇਸ ਮੌਕੇ ਨਾਅਰੇਬਾਜ਼ੀ ਕਰਦਿਆਂ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ।ਰੈਲੀ ਨੂੰ ਕਾਮਰੇਡ ਸੁੱਚਾ ਸਿੰਘ ਅਜਨਾਲਾ, ਕਾਮਰੇਡ ਅਮਰਜੀਤ ਸਿੰਘ ਆਸਲ, ਬੀਬੀ ਦਸਵਿੰਦਰ ਕੌਰ ਤੇ ਵਿਜੇ ਕੁਮਾਰ ਨੇ ਸੰਬੋਧਨ ਕਰਦਿਆਂ ਕਿ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਇਤਿਹਾਸਕ ਹੋਵੇਗੀ, ਜੋ ਕੇਂਦਰ ਅਤੇ ਸੂਬਾ ਸਰਕਾਰ ਨੂੰ ਆਪਣੀਆਂ ਮਜ਼ਦੂਰ/ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀਆਂ ਬਦਲਣ ਲਈ ਮਜਬੂਰ ਕਰ ਦੇਵੇਗੀ।ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਲੰਬੇ ਸੰਘਰਸ਼ ਉਪਰੰਤ ਹਾਸਲ ਕੀਤੇ ਕਿਰਤ ਕਾਨੂੰਨਾਂ ਨੂੰ ਰੱਦ ਕਰਕੇ ਸਰਮਾਏਦਾਰ ਪੱਖੀ ਚਾਰ ਕੋਡ ਬਣਾ ਦਿੱਤੇ ਹਨ।ਮੋਦੀ ਨੇ ਮਜ਼ਦੂਰ ਵਿਰੋਧੀ ਨੀਤੀਆਂ ਵੱਡੇ ਪੱਧਰ ਤੇ ਲਾਗੂ ਕਰਦਿਆਂ ਸਮੁੱਚੇ ਦੇਸ਼ ਨੂੰ ਸਰਮਾਏਦਾਰਾਂ ਕੋਲ ਵੇਚ ਦਿੱਤਾ ਹੈ। ਜੋ ਸਰਕਾਰੀ ਅਦਾਰੇ ਮੁਨਾਫੇ ਵਿੱਚ ਜਾ ਰਹੇ ਸਨ ਉਨ੍ਹਾਂ ਦਾ ਵੀ ਨਿੱਜੀਕਰਨ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਕਿਰਤ ਕਾਨੂੰਨਾਂ ਨੂੰ ਮੁੜ ਬਹਾਲ ਕੀਤਾ ਜਾਵੇ ਅਤੇ ਨਿੱਜੀਕਰਨ ਤੇ ਠੇਕੇਦਾਰੀ ਸਿਸਟਮ ਤੇ ਤੁਰੰਤ ਰੋਗ ਲਗਾਈ ਜਾਵੇ। ਉਨ੍ਹਾਂ ਕਿਹਾ ਕਿ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ ਜਿਸ ਨੂੰ ਸਫਲ ਬਣਾਉਣ ਲਈ ਸਮੁੱਚੇ ਮਜ਼ਦੂਰਾਂ ਵੱਲੋਂ ਕਮਰ ਕੱਸ ਕਰ ਲਏ ਗਏ ਹਨ।9 ਜੁਲਾਈ ਨੂੰ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਇੱਕ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ।ਇਸ ਮੌਕੇ ਧਰਮਪਾਲ, ਸ਼ਮਸ਼ੇਰ ਸਿੰਘ ਸ਼ੇਰ, ਪ੍ਰਤਾਪ ਸਿੰਘ ਖਾਪੜਖੇੜੀ, ਚਰਨਜੀਤ ਮਜੀਠਾ ਆਦਿ ਸਾਥੀ ਹਾਜ਼ਰ ਸਨ।

# ਨਿਊ ਅੰਮ੍ਰਿਤਸਰ ਐਂਟਰੀ ਗੇਟ ਦੇ ਸੁੰਦਰੀਕਰਨ ਲਈ ਰਾਸ਼ਟਰੀ ਝੰਡਾ ਤੇ ਫੁਹਾਰਾ ਲਗਾਉਣ ਦਾ ਕੰਮ ਸ਼ੁਰੂ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)** ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਅਤੇ ਪੂਰਬੀ ਵਿਧਾਨ ਸਭਾ ਹਲਕਾ ਵਿਧਾਇਕਾ ਜੀਵਨਜੋਤ ਕੌਰ ਨੇ ਭਾਈ ਗੁਰਦਾਸ ਜੀ ਨਗਰ ਨਿਊ ਅੰਮ੍ਰਿਤਸਰ ਐਂਟਰੀ ਗੇਟ 'ਤੇ ਸੁੰਦਰੀਕਰਨ ਲਈ ਰਾਸ਼ਟਰੀ ਝੰਡਾ ਅਤੇ ਫੁਹਾਰਾ ਲਗਾਉਣ ਦਾ ਉਦਘਾਟਨ ਕੀਤਾ।ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਸ਼ਹਿਰ ਦੇ ਪ੍ਰਵੇਸ਼ ਦੁਆਰ ਭਾਈ ਗੁਰਦਾਸ ਜੀ ਨਗਰ ਨਿਊ ਅੰਮ੍ਰਿਤਸਰ ਜੀਟੀ ਰੋਡ 'ਤੇ ਲਗਭਗ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਰਾਸ਼ਟਰੀ ਝੰਡਾ ਲਗਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਦੇ ਨਾਲ ਹੀ ਇੱਥੇ ਸੁੰਦਰੀਕਰਨ ਲਈ ਫੁਹਾਰਾ ਵੀ ਲਗਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਨਾਲ ਨਿਊ ਅੰਮ੍ਰਿਤਸਰ ਐਂਟਰੀ ਗੇਟ ਦੀ ਸੁੰਦਰਤਾ ਵਧੇਗੀ। ਉਨ੍ਹਾਂ ਕਿਹਾ ਕਿ ਇਹ ਹਰ ਦਾ ਕੇਂਦਰ ਵੀ ਬਣੇਗਾ।ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਆਪਣੀ ਹਰ ਯੋਜਨਾ ਨੂੰ ਪ੍ਰਫੁੱਲਤ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ 35 ਸਾਲਾਂ ਬਾਅਦ, ਇੰਪਰੂਵਮੈਂਟ ਟਰੱਸਟ ਭਾਈ ਗੁਰਦਾਸ ਜੀ ਨਗਰ ਵਿੱਚ ਨਾਜਾਇਜ਼ ਕਬਜ਼ੇ ਹਟਾ ਕੇ ਸੜਕਾਂ ਬਣਾ ਰਿਹਾ ਹੈ।ਇਸ ਇਲਾਕੇ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਇਸਦਾ ਫਾਇਦਾ ਹੋਵੇਗਾ।ਉਨ੍ਹਾਂ ਕਿਹਾ ਕਿ ਰਾਸ਼ਟਰੀ ਝੰਡਾ ਅਤੇ ਫੁਹਾਰਾ ਬਣਾਉਣ ਵਾਲੀ ਕੰਪਨੀ 5 ਸਾਲਾਂ ਤੱਕ ਇਸਦੀ ਦੇਖਭਾਲ ਵੀ ਕਰੇਗੀ।ਉਨ੍ਹਾਂ ਕਿਹਾ ਕਿ ਨਿਊ ਅੰਮ੍ਰਿਤਸਰ ਐਂਟਰੀ ਗੇਟ 'ਤੇ ਭਾਈ ਗੁਰਦਾਸ ਜੀ ਨਗਰ ਨੂੰ ਪੰਜਾਬ ਦੇ ਮਾਡਲ ਵਜੋਂ ਜਾਣਿਆ ਜਾਵੇਗਾ।ਇਸ ਮੌਕੇ ਪੂਰਬੀ ਵਿਧਾਨ ਸਭਾ ਹਲਕੇ ਦੀ ਵਿਧਾਇਕ ਜੀਵਨਜੋਤ ਕੌਰ ਨੇ ਕਿਹਾ ਕਿ ਪੂਰਬੀ ਵਿਧਾਨ ਸਭਾ ਹਲਕੇ ਦੇ ਸਾਰੇ ਖੇਤਰ ਜੋ ਕਿ ਸੁਧਾਰ ਟਰੱਸਟ ਦੇ ਅਧੀਨ ਆਉਂਦੇ ਹਨ, ਨੂੰ ਪੂਰੀ ਤਰ੍ਹਾਂ ਵਿਕਸਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੁਧਾਰ ਟਰੱਸਟ ਆਪਣੀ ਹਰ ਯੋਜਨਾ ਨੂੰ ਪ੍ਰਫੁੱਲਤ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਸੁਧਾਰ ਟਰੱਸਟ ਦੇ ਅਧੀਨ ਆਉਣ ਵਾਲੇ ਖੇਤਰ ਵਿੱਚ ਸੀਵਰੇਜ ਪ੍ਰਣਾਲੀ ਅਤੇ ਸਟਰੀਟ ਲਾਈਟਾਂ ਦਾ ਵੀ ਧਿਆਨ ਰੱਖਿਆ ਜਾ ਰਿਹਾ ਹੈ।ਇਸ ਮੌਕੇ ਕੌਂਸਲਰ ਅਮਰਜੀਤ ਕੌਰ, ਕੌਂਸਲਰ ਸੁੱਖ ਚੌਹਾਨ, ਕੌਂਸਲਰ ਸਤਨਾਮ ਸਿੰਘ, ਕੌਂਸਲਰ ਗੁਰਦਿਆਲ ਸਿੰਘ, ਗੁਰਕੇਵਲ ਸਿੰਘ, ਬਲਕਾਰ ਸਿੰਘ ਸੋਹਨ, ਅਜੈ ਸੂਰੀ, ਐੱਸਐੱਸ ਮੱਲੀ, ਐੱਸਕੇ ਧੀਰ, ਗੁਰਪ੍ਰੀਤ ਸਿੰਘ ਅਤੇ ਇਲਾਕੇ ਦੇ ਲੋਕ ਵੀ ਮੌਜੂਦ ਸਨ।

# ਲੁਧਿਆਣਾ ਪੱਛਮੀ ਜ਼ਿਮਨੀ ਚੋਣ 'ਚ 'ਆਪ' ਦੀਆਂ ਸੁਹਿਰਦ ਨੀਤੀਆਂ ਦੀ ਜਿੱਤ : ਰਾਜੀਵ ਸ਼ਰਮਾ



**ਗੁਰਦਾਸਪੁਰ, (ਜਨਕ ਮਹਾਜਨ)**-ਚੇਅਰਮੈਨ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਅਤੇ ਇੰਚਾਰਜ ਲੋਕ ਸਭਾ ਹਲਕਾ ਗੁਰਦਾਸਪੁਰ ਨੇ ਰਾਜੀਵ ਸ਼ਰਮਾ ਲੁਧਿਆਣਾ ਜ਼ਿਮਨੀ ਚੋਣ ਦੀ ਜਿੱਤ ਨੂੰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੇ ਭਰੋਸਾ ਦੱਸਦੇ ਹੋਏ ਕਿਹਾ ਕਿ ਇਸ ਜਿੱਤ ਨੇ ਜਿੱਥੇ ਪਾਰਟੀ ਵਰਕਰਾਂ 'ਚ ਨਵਾਂ ਜੋਸ਼ ਭਰ ਦਿੱਤਾ ਹੈ ਉੱਥੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮੁੱਢ ਬੰਨ੍ਹ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਜੀਵ ਅਰੋੜਾ ਦੀ ਜਿੱਤ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ, ਭਗਵੰਤ ਮਾਨ ਸਰਕਾਰ ਦੇ ਕੰਮਾਂ ਅਤੇ ਸਾਡੇ ਵਲੰਟੀਅਰਾਂ ਦੀ ਜਿੱਤ ਹੈ। ਉਨ੍ਹਾਂ ਨੇ ਕਿਹਾ ਕਿ ਇਸ ਜਿੱਤ ਦੇ ਨਾਲ ਇੱਥੇ ਪਾਰਟੀ ਦਾ ਗਰਾਫ ਉੱਚਾ ਹੋਇਆ ਹੈ ਉੱਥੇ ਹੀ ਵਰਕਰਾਂ ਦੇ ਹੌਸਲਾ ਵੀ ਵਧਿਆ ਹੈ। ਇਸ ਜਿੱਤ ਦੇ ਨਾਲ ਅਸੀਂ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵੀ ਜਿੱਤਾਂਗੇ ਅਤੇ ਪੁਰਾਣੇ ਵਰਕਰਾਂ ਨੂੰ ਅੱਗੇ ਲੈ ਕੇ ਆਵਾਂਗੇ। ਉਨ੍ਹਾਂ ਦੇ ਹੱਕਾਂ ਤੇ ਵੀ ਪਹਿਰਾ ਦੇਵਾਂਗੇ। ਇਹ ਜਿੱਤ ਜਿੱਥੇ ਪਾਰਟੀ ਦੀ ਜਿੱਤ ਹੈ ਉੱਥੇ ਪਾਰਟੀ ਵਰਕਰਾਂ ਦੀ ਵੀ ਜਿੱਤ ਹੈ। ਇਸ ਮੌਕੇ ਉਨ੍ਹਾਂ ਨਾਲ ਹੋਰ ਵੀ ਪਾਰਟੀ ਵਰਕਰ ਮੌਜੂਦ ਸਨ।

# ਫ੍ਰੀ ਮੈਡੀਕਲ ਕੈਂਪ ਲਗਾਇਆ



**ਹੁਸ਼ਿਆਰਪੁਰ (ਓ ਪੀ ਰਾਣਾ)** ਬਾੜੀਆਂ ਕਲਾਂ ਵਿਖੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਫ੍ਰੀ ਚੈਕਅੱਪ ਕਰਕੇ ਦਵਾਈਆਂ ਵੀ ਦਿੱਤੀਆਂ ਗਈਆਂ। ਹਰਭਜਨ ਸਿੰਘ ਪਾਲਦੀ ਪੰਪ ਵਾਲਿਆਂ ਦੇ ਸਮਾਜ ਸੇਵੀ ਪਰਵਾਰ ਵਲੋਂ ਫ੍ਰੀ ਮੈਡੀਕਲ ਕੈਂਪ ਦੀਆਂ ਸੇਵਾਵਾਂ ਪ੍ਰਾਪਤ ਕਰਕੇ ਇਹ ਮੈਡੀਕਲ ਕੈਂਪ ਲਗਾਇਆ ਗਿਆ ।ਉਦਘਾਟਨ ਸਰਪੰਚ ਮਨਜੀਤ ਕੌਰ ਨੇ ਕੀਤਾ । ਇਸ ਮੌਕੇ ਗ੍ਰਾਮ ਪੰਚਾਇਤ ਮੈਂਬਰ ਹਰਪ੍ਰੀਤ ਸਿੰਘ ਬੇਦੀ, ਨੰਬਰਦਾਰ ਰਾਜੇਸ਼ ਕੁਮਾਰ, ਪਲਵਿੰਦਰ ਕੌਰ , ਚੰਨਣ ਰਾਮ, ਹਰਜਿਦੰਰ, ਬਿੱਟੂ ਢੰਡਾ, ਪਰਮਜੀਤ ਸਿੰਘ, ਨਿਰਮਲ ਸਿੰਘ, ਜਗਤਾਰ ਸਿੰਘ,ਸਤਨਾਮ ਸਿੰਘ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਪੂਰਬੀ ਮੰਡਲ ਅੰਮ੍ਰਿਤਸਰ ਦੀ ਅਹਿਮ ਇਕੱਤਰਤਾ

## ਕਰਮਚਾਰੀਆਂ ਦੀਆਂ ਸਬ-ਅਰਬਨ ਮੰਡਲ ਵਿਖੇ ਕੀਤੀਆਂ ਬਦਲੀਆਂ ਤੁਰੰਤ ਰੱਦ ਕਰਨ ਦੀ ਕੀਤੀ ਮੰਗ

**ਵੇਰਕਾ (ਰਾਣਾ)**

ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਪੂਰਬੀ ਮੰਡਲ ਅੰਮ੍ਰਿਤਸਰ ਦੀ ਅਹਿਮ ਮੀਟਿੰਗ ਬਟਾਲਾ ਰੋਡ, ਅੰਮ੍ਰਿਤਸਰ ਵਿਖੇ ਹੋਈ ਜਿਸ ਵਿੱਚ ਬਾਰਡਰ ਜ਼ੋਨ ਦੇ ਆਗੂ ਗੁਰੂਵੰਤ ਸਿੰਘ ਸੋਹੀ ਅਤੇ ਸਬ ਅਰਬਨ ਸਰਕਲ ਦੇ ਪ੍ਰਧਾਨ ਗੁਰਬਖਸ਼ੀਸ਼ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਇਸ ਇਕੱਠ ਵਿੱਚ ਪਿਛਲੇ ਦਿਨਾਂ ਵਿੱਚ ਟੈਕਨੀਕਲ ਕਾਮਿਆਂ ਦੀ ਭਾਰੀ ਕਮੀ ਦੇ ਬਾਵਜੂਦ ਪ੍ਰਬੰਧਕੀ ਆਧਾਰ ਦੇ ਨਾਂਅ 'ਤੇ ਟੈਕਨੀਕਲ ਕਾਮਿਆਂ ਦੀਆਂ ਬੇਤੁਕੀਆਂ ਅਤੇ ਬੇਲੋੜੀਆਂ ਬਦਲੀਆਂ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ।ਇਸ ਮੌਕੇ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿਨੋਂ-ਦਿਨ ਕੰਮ ਦਾ ਬੋਝ ਵਧ ਰਿਹਾ ਹੈ ਅਤੇ ਮੁਲਾਜ਼ਮਾਂ ਦੀ ਗਿਣਤੀ ਵੱਡੇ ਪੱਧਰ 'ਤੇ ਘਟ ਰਹੀ ਹੈ।ਇਸ ਦੇ ਬਾਵਜੂਦ ਫੀਲਡ ਵਿੱਚ ਦਿਨ ਰਾਤ ਦੀਆਂ ਡਿਊਟੀਆਂ ਕਰ ਰਹੇ ਕਰਮਚਾਰੀਆਂ ਨੂੰ ਪ੍ਰੇਸ਼ਾਨ ਕਰਨ ਲਈ ਉਨ੍ਹਾਂ ਦੀਆਂ ਬੇਤੁਕੀਆਂ ਤੇ ਬੇਲੋੜੀਆਂ ਬਦਲੀਆਂ ਕੀਤੀਆਂ ਜਾ ਰਹੀਆਂ ਹਨ।ਮੈਨੇਜਮੈਂਟ ਦੀਆਂ ਹਦਾਇਤਾਂ ਮੁਤਾਬਿਕ ਦਫਤਰਾਂ ਵਿੱਚ ਕੰਮ ਕਰ ਰਹੇ ਟੈਕਨੀਕਲ ਮੁਲਾਜ਼ਮਾਂ ਨੂੰ ਬਣਦੀ ਫੀਲਡ ਡਿਊਟੀ 'ਤੇ ਨਹੀਂ ਲਗਾਇਆ ਜਾ ਰਿਹਾ।ਜਥੇਬੰਦੀ ਵੱਲੋਂ ਇਸ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ।ਜਥੇਬੰਦੀ ਦੇ ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਫੀਲਡ ਵਿੱਚ ਮੁਲਾਜ਼ਮਾਂ ਦੀ ਭਾਰੀ ਕਮੀ ਨੂੰ ਦੇਖਦਿਆਂ ਨਵੀਂ ਭਰਤੀ ਜਲਦ ਤੋਂ ਜਲਦ ਯਕੀਨੀ ਬਣਾਈ ਜਾਵੇ ਅਤੇ ਦਫਤਰਾਂ ਵਿੱਚ ਕੰਮ ਕਰ ਰਹੇ ਟੈਕਨੀਕਲ ਕਾਮਿਆਂ ਨੂੰ ਬਣਦੀਆਂ ਫੀਲਡ ਦੀਆਂ ਡਿਊਟੀਆਂ ਉੱਪਰ ਲਗਾਇਆ ਜਾਵੇ।ਇਸ ਦੇ ਨਾਲ ਹੀ ਪੂਰਬੀ ਮੰਡਲ ਦੇ ਕਰਮਚਾਰੀਆਂ ਦੀਆਂ ਸਬ ਅਰਬਨ ਮੰਡਲ ਵਿਖੇ ਕੀਤੀਆਂ ਗਈਆਂ ਬਦਲੀਆਂ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕੀਤਾ ਜਾਵੇ।ਇਸ ਮੌਕੇ ਸਰਕਲ ਸਕੱਤਰ ਵਿਸ਼ਾਲ ਸ਼ਰਮਾ, ਮੰਡਲ ਪ੍ਰਧਾਨ ਭੁਪਿੰਦਰ ਸਿੰਘ, ਸਰਕਲ ਆਗੂ ਰਜਿੰਦਰ ਕੁਮਾਰ ਜੇਈ, ਸਵਿੰਦਰ ਪਾਲ ਸਿੰਘ ਜੇਈ, ਸਬ ਡਵੀਜ਼ਨ ਸਕੱਤਰ ਗੁਰਪ੍ਰੀਤ ਸਿੰਘ, ਮਨਜੀਤ ਸਿੰਘ ਢੱਡੇ, ਅਜੇਪਾਲ ਸਿੰਘ, ਸੰਜੀਵ ਕੁਮਾਰ, ਬੱਲੀ ਰਾਮ, ਚੰਦਨ, ਪਿਆਰ ਚੰਦ, ਕੁਲਦੀਪ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਹਾਜ਼ਰ ਸਨ।

# ਸਮਾਜ ਸੇਵੀ ਦਲਵਿੰਦਰ ਸਿੰਘ ਪਰਮਾਰ ਦਾ ਸਨਮਾਨ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਦੇ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵਲੋਂ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨੂਰੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ 4 ਜਨਵਰੀ 2023 ਤੋਂ ਚਲਾਈ ਜਾ ਰਹੀ ਹੈ। ਜਿੱਥੇ ਕਿ ਪੂਰੇ ਪੰਜਾਬ ਤੋਂ ਹਿਮਾਚਲ ਪ੍ਰਦੇਸ਼ ਅਤੇ ਹਰਿਆਣੇ ਤੋਂ ਸੰਗਤ ਦਵਾਈ ਲੈਣ ਆ ਰਹੀ ਹੈ। ਇਲਾਕੇ ਦੇ ਸਮਾਜ ਸੇਵੀ ਪਿੰਡ ਮਾਇਉਪੱਟੀ ਨਿਵਾਸੀ ਦਲਵਿੰਦਰ ਸਿੰਘ ਪਰਮਾਰ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਕਟਰ ਤਰਸੇਮ ਸਿੰਘ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ,ਲੈਬ ਟੈਕਨੀਸ਼ੀਅਨ ਲਵਪ੍ਰੀਤ ਕੌਰ, ਸੰਦੀਪ ਕੌਰ ਪਾਸ਼ਟਾ, ਪ੍ਰੀਆ ਨੂਰੜ, ਹਰਪ੍ਰੀਤ ਕੌਰ ਪਾਸ਼ਟਾਂ, ਸੰਤੋਸ ਕੌਰ, ਹਰਦੀਪ ਸਿੰਘ,ਰਾਮ ਲਾਲ ਅਤੇ ਹਰਦੀਪ ਕੌਰ ਆਦਿ ਹਾਜ਼ਰ ਸਨ।

# ਸਮੇਤ ਡੱਬਿਆਂ ਮਠਿਆਈ ਤੋਲ ਕੇ ਦੁਕਾਨਦਾਰ ਸ਼ਰੇਆਮ ਕਰ ਰਹੇ ਨੇ ਗਾਹਕਾਂ ਦੀ ਲੁੱਟ-ਖਸੁੱਟ

**ਗੁਰਦਾਸਪੁਰ, (ਜਨਕ ਮਹਾਜਨ)**

ਸਰਕਾਰ ਦੁਆਰਾ ਡੱਬਿਆਂ ਸਮੇਤ ਹਲਵਾਈਆਂ ਵੱਲੋਂ ਮਠਿਆਈਆਂ ਤੋਲਣ 'ਤੇ ਲਗਾਈ ਪਾਬੰਦੀ ਦੇ ਬਾਵਜੂਦ ਜ਼ਿਆਦਾਤਰ ਹਲਵਾਈ ਸਮੇਤ ਡੱਬਾ ਮਠਿਆਈ ਤੋਲਣ ਤੋਂ ਬਾਜ਼ ਨਹੀਂ ਆ ਰਹੇ ਅਤੇ ਇਸੇ ਤਰ੍ਹਾਂ ਲੋਕਾਂ ਨਾਲ ਭਾਰੀ ਠੱਗੀ ਮਾਰ ਰਹੇ ਹਨ ਕਿਉਂ ਜੋ ਕਈ ਮਠਿਆਈਆਂ 600-700 ਪ੍ਰਤੀ ਕਿਲੋ ਵੇਚ ਕੇ ਏਸੇ ਭਾਅ 'ਤੇ ਡੱਬਾ ਤੋਲ ਕੇ ਵੇਚਿਆ ਜਾਂਦਾ ਹੈ। ਅਜਿਹਾ ਸ਼ਹਿਰ ਗੁਰਦਾਸਪੁਰ ਦੇ ਨਾਲ ਨਾਲ ਦਿਹਾਤੀ ਖੇਤਰ ਵਿੱਚ ਵੀ ਵੇਖਣ ਨੂੰ ਮਿਲ ਰਿਹਾ ਹੈ। ਤਾਜ਼ਾ ਮਾਮਲਾ ਗੁਰਦਾਸਪੁਰ ਸ਼ਹਿਰ ਦੇ ਨੇੜਲੇ ਕਸਬਾ ਬਹਿਰਾਮਪੁਰ ਤੋਂ ਸੁਣਨ ਨੂੰ ਮਿਲ ਰਿਹਾ ਜਿੱਥੇ ਇੱਕ ਗਾਹਕ ਵੱਲੋਂ ਕਸਬਾ ਬਹਿਮਪੁਰ ਤੋਂ ਇੱਕ ਹਲਵਾਈ ਦੀ ਦੁਕਾਨ ਤੋਂ ਇਕ ਕਿਲੋ ਮਠਿਆਈ ਖਰੀਦੀ ਗਈ ਤਾਂ ਉਕਤ ਹਲਵਾਈ ਨੇ ਕੰਪਿਊਟਰ ਵਾਲੇ ਕੰਡੇ ਤੇ ਸਮੇਤ ਡੱਬੇ ਮਠਿਆਈ ਤੋਲ ਕੇ ਗਾਹਕ ਦੇ ਹੱਥ ਫੜਾ ਦਿੱਤੀ। ਪੀੜਤ ਗਾਹਕ ਨੂੰ ਮਠਿਆਈ ਦੇ ਭਾਅ 'ਤੇ ਡੱਬਾ ਖਰੀਦਣਾ ਪਿਆ ਜੋ ਕਿ ਗਾਹਕ ਨਾਲ ਸਰਾਸਰ ਲੁੱਟ ਹੈ ਅਤੇ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਦੀ ਉਲੰਘਣਾ ਹੈ। ਉਕਤ ਹਲਵਾਈ ਸਰਕਾਰ ਦੇ ਕਾਨੂੰਨ ਦੀ ਉਲੰਘਣਾ ਕਰਦੇ ਹੋਏ ਲੋਕਾਂ ਦੀ ਲੁੱਟ ਕਰ ਰਹੇ ਹਨ ਕਿਉਂ ਜੋ ਸਿਵਿਲ ਸਪਲਾਈ ਵਿਭਾਗ ਦਾ ਧਿਆਨ ਅਤੇ ਸਮੇਂ ਸਮੇਂ ਸਿਰ ਚੈਕਿੰਗ ਨਾ ਹੋਣ ਕਰਕੇ ਅਜਿਹਾ ਗੈਰ-ਕਾਨੂੰਨੀ ਢੰਗ ਨਾਲ ਲੋਕਾਂ ਦੀ ਲੁੱਟ ਸ਼ਰੇਆਮ ਜਾਰੀ ਹੈ। ਲੋਕਾਂ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ ਕਈ ਹੋਰ ਦੁਕਾਨਦਾਰ ਜਿਵੇਂ ਪੁਰਾਣਾ ਸ਼ਾਲਾ ਦੀ ਚੱਕ ਸਰੀਫ਼ ਰੋਡ 'ਤੇ ਸਥਿਤ ਸਵੀਟਸ਼ਾਪ 'ਤੇ ਡੱਬੇ ਸਮੇਤ ਮਠਿਆਈਆਂ ਤੋਲ ਕੇ ਲੋਕਾਂ ਦੀ ਲੁੱਟ ਕਰ ਰਹੇ ਹਨ। ਪੀੜਤ ਨੇ ਦੱਸਿਆ ਕਿ ਗੁਰਦਾਸਪੁਰ ਸ਼ਹਿਰ ਦੀ ਪੁਲਸ ਲਾਈਨ ਰੋਡ, ਬੀਕਾਨੇਰ ਚੌਂਕ ਤੇ ਹੋਰ ਕਈ ਥਾਵਾਂ 'ਤੇ ਵੱਡੀਆਂ-ਵੱਡੀਆਂ ਦੁਕਾਨਾਂ 'ਤੇ ਡੱਬਿਆਂ ਸਮੇਤ ਮਹਿੰਗੀ-ਮਹਿੰਗੀ ਮਠਿਆਈ ਡੱਬੇ ਸਮੇਤ ਤੋਲ ਕੇ ਸ਼ਰੇਆਮ ਵੇਚ ਰਹੇ ਹਨ। ਪੀੜਤ ਦੀ ਮੰਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਤੋਂ ਇਲਾਵਾ ਪੁਲਸ ਵਿਭਾਗ ਵੀ ਅਜਿਹੇ ਦੁਕਾਨਦਾਰਾਂ ਖ਼ਿਲਾਫ਼ ਬਣਦੀ ਕਾਰਵਾਈ ਕਰਨ ਦੇ ਨਾਲ ਡੱਬੇ ਸਮੇਤ ਮਠਿਆਈ ਤੋਲਣ ਵਾਲੇ ਦੁਕਾਨਦਾਰਾਂ ਦਾ ਚਲਾਨ ਕੱਟੇ ਤਾਂ ਜੋ ਆਮ ਲੋਕਾਂ ਦੀ ਲੁੱਟ ਨਾ ਹੋ ਸਕੇ।

# ਸ਼ਰਾਬ ਦੀਆਂ ਦੁਕਾਨਾਂ ਦੀ ਨੀਲਾਮੀ 'ਚ ਧਮਕੀ ਬਰਦਾਸ਼ਤ ਨਹੀਂ ਹੋਵੇਗੀ- ਡਾ. ਮਿਸ਼ਰਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਸਾਰੇ ਸੰਭਾਵਿਤ ਬੋਲੀਦਾਤਾਵਾਂ ਤੋਂ ਅਗਾਮੀ ਸ਼ਰਾਬ ਦੀਆਂ ਦੁਕਾਨਾਂ ਦੀ ਨੀਲਾਮੀ ਵਿੱਚ ਬਿਨ੍ਹਾਂ ਕਿਸੇ ਡਰ ਦੇ ਹਿੱਸਾ ਲੈਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਪੂਰੀ ਪ੍ਰਸਾਸ਼ਨਿਕ ਸਹਾਇਤਾ ਅਤੇ ਸੁਰੱਖਿਆ ਦਾ ਭਰੋਸਾ ਦਿੱਤਾ।ਡਾ. ਮਿਸ਼ਰਾ ਨੇ ਕਿਹਾ, ਸਰਕਾਰ ਕਾਨੂੰਨ ਦਾ ਪਾਲਣ ਕਰਨ ਵਾਲੇ ਬੋਲੀਦਾਤਾਵਾਂ ਦੇ ਪਿੱਛੇ ਮਜਬੂਤੀ ਨਾਲ ਖੜੀ ਹੈ। ਕਿਸੇ ਵੀ ਵਿਅਕਤੀ ਨੂੰ ਵੈਧ ਸਰਕਾਰੀ ਪ੍ਰਕ੍ਰਿਆ ਵਿੱਚ ਹਿੱਸਾ ਲੈਣ ਤੋਂ ਡਰਨ ਜਾਂ ਨਿਰਾਸ਼ ਨਹੀਂ ਹੋਣਾ ਚਾਹੀਦਾ ਹੈ। ਅਸੀਂ ਹਰੇਕ ਪ੍ਰਤੀਭਾਗੀ ਨੂੰ ਪੂਰੀ ਸੁਰੱਖਿਆ ਯਕੀਨੀ ਕਰਾਂਗੇ। ਡਾ. ਮਿਸ਼ਰਾ ਨੇ ਯਮੁਨਾਨਗਰ, ਕੁਰੂਕਸ਼ੇਤਰ, ਜੀਂਦ, ਹਿਸਾਰ, ਰੋਹਤਕ, ਕਰਨਾਲ ਅਤੇ ਅੰਬਾਲਾ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ (ਡੀਸੀ), ਪੁਲਸ ਸੁਪਰਡੈਂਟ (ਐਸਪੀ) ਅਤੇ ਜਿਲ੍ਹਾ ਆਬਕਾਰੀ ਅਤੇ ਕਰਾਧਾਨ ਕਮਿਸ਼ਨਰਾਂ (ਡੀਈਟੀਸੀ) ਦੇ ਨਾਲ ਕਾਨੂੰਨ ਅਤੇ ਵਿਵਸਥਾ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰਦੇ ਹੋਏ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਨੇ ਸਪੱਸ਼ਟ ਰੂਪ ਨਾਲ ਕਿਹਾ ਕਿ ਸੂਬਾ ਸਰਕਾਰ ਅਗਾਮੀ ਨੀਲਾਮੀ ਵਿੱਚ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਦਖਲਅੰਦਾਜੀ ਨੂੰ ਬਰਦਾਸ਼ਤ ਨਹੀਂ ਕਰੇਗੀ। ਨੀਲਾਮੀ ਪ੍ਰਕ੍ਰਿਆ ਦੀ ਇਮਾਨਦਾਰੀ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਜੇਕਰ ਕੋਈ ਅਧਿਕਾਰੀ ਲਾਪ੍ਰਵਾਹੀ ਜਾਂ ਮਿਲੀਭੁਗਤ ਕਰਦਾ ਪਾਇਆ ਗਿਆ ਤਾਂ ਉਸ ਦੇ ਵਿਰੁੱਧ ਸਖਤ ਵਿਭਾਗ ਦੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਨੇ ਨੀਲਾਮੀ ਦੇ ਸੁਚਾਰੂ ਅਤੇ ਪਾਰਦਰਸ਼ੀ ਸੰਚਾਲਨ ਨੂੰ ਯਕੀਨੀ ਕਰਨ ਲਈ ਵੀਡੀਓ ਨਿਗਰਾਨੀ, ਸੰਵੇਦਨਸ਼ੀਲ ਖੇਤਰਾਂ ਵਿੱਚ ਵੱਧ ਪੁਲਸ ਫੋਰਸ ਦੀ ਤੈਨਾਤੀ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਨਜਦੀਕੀ ਤਾਲਮੇਲ ਦੇ ਮਤਹੱਵ 'ਤੇ ਵੀ ਜੋਰ ਦਿੱਤਾ।ਮੀਟਿੰਗ ਵਿੱਚ ਆਬਕਾਰੀ ਅਤੇ ਕਰਾਧਾਨ ਵਿਭਾਗ ਦੀ ਕਮਿਸ਼ਨਰ ਅਤੇ ਸਕੱਤਰ ਸ੍ਰੀਮਤੀ ਆਸ਼ਿਮਾ ਬਰਾੜ, ਆਬਕਾਰੀ ਅਤੇ ਕਰਾਧਾਨ ਕਮਿਸ਼ਨਰ ਵਿਨੈ ਪ੍ਰਤਾਪ ਸਿੰਘ, ਏਡੀਜੀਪੀ/ਕਾਨੂੰਨ ਅਤੇ ਵਿਵਸਥਾ ਸੰਜੈ ਕੁਮਾਰ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਸਰਕਾਰੀ ਜਬਰ ਵਿਰੁੱਧ ਲੋਕ ਲਹਿਰ ਉਸਾਰਨ ਦਾ ਸੱਦਾ

**ਮਹਿਤਪੁਰ (ਰਾਜਾ)** ਇਲਾਕੇ ਅੰਦਰ ਲੰਮੇ ਸਮੇਂ ਤੋਂ ਬੇਜ਼ਮੀਨੇ ਮਜ਼ਦੂਰਾਂ/ ਦਲਿਤਾਂ ਦੇ ਹੱਕਾਂ ਹਿੱਤਾਂ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਭਵਨ ਵਿਖੇ ਕਾਡਰ ਚੇਤਨਾ ਕੈਂਪ ਵਿਚ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ। ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਆਗੂ ਗਿਆਨ ਸੈਦਪੁਰੀ ਨੇ ਜਥੇਬੰਦੀਆਂ ਦੇ ਮੁਹਰਲੀ ਪਰਤ ਦੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਨਾਲ ਕੀਤੇ ਵਾਅਦੇ ਵਫ਼ਾ ਨਹੀਂ ਹੋਏ ਉਲਟਾ ਪੰਜਾਬ ਸਰਕਾਰ ਪੁਲਸ ਬਲ ਦੇ ਜ਼ੋਰ ਮਜ਼ਦੂਰਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਉਨਾਂ ਪੰਜਾਬ ਸਮੇਤ ਇਲਾਕੇ ਅੰਦਰ ਹੋ ਰਹੀਆਂ ਲੁੱਟਾਂ ਖੋਹਾਂ, ਕਤਲਾਂ ਅਤੇ ਨਸ਼ਿਆਂ ਦੀ ਖੁਲ੍ਹੇਆਮ ਵਰਤੋਂ ਤੇ ਵਿੱਕਰੀ ਉੱਪਰ ਸਵਾਲ ਚੁੱਕਦਿਆਂ ਕਿਹਾ ਕਿ ਇਹ ਸਭ ਕੁਝ ਸਰਕਾਰ ਤੇ ਪੁਲਿਸ ਦੀ ਮਿਲੀ ਭੁਗਤ ਤੋਂ ਬਗੈਰ ਸੰਭਵ ਨਹੀਂ।



ਉਨਾਂ ਕਈ ਪਿੰਡਾਂ ਦੀਆਂ ਉਦਾਹਰਨਾਂ ਦੇ ਕੇ ਦੱਸਿਆ ਆਮ ਲੋਕਾਂ ਨਾਲ ਹੋ ਰਹੇ ਧੱਕੇ ਧੋੜੇ ਦੇ ਕੇਸਾਂ ਵਿੱਚ ਪੁਲਸ ਸੁਣਵਾਈ ਨਹੀਂ ਕਰਦੀ ਤੇ ਲੋਕ ਮਹੀਨਿਆਂ ਬੱਧੀ ਖੱਜਲ ਖੁਆਰ ਹੋ ਕੇ ਬਹਿ ਜਾਂਦੇ ਹਨ। ਉਨਾਂ ਕਿਹਾ ਕਿ ਸਿਆਸੀ ਅਸਰ ਰਸੂਖ ਵਾਲੇ ਲੋਕ ਗਰੀਬਾਂ ਅਤੇ ਉਨਾਂ ਦੇ ਆਗੂਆਂ 'ਤੇ ਝੂਠੇ ਪਰਚੇ ਦਰਜ ਕਰਵਾ ਰਹੇ ਹਨ। ਆਗੂਆਂ ਨੇ ਕਿਹਾ ਕਿ ਅਜਿਹੇ ਮਾਹੌਲ ਵਿਚ ਗ਼ਰੀਬ ਲੋਕ ਨਪੀੜੇ ਜਾ ਰਹੇ ਹਨ ਪਰ ਸਰਕਾਰ ਚੁੱਪ ਧਾਰੀ ਬੈਠੀ ਹੈ। ਉਨਾਂ ਆਪਣੇ ਕਾਡਰ ਨੂੰ ਸੱਦਾ ਦਿੱਤਾ ਕਿ ਇਸ ਮਾਹੌਲ ਨੂੰ ਸਿਰਫ ਤੇ ਸਿਰਫ ਜਥੇਬੰਦ ਲੋਕ ਲਹਿਰ ਹੀ ਬਦਲ ਸਕਦੀ ਹੈ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਪੂਰੇ ਇਲਾਕੇ ਅੰਦਰ ਪਿੰਡ ਪਿੰਡ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਲੋਕ ਮਸਲਿਆਂ 'ਤੇ ਸਾਂਝਾ ਸੰਘਰਸ਼ ਤੇਜ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵਸਾਥੀ ਹਰਪਾਲ ਬਿੱਟੂ, ਹੰਸਰਾਜ ਪੱਬਵਾ, ਪਰਮਜੀਤ ਸਿੰਘ ਰੰਧਾਵਾ, ਸਿਕੰਦਰ ਸਿੰਘ, ਨਿਰਮਲ ਮਲਸੀਆਂ, ਸੁਖਜਿੰਦਰ ਲਾਲੀ ਅਤੇ ਗੁਰਪ੍ਰੀਤ ਸਿੰਘ ਚੀਦਾ ਆਦਿ ਹਾਜ਼ਰ ਸਨ।

# ਖੈਰਦੀ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਪੀਰ ਬਾਬਾ ਬੇਰੀ ਸਾਹਿਬ ਦਾ 18ਵਾਂ ਸਾਲਾਨਾ ਮੇਲਾ

## ਆਜ਼ਾਦ ਗਰੁੱਪ ਨੇ ਝੰਡੀ ਦੀਆਂ ਕੁਸ਼ਤੀਆਂ ਦੇ ਜੇਤੂ ਭਲਵਾਨਾਂ ਨੂੰ ਸਵਾ-ਸਵਾ ਲੱਖ ਦੇ ਦਿੱਤੇ ਵੱਡੇ ਇਨਾਮ

**ਝਬਾਲ, (ਹਰਜਿੰਦਰ ਸਿੰਘ ਸੋਨੀ)**

ਪਿੰਡ ਖੈਰਦੀ ਵਿਖੇ ਪੀਰ ਬਾਬਾ ਬੇਰੀ ਸਾਹਿਬ ਦਾ 18ਵਾਂ ਸਾਲਾਨਾ ਮੇਲਾ ਐੱਨਆਰਆਈ ਵੀਰਾਂ, ਆਜ਼ਾਦ ਗਰੁੱਪ ਤਰਨਤਾਰਨ ਅਤੇ ਪਿੰਡ ਖੈਰਦੀ ਨਗਰ ਦੀਆਂ ਸਮੂਹ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਧੂਮਧਾਮ ਨਾਲ ਮਨਾਇਆ ਗਿਆ।ਪ੍ਰਬੰਧਕਾਂ ਵੱਲੋਂ ਦਰਗਾਹ 'ਤੇ ਚਾਦਰ ਚੜ੍ਹਾਉਣ ਉਪਰੰਤ ਆਯੋਜਿਤ ਸੱਭਿਆਚਾਰਕ ਪ੍ਰੋਗਰਾਮ ਵਿੱਚ ਪ੍ਰਸਿੱਧ ਗਾਇਕ ਜੋੜੀ ਸਰਬਜੀਤ ਬੁੱਗਾ, ਮਨਪ੍ਰੀਤ ਬੁੱਗਾ ਵੱਲੋਂ ਆਪਣੀ ਗਾਇਕੀ ਨਾਲ ਖੁੱਲ੍ਹੇ ਪੰਡਾਲ ਵਿੱਚ ਬੈਠੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ ਜਦਕਿ ਸ਼ਾਮ ਵੇਲੇ ਵਿਸ਼ੇਸ਼ ਤੌਰ ਤੇ ਪ੍ਰਧਾਨ ਕਸ਼ਮੀਰ ਸਿੰਘ ਖੈਰਦੀ, ਐੱਨਆਰਆਈ ਵੀਰ ਗੁਰਮੁਖ ਸਿੰਘ ਜੱਜ, ਕੁਲਦੀਪ ਸਿੰਘ ਜੱਜ, ਅਰਜਨ ਸਿੰਘ ਜੱਜ, ਹਨੀ ਜੱਜ, ਇੰਦਰਬੀਰ ਸਿੰਘ ਜੱਜ, ਸੁਖਵਿੰਦਰ ਸਿੰਘ ਜੱਜ, ਪ੍ਰਮਿੰਦਰ ਸਿੰਘ ਜੱਜ, ਜਸਕਰਨ ਸਿੰਘ ਜੱਜ ਸਮੇਤ ਸਮੁੱਚੇ ਜੱਜ ਪਰਿਵਾਰ ਤੇ ਹੋਰ ਐੱਨਆਰਆਈ ਵੀਰਾਂ ਅਤੇ ਹਲਕਾ ਤਰਨਤਾਰਨ ਦੇ ਆਜ਼ਾਦ ਗਰੁੱਪ ਦੇ ਵੱਡਮੁੱਲੇ ਸਹਿਯੋਗ ਨਾਲ ਨਾਮੀ ਪਹਿਲਵਾਨਾਂ ਦੀਆਂ ਕਰਵਾਈਆਂ ਕੁਸ਼ਤੀਆਂ ਤੋਂ ਇਲਾਵਾ ਝੰਡੀ ਵਾਲੀਆਂ ਕੁਸ਼ਤੀਆਂ ਦੇ ਜੇਤੂ ਭਲਵਾਨ ਜੱਸਾ ਪੱਟੀ, ਅਤੇ ਭਲਵਾਨ ਪ੍ਰਿਤਪਾਲ ਫਗਵਾੜਾ ਨੂੰ ਸਵਾ-ਸਵਾ ਲੱਖ ਰੁਪਏ ਅਤੇ ਖੈਰਦੀ ਦੇ ਭਲਵਾਨ ਨਿਸ਼ਾਨ ਸਿੰਘ ਨੂੰ 31 ਹਜ਼ਾਰ ਰੁਪਏ ਨਗਦ ਇਨਾਮ ਦੇ ਕੇ ਨਿਵਾਜਿਆ ਗਿਆ।ਇਸ ਮੌਕੇ ਆਜ਼ਾਦ ਗਰੁੱਪ ਤਰਨਤਾਰਨ ਦੇ ਪਹਿਲਵਾਨ ਹਰਪਾਲ ਸਿੰਘ ਕੋਟ ਧਰਮ ਚੰਦ, ਡਾਇਰੈਕਟਰ ਦਲਜੀਤ ਸਿੰਘ ਐਮਾ, ਐੱਸਡੀਓ ਮੰਡੀ ਬੋਰਡ ਜਸਕਰਨ ਸਿੰਘ, ਸਰਪੰਚ ਮਨਜੀਤ ਸਿੰਘ ਮੰਨਾ ਪੰਜਵੜ, ਸਰਪੰਚ ਸੁਖਜਿੰਦਰ ਸਿੰਘ ਵਿੱਕੀ ਪੰਜਵੜ, ਸਰਪੰਚ ਸੋਨੂੰ ਦੋਦੇ ਬਰਾੜ, ਸਰਪੰਚ ਜੋਧਬੀਰ ਸਿੰਘ ਪੰਡੋਰੀ, ਚੇਅਰਮੈਨ ਰਮਨ ਕੁਮਾਰ ਝਬਾਲ, ਸਰਪੰਚ ਮਨਜਿੰਦਰ ਸਿੰਘ ਸਿੰਘ ਗੁੱਲੂ ਐਮਾ, ਸਰਪੰਚ ਅਜਮੇਰ ਸਿੰਘ ਕਾਕਾ ਛਾਪਾ, ਸਰਪੰਚ ਜਸਬੀਰ ਸਿੰਘ ਸਵਰਗਾਪੁਰੀ, ਸਰਪੰਚ ਜਗਤਾਰ ਸਿੰਘ ਜੱਗਾ ਸਵਰਗਾਪੁਰੀ, ਅਮਰਿੰਦਰ ਸਿੰਘ ਮਾਣਕ ਬੰਬੇ ਵਾਲੇ, ਪੂਰਨ ਸਿੰਘ ਝਬਾਲ, ਜ਼ਿਲਾ ਪ੍ਰੀਸ਼ਦ ਮੈਂਬਰ ਪ੍ਰਭਜੀਤ ਸਿੰਘ ਪ੍ਰਭ ਕੋਟ, ਰਾਮ ਸਿੰਘ ਨਾਮਧਾਰੀ, ਲਾਲੀ ਮਲਵਈ, ਸਰਪੰਚ ਰੂਪ ਸਿੰਘ ਪੱਧਰੀ, ਸਰਪੰਚ ਸਤਨਾਮ ਸਿੰਘ, ਸਰਪੰਚ ਲਾਡੀ ਐਮਾ, ਸਰਪੰਚ ਮੰਗਲ ਸਿੰਘ ਖੈਰਦੀ, ਸਰਪੰਚ ਕਾਰਜ ਸਿੰਘ ਝੀਤੇ, ਸਰਪੰਚ ਬਲਜੀਤ ਸਿੰਘ ਛਿਛਰੇਵਾਲ, ਸਰਪੰਚ ਮਹਾਂਵੀਰ ਸਿੰਘ, ਸਰਪੰਚ ਬਖਸ਼ੀਸ਼ ਸਿੰਘ ਖੈਰਦੀ, ਜੇਈ ਮਨਦੀਪ ਸਿੰਘ ਖੈਰਦੀ, ਗੁਰਸੇਵਕ ਸਿੰਘ ਐਮਾ ਕਲਾਂ, ਲਖਵਿੰਦਰ ਸਿੰਘ ਸਵਰਗਾਪੁਰੀ, ਮੇਜਰ ਸਿੰਘ ਜਗਤਪੁਰਾ, ਬਲਜੀਤ ਸਿੰਘ ਛਿਛਰੇਵਾਰ, ਸੰਨੀ ਸ਼ੇਰੋਂ, ਨਿਰਮਲ ਸਿੰਘ ਛਾਪਾ, ਸਾਹਿਬ ਸਿੰਘ ਸਮੇਤ ਹਲਕਾ ਤਰਨਤਾਰਨ ਆਜ਼ਾਦ ਗਰੁੱਪ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਵੀ ਹਾਜ਼ਰ ਸਨ।



# ਹੁਸਨਪ੍ਰੀਤ ਸਿਆਲਕਾ ਅੰਮ੍ਰਿਤਸਰ ਦਿਹਾਤੀ ਦੇ ਨਸ਼ਾ ਮੁਕਤੀ ਮੋਰਚੇ ਦੇ ਕੋਆਰਡੀਨੇਟਰ ਨਿਯੁਕਤ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਆਮ ਆਦਮੀ ਪਾਰਟੀ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਕਈ ਅਹਿਮ ਕਦਮ ਚੁੱਕੇ ਜਾ ਰਹੇ ਹਨ।ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਹੋਇਆ ਹੈ।ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਸਰਕਾਰ ਵਲੋਂ ਸਮੇਂ ਸਮੇਂ 'ਤੇ ਕਈ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਅਤੇ ਵੱਖ-ਵੱਖ ਆਗੂਆਂ ਦੀਆਂ ਨਿਯੁਕਤੀਆਂ ਵੀ ਕੀਤੀਆਂ ਜਾ ਰਹੀਆਂ ਹਨ।ਬੀਤੇ ਕੱਲ ਆਮ ਆਦਮੀ ਪਾਰਟੀ ਦੇ ਜੁਝਾਰੂ ਆਗੂ ਹੁਸਨਪ੍ਰੀਤ ਸਿੰਘ ਸਿਆਲਕਾ ਨੂੰ ਅੰਮ੍ਰਿਤਸਰ ਦਿਹਾਤੀ ਦਾ ਨਸ਼ਾ ਮੁਕਤ ਮੋਰਚੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਆਪਣੀ ਨਵੀਂ ਨਿਯੁਕਤੀ ਉਪਰੰਤ ਸਿਆਲਕਾ ਨੇ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਇਸ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਸੂਬਾ ਪ੍ਰਧਾਨ ਅਮਨ ਅਰੋੜਾ, ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਅਤੇ ਮਾਝਾ ਜ਼ੋਨ ਦੇ ਇੰਚਾਰਜ ਮੈਡਮ ਸੋਨੀਆ ਮਾਨ ਤੋਂ ਇਲਾਵਾ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਬਹੁਤ ਬਹੁਤ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੁੱਚੀ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਪਾਰਟੀ ਨੂੰ ਆਪਣੇ ਕੰਮ ਵਿੱਚ ਕਿਸੇ ਤਰ੍ਹਾਂ ਦੀ ਕਮੀ ਨਜ਼ਰ ਨਹੀਂ ਆਉਣ ਦੇਣਗੇ।

# ਸੀਕੇਡੀ ਇੰਸਟੀਚਿਊਟ ਆਫ਼ ਮੈਨੇਜਮੈਂਟ ਅਤੇ ਟੈਕਨਾਲੋਜੀ ਵਿਖੇ ਯੋਗ ਦਿਵਸ ਮਨਾਇਆ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੀਕੇਡੀ ਇੰਸਟੀਚਿਊਟ ਆਫ਼ ਮੈਨੇਜਮੈਂਟ ਅਤੇ ਟੈਕਨਾਲੋਜੀ ਤਰਨ ਤਾਰਨ ਵਿਖੇ ਯੋਗ ਅਭਿਆਸ ਦਾ ਆਯੋਜਨ ਆਨਲਾਈਨ ਕੀਤਾ ਗਿਆ।ਇਸ ਮੌਕੇ ਏਆਈ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਯੋਗ ਦੀਆਂ ਵੱਖ-ਵੱਖ ਕਿਰਿਆਵਾਂ ਕਰਵਾਈਆਂ ਗਈਆਂ ਅਤੇ ਯੋਗ ਦੇ ਲਾਭ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਕੇਵਲ ਮਨ ਨੂੰ ਹੀ ਸ਼ਾਂਤੀ ਨਹੀਂ ਮਿਲਦੀ ਸਗੋਂ ਸਰੀਰ ਵੀ ਸਿਹਤਮੰਦ ਅਤੇ ਤਾਜ਼ਾ ਹੋ ਜਾਂਦਾ ਹੈ।ਇਸ ਮੌਕੇ ਪ੍ਰਿੰਸੀਪਲ ਜਸਬੀਰ ਸਿੰਘ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਯੋਗ ਇਕ ਪੁਰਾਣੀ ਵਿਧੀ ਹੈ ਜਿਸ ਨਾਲ ਤਨ ਤੇ ਮਨ ਦੋਵਾਂ ਨੂੰ ਹੀ ਮਜ਼ਬੂਤ ਕੀਤਾ ਜਾ ਸਕਦਾ ਹੈ। ਕਾਲਜ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਸਰਬਜੀਤ ਸਿੰਘ ਛੀਨਾ ਨੇ ਯੋਗ ਦਿਵਸ ਮੌਕੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸ਼ਲਾਘਾ ਕੀਤੀ।ਅੰਤ ਵਿਚ ਪ੍ਰਿੰਸੀਪਲ ਜਸਬੀਰ ਸਿੰਘ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਪੁਲਸ ਵੱਲੋਂ ਵੱਖ-ਵੱਖ ਮਾਮਲਿਆਂ 'ਚ ਵੱਡੀ ਪੱਧਰ 'ਤੇ ਸ਼ਰਾਬ ਬਰਾਮਦ, 3 ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਭੈਣੀ ਮੀਆਂ ਖਾਂ ਪੁਲਸ ਦੇ ਏਐੱਸਆਈ ਜਸਵਿੰਦਰਪਾਲ ਸਿੰਘ ਨੇ ਸਮੇਤ ਐਕਸਾਈਜ਼ ਇੰਸ. ਦੀਪਕ ਕੁਮਾਰ ਹਲਕਾ ਗੁਰਦਾਸਪੁਰ ਨਾਲ ਦਰਿਆ ਬਿਆਸ ਪਿੰਡ ਮੋਚਪੁਰ ਮੰਡ ਦੀ ਸਰਚ ਦੌਰਾਨ ਨਾਮਾਲੂਮ ਵਿਅਕਤੀ ਵੱਲੋਂ ਸਰਕੰਡਿਆਂ ਵਿੱਚ ਜ਼ਮੀਨਦੋਜ਼ ਰੱਖੀਆਂ 25 ਤਰਪਾਲਾਂ ਪਲਾਸਟਿਕ ਜਿਨ੍ਹਾਂ ਵਿੱਚ 200/200 ਕਿਲੋਗ੍ਰਾਮ ਲਾਹਣ ਕੁੱਲ 5000 ਕਿਲੋ ਲਾਹਣ ਬ੍ਰਾਮਦ ਹੋਈ ਹੈ। ਏਐੱਸਆਈ ਰਾਕੇਸ਼ ਕੁਮਾਰ ਸਮੇਤ ਪੁਲਸ ਪਾਰਟੀ ਦਰਿਆ ਬਿਆਸ ਪਿੰਡ ਮੋਚਪੁਰ ਮੰਡ ਦੀ ਸਰਚ ਕੀਤੀ ਗਈ ਤਾਂ ਸਰਕੰਡਿਆ ਵਿੱਚੋਂ 3 ਕੈਨ ਪਲਾਸਟਿਕ ਬਰਾਮਦ ਹੋਏ। ਹਰੇਕ ਕੈਨ ਵਿੱਚੋਂ 39+39 +39 ਬੋਤਲਾਂ ਸ਼ਰਾਬ ਨਜਾਇਜ਼ ਬਰਾਮਦ ਹੋਈਆਂ। ਇਸੇ ਤਰ੍ਹਾਂ ਥਾਣਾ ਪੁਰਾਣਾ ਸ਼ਾਲਾ ਦੇ ਏਐੱਸਆਈ ਮਨਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਅੱਡਾ ਪੁਰਾਣਾ ਸ਼ਾਲਾ ਮੌਜੂਦ ਸਨ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਵੀਰ ਸਿੰਘ ਪੁੱਤਰ ਅਸ਼ੋਕ ਕੁਮਾਰ ਵਾਸੀ ਨੌਸ਼ਹਿਰਾ ਬਹਾਦਰ ਜ਼ਹਿਰੀਲੇ ਪਦਾਰਥਾ ਤੋਂ ਤਿਆਰ ਕੀਤੀ ਹੋਈ ਸ਼ਰਾਬ, ਜਿਸ ਦੀ ਕੋਈ ਡਿਗਰੀ ਨਹੀਂ ਹੈ, ਭੋਲੇ ਭਾਲੇ ਲੋਕਾਂ ਨੂੰ ਵੇਚ ਕੇ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਤਲਾਹ ਮਿਲਣ 'ਤੇ ਤਫਤੀਸ਼ੀ ਅਫਸਰ ਨੇ ਸਮੇਤ ਪੁਲਸ ਪਾਰਟੀ ਨੌਸ਼ਹਿਰਾ ਬਹਾਦਰ ਸਟੇਡੀਅਮ ਨੇੜੇ ਝਾੜੀਆਂ ਲਾਗੇ ਰੇਡ ਕੀਤਾ ਤਾਂ ਵੀਰ ਸਿੰਘ ਨੂੰ ਬੋਰਾ ਪਲਾਸਟਿਕ ਵਿੱਚ 15,000 ਐੱਮਐੱਲ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ। ਪੁਲਸ ਨੇ ਤਿੰਨਾਂ ਮਾਮਲਿਆ ਵਿਚ ਕਥਿਤ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸਿਆਲਕਾ ਨੇ ਸਾਨੂੰ ਗੁ: ਸਾਹਿਬ ਦੇ ਬਾਹਰ ਨਲਕਾ ਲਗਾਉਣ ਤੋਂ ਰੋਕਿਆ : ਪੰਚਾਇਤ ਮੈਂਬਰ

**ਵੇਰਕਾ (ਰਾਣਾ)**-ਪਿੰਡ ਸਿਆਲਕਾ ਵਿਖੇ ਲੱਗ ਰਹੇ ਨਲਕਿਆਂ ਦੌਰਾਨ ਜਿੱਥੇ ਪੰਚਾਇਤ ਅਤੇ ਉਸਦੇ ਮੈਂਬਰਾਂ ਵੱਲੋਂ ਅਮੀਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਸਮਾਗਮਾਂ ਦੌਰਾਨ ਲੰਗਰ ਬਣਾਉਣ ਦੀ ਸੇਵਾ ਕੀਤੀ ਜਾਂਦੀ ਹੈ, ਉਸ ਜਗ੍ਹਾ 'ਤੇ ਸਹਿਮਤੀ ਨਾਲ 350 ਫੁੱਟ ਬੋਰ ਕਰਵਾ ਕੇ ਨਲਕਾ ਲਗਾਉਣ ਦਾ ਕੰਮ ਸ਼ੁਰੂ ਕਰਵਾ ਰਹੇ ਸੀ।ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀ: ਆਗੂ ਤਰਸੇਮ ਸਿੰਘ ਸਿਆਲਕਾ ਦੇ ਸਾਥੀਆਂ ਵੱਲੋਂ ਰੋਕਿਆ ਗਿਆ।ਇਸ ਬਾਬਤ ਉਪਰੋਕਤ ਦੋਸ਼ ਲਗਾਉਂਦਿਆਂ ਸਰਪੰਚ ਗ੍ਰਾਮ ਪੰਚਾਇਤ ਸਿਆਲਕਾ, ਬਲਾਕ ਤਰਸਿੱਕਾ ਤੇਜਿੰਦਰਪਾਲ ਕੌਰ ਨੇ ਦੱਸਿਆ ਕਿ ਅਸੀਂ ਜਦੋਂ ਵੀ ਕੋਈ ਵਿਕਾਸ ਦਾ ਜਾਂ ਹੋਰ ਕੰਮ ਕਰਵਾਉਂਦੇ ਹਾਂ ਤਾਂ ਉਸ ਵਿਚ ਕੋਈ ਨਾ ਕੋਈ ਰੁਕਾਵਟ ਪਾ ਕੇ ਕੰਮ ਨੂੰ ਰੋਕਿਆ ਜਾਂਦਾ ਹੈ।ਇਸ ਮੌਕੇ ਮੈਂਬਰ ਪੰਚਾਇਤ ਗੁਰਭੇਜ ਸਿੰਘ, ਕੁਲਦੀਪ ਸਿੰਘ, ਮੁਖਤਾਰ ਸਿੰਘ, ਗੋਪਾਲ ਸਿੰਘ ਭਗਤ, ਮਨਜਿੰਦਰ ਕੌਰ, ਬਲਦੇਵ ਸਿੰਘ, ਜਸਵਿੰਦਰ ਸਿੰਘ, ਮਨਜੀਤ ਸਿੰਘ ਬੱਬਰ, ਕੁਲਦੀਪ ਸਿੰਘ, ਬੀਬੀ ਸਿਮਰਜੀਤ ਕੌਰ, ਨਿੰਦਰ ਕੌਰ, ਸਾਬਕਾ ਸਰਪੰਚ ਬਲਵਿੰਦਰ ਸਿੰਘ ਆਦਿ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।ਇਸ ਸੰਬੰਧੀ ਪੱਖ ਜਾਣਨ ਉਪਰੰਤ ਸਾਬਕਾ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀ: ਆਗੂ ਤਰਸੇਮ ਸਿੰਘ ਸਿਆਲਕਾ ਨੇ ਆਖਿਆ ਕਿ ਉਕਤ ਨਲਕੇ ਬਲਾਕ ਸੰਮਤੀ ਵੱਲੋਂ ਮਨਜ਼ੂਰ ਕਰਵਾ ਕੇ ਲਿਆਂਦਾ ਹੈ ਅਤੇ ਏ. ਡੀ. ਸੀ. ਅੰਮ੍ਰਿਤਸਰ ਨੂੰ ਕਹਿ ਕੇ ਦੋ ਨਲਕੇ ਲਿਆਂਦੇ ਹਨ।ਮੈਂ ਕਿਸੇ ਨੂੰ ਨਹੀਂ ਰੋਕਿਆ, ਪਰ ਐੱਸ. ਸੀ. ਭਾਈਚਾਰੇ ਦੀ ਆਬਾਦੀ ਪਿੰਡ 'ਚ ਜ਼ਿਆਦਾ ਹੋਣ ਕਾਰਨ ਇਕ ਅੱਧਾ ਨਲਕਾ ਗਲਤ ਥਾਂ 'ਤੇ ਲੱਗ ਚੁੱਕਾ ਹੈ ਅਤੇ ਇਸ ਸੰਬੰਧੀ ਬੀ. ਡੀ. ਪੀ. ਓ. ਤਰਸਿੱਕਾ ਨੂੰ ਸਵੇਰੇ ਬੁਲਾ ਕੇ ਇਸਦਾ ਕੰਮ ਸ਼ੁਰੂ ਕਰਵਾ ਦਿਆਂਗੇ।ਮੈਂ ਕਿਸੇ ਨੂੰ ਵੀ ਨਲਕਾ ਲਗਾਉਣ ਤੋਂ ਨਹੀਂ ਰੋਕਿਆ।ਬਾਕੀ ਮੈਂ ਪਾਰਟੀ ਦਾ ਸੀਨੀਅਰ ਆਗੂ ਹੋਣ ਕਰਕੇ ਪਿੰਡ ਦਾ ਵਿਕਾਸ ਕਰਵਾਂਗਾ।



# ਨੌਜਵਾਨਾਂ ਦੀ ਲਾਮਬੰਦੀ ਲਈ ਸ਼ਿਵ ਸੈਨਾ ਸਮਾਜਵਾਦੀ ਦੀ ਵਿਸ਼ੇਸ਼ ਮੀਟਿੰਗ

**ਬਟਾਲਾ (ਤਰਲੋਕ ਬੱਗਾ)**-ਸ਼ਿਵ ਸੈਨਾ ਸਮਾਜਵਾਦੀ ਦੀ ਇੱਕ ਵਿਸ਼ੇਸ਼ ਮੀਟਿੰਗ ਪਾਰਟੀ ਦੇ ਸੀਨੀਅਰ ਲੀਡਰ ਓਮ ਪ੍ਰਕਾਸ਼ ਸ਼ਰਮਾ ਅਤੇ ਰਾਸ਼ਟਰੀ ਪ੍ਰਧਾਨ ਰਜੀਵ ਮਹਾਜਨ ਦੀ ਅਗਵਾਈ ਵਿੱਚ ਬੁਲਾਈ ਗਈ ਜਿਸ ਵਿੱਚ ਸਿਟੀ ਪ੍ਰਧਾਨ ਗੁਰਪ੍ਰੀਤ ਸਿੰਘ ਲਵਲੀ ਅਤੇ ਵਿਸ਼ਾਲ ਸ਼ਰਮਾ ਵੀ ਸ਼ਾਮਲ ਹੋਏ। ਮੀਟਿੰਗ ਵਿੱਚ ਪਾਰਟੀ ਨੂੰ ਅੱਗੇ ਵਧਾਉਣ ਲਈ ਨਵੀਆਂ ਨਿਯੁਕਤੀਆਂ ਕਰਨ 'ਤੇ ਵਿਚਾਰ ਕੀਤਾ ਗਿਆ ਅਤੇ ਨੌਜਵਾਨਾਂ ਨੂੰ ਪਾਰਟੀ ਦੇ ਸਿਧਾਂਤਾਂ ਪ੍ਰਤੀ ਜਾਗਰੂਕ ਕਰਨ ਦੀ ਜ਼ਿੰਮੇਵਾਰੀ ਸਿਟੀ ਪ੍ਰਧਾਨ ਗੁਰਪ੍ਰੀਤ ਸਿੰਘ ਲਵਲੀ ਦੀ ਲਾਈ ਗਈ। ਰਜੀਵ ਮਹਾਜਨ ਨੇ ਕਿਹਾ ਕਿ ਨੌਜਵਾਨਾਂ ਨੂੰ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾਉਣ ਲਈ ਹਰ ਪਿੰਡ ਅਤੇ ਵਾਰਡ ਪੱਧਰ 'ਤੇ ਪਾਰਟੀ ਦੇ ਸੀਨੀਅਰ ਨੇਤਾ ਜਾ ਕੇ ਲੋਕਾਂ ਨੂੰ ਸ਼ਿਵ ਸੈਨਾ ਸਮਾਜਵਾਦੀ ਨਾਲ ਜੁੜਨ ਲਈ ਪ੍ਰੇਰਿਤ ਕਰਨਗੇ। ਬਹੁਤ ਹੀ ਜਲਦੀ ਸ਼ਹਿਰਾਂ ਦੇ ਹਰ ਵਾਰਡ ਵਿੱਚ ਵਾਰਡ ਪ੍ਰਧਾਨ ਨਿਯੁਕਤ ਕਰਕੇ ਪਾਰਟੀ ਨੂੰ ਮਜ਼ਬੂਤ ਬਣਾਇਆ ਜਾਵੇਗਾ।ਸ਼ਿਵ ਸੈਨਾ ਨੇਤਾਵਾਂ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਹਿੰਦੂ ਨੇਤਾਵਾਂ 'ਤੇ ਹਰ ਰੋਜ਼ ਹਮਲੇ ਹੋਣੇ ਆਮ ਗੱਲ ਹੋ ਗਈ ਹੈ। ਦੂਜੇ ਪਾਸੇ ਪੁਲਸ ਪ੍ਰਸ਼ਾਸਨ ਹਿੰਦੂ ਨੇਤਾ ਤੇ ਸ਼ਿਵ ਸੈਨਾ ਨੇਤਾਵਾਂ ਦੀ ਸੁਰੱਖਿਆ ਨੂੰ ਲੈ ਕੇ ਜ਼ਰਾ ਵੀ ਗੰਭੀਰ ਨਜ਼ਰ ਨਹੀਂ ਆਉਂਦਾ ਸਗੋਂ ਹਿੰਦੂ ਨੇਤਾਵਾਂ ਦੀ ਸੁਰੱਖਿਆ ਨੂੰ ਵਾਪਸ ਲੈ ਕੇ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਜਾਨ ਨੂੰ ਜੋਖਮ ਵਿਚ ਪਾਇਆ ਜਾ ਰਿਹਾ ਹੈ। ਸ਼ਿਵ ਸੈਨਾ ਨੇਤਾਵਾਂ ਨੇ ਡੀ. ਜੀ. ਪੀ. ਪੰਜਾਬ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਪੰਜਾਬ ਦੇ ਜਿਨ੍ਹਾਂ ਵੀ ਸ਼ਿਵ ਸੈਨਾ ਨੇਤਾਵਾਂ ਦੀ ਸੁਰੱਖਿਆ ਵਾਪਸ ਲਈ ਗਈ ਹੈ ਉਸਨੂੰ ਜਲਦ ਤੋਂ ਜਲਦ ਬਹਾਲ ਕੀਤਾ ਜਾਵੇ ਤਾਂ ਜੋ ਪੰਜਾਬ ਅੰਦਰ ਕਿਸੇ ਨਾਲ ਵੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।



# ਲੁਧਿਆਣਾ ਪੱਛਮੀ ਦੀ ਉਪ ਚੋਣ 'ਆਪ' ਦੀ ਸਰਕਾਰ ਨੇ ਜਿੱਤੀ ਨਹੀਂ, ਲੁੱਟੀ : ਕੱਕੜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜਿੱਤੀ ਨਹੀਂ ਬਲਕਿ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਲੁੱਟੀ ਹੈ।ਪੂਰਾ ਪ੍ਰਸ਼ਾਸਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਜਿਤਾਉਣ ਲਈ ਪੱਬਾਂ ਭਾਰ ਸੀ।ਭਾਰੀ ਗਿਣਤੀ ਵਿੱਚ ਜਾਅਲੀ ਵੋਟਾਂ ਵੀ ਪਵਾਈਆਂ ਗਈਆਂ।ਪੰਜਾਬ ਪੁਲਸ ਨੇ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਉਮੀਦਵਾਰ ਦੀ ਖੁੱਲ੍ਹ ਕੇ ਸਹਾਇਤਾ ਕੀਤੀ।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕੁੱਝ ਨਿਰਪੱਖ ਮੀਡੀਆ ਨੇ ਜਾਅਲੀ ਵੋਟਾਂ ਪਵਾਉਣ ਬਾਰੇ ਵੀ ਨਸ਼ਰ ਕੀਤਾ ਸੀ, ਇਸਦੇ ਬਾਵਜੂਦ ਜਾਅਲੀ ਵੋਟਾਂ ਪਵਾਈਆਂ ਗਈਆਂ।ਕੱਕੜ ਨੇ ਕਿਹਾ ਕਿ ਮਾਨ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ।ਸਾਢੇ ਤਿੰਨ ਸਾਲਾਂ ਵਿੱਚ ਪੰਜਾਬ ਦਾ ਕੋਈ ਵਿਕਾਸ ਨਹੀਂ ਕਰਵਾ ਸਕੀ।ਹਰ ਵਰਗ ਪੰਜਾਬ ਤੋਂ ਪੂਰੀ ਤਰ੍ਹਾਂ ਦੁਖੀ ਹੈ ਅਤੇ ਉਹ ਇਸ ਸਰਕਾਰ ਨੂੰ ਪੰਜਾਬ ਵਿੱਚੋਂ ਜਲਦੀ ਤੋਂ ਜਲਦੀ ਚਲਦਾ ਕਰਨਾ ਚਾਹੁੰਦਾ ਹੈ।ਕੱਕੜ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਪੂਰੀ ਤਰ੍ਹਾਂ ਇੱਕਜੁੱਟ ਹੈ, ਕਾਂਗਰਸ ਵਿੱਚ ਕੋਈ ਧੜੇਬੰਦੀ ਨਹੀਂ।2027 ਵਿੱਚ ਕਾਂਗਰਸ ਪਾਰਟੀ ਪੰਜਾਬ ਵਿੱਚ ਸ਼ਾਨਦਾਰ ਵਾਪਸੀ ਕਰੇਗੀ ਅਤੇ ਪੰਜਾਬ ਨੂੰ ਫਿਰ ਹੱਸਦਾ ਵੱਸਦਾ ਪੰਜਾਬ ਬਣਾਏਗੀ ਅਤੇ ਪੰਜਾਬ ਨੂੰ ਤਰੱਕੀਆਂ ਦੀਆਂ ਬੁਲੰਦੀਆਂ 'ਤੇ ਲਿਜਾਏਗੀ।ਇਸ ਮੌਕੇ ਉਨ੍ਹਾਂ ਨਾਲ ਕੁਲਦੀਪ ਸਿੰਘ ਛੀਨਾ ਜਨਰਲ ਸਕੱਤਰ ਪੰਜਾਬ, ਐਡਵੋਕੇਟ ਮਨਦੀਪ ਸਿੰਘ ਮੁਹਾਰ, ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ, ਜਸਕਰਨ ਸਿੰਘ ਕੋਹਰੀ ਪ੍ਰਧਾਨ ਯੂਥ ਕਾਂਗਰਸ ਰਾਜਾਸਾਂਸੀ, ਨਰਿੰਦਰ ਸਿੰਘ ਹੇਤਮਪੁਰਾ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾਛੀਨਾ, ਦਿਲਬਾਗ ਸਿੰਘ ਖਿਆਲਾ ਕਲਾਂ, ਗੁਰਮੀਤ ਸਿੰਘ ਡਾਲਾ, ਸ਼ਮਸ਼ੇਰ ਸਿੰਘ ਸਾਰੰਗੜਾ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਸਰਪੰਚ ਸੋਨਾ ਸਿੱਧੂ ਬਲੱਗਣ, ਸਾਹਬੀ ਚੈਨਪੁਰ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਕੁਲਦੀਪ ਸਿੰਘ ਔਲਖ ਚੋਗਾਵਾਂ, ਡਾਕਟਰ ਪ੍ਰਗਟ ਸਿੰਘ ਭੁੱਲਰ, ਨਿਰਵੈਲ ਸਿੰਘ ਚੋਗਾਵਾਂ, ਸ਼ਮਸ਼ੇਰ ਸਿੰਘ ਚੋਗਾਵਾਂ ਜਨਰਲ ਸਕੱਤਰ, ਸੁਖਦੇਵ ਸਿੰਘ ਵਣੀਏਕੇ, ਸੂਬਾ ਸਿੰਘ ਹੇਤਮਪੁਰਾ, ਬਲਵਿੰਦਰ ਸਿੰਘ ਕੋਹਾਲੀ, ਦਲਬੀਰ ਸਿੰਘ ਕੋਹਾਲੀ, ਬਾਬਾ ਦਲਬੀਰ ਸਿੰਘ ਪੱਧਰੀ, ਸੁਰਜੀਤ ਸਿੰਘ ਰਾਣੀਆਂ, ਸੁਖਦੇਵ ਸਿੰਘ ਨੱਥੂਪੁਰ, ਰੇਸ਼ਮ ਸਿੰਘ ਲੋਧੀਗੁੱਜਰ, ਰੇਸ਼ਮ ਸਿੰਘ ਬੱਚੀਵਿੰਡ, ਸੁਖਬੀਰ ਸਿੰਘ ਸ਼ਾਹ ਭਿੱਟੇਵੱਡ, ਲਖਵਿੰਦਰ ਸਿੰਘ ਭਿੱਟੇਵੱਡ, ਗੁਰਵਿੰਦਰ ਸਿੰਘ ਲੋਪੋਕੇ, ਗੁਰਜੰਟ ਸਿੰਘ ਮੁੱਧ, ਜੁਰਤਪਾਲ ਸਿੰਘ ਓਡਰ, ਸਰਪੰਚ ਬੱਬੂ ਕਾਵੇਂ, ਬਲਜੀਤ ਸਿੰਘ ਪੰਡੋਰੀ, ਮੇਜਰ ਸਿੰਘ ਰੈਂ, ਅਮਰਜੀਤ ਸਿੰਘ ਜੋਏਕੇ, ਸੁਖਬੀਰ ਸਿੰਘ, ਸਰਪੰਚ ਦਲਜੀਤ ਸਿੰਘ ਠੱਠਾ ਅਤੇ ਸੂਬਾ ਸਿੰਘ ਪੰਜੂਰਾਏ ਆਦਿ ਵਰਕਰ ਹਾਜ਼ਰ ਸਨ।



# ਜਗਜੀਤਪੁਰ ਵਿਖੇ ਗੁਰਮਤਿ ਸਿਖਲਾਈ ਕੈਂਪ 29 ਤੱਕ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**-ਪਿਛਲੇ ਕਈ ਸਾਲਾਂ ਤੋਂ ਜੂਨ ਮਹੀਨੇ ਬੱਚਿਆਂ ਨੂੰ ਛੁੱਟੀਆਂ ਵਿੱਚ ਗੁਰਮਤਿ ਸਿਖਲਾਈ ਕੈਂਪ ਖਾਲਸਾ ਹੇਰੀਟੇਜ ਫਗਵਾੜਾ ਵਲੋਂ ਲਗਾਏ ਜਾ ਰਹੇ ਹਨ। ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਖਾਲਸਾ ਹੇਰੀਟੇਜ ਫਗਵਾੜਾ ਵਲੋਂ ਹਰ ਸਾਲ ਜੂਨ ਮਹੀਨੇ ਬੱਚਿਆਂ ਨੂੰ ਛੁੱਟੀਆਂ ਨੂੰ ਦੇਖਦੇ ਹੋਏ ਗੁਰਮਤਿ ਸਿਖਲਾਈ ਕੈਂਪ ਪਿੰਡਾਂ ਵਿੱਚ ਲਗਾਏ ਜਾਂਦੇ ਹਨ। ਪਿੰਡ ਜਗਜੀਤ ਪੁਰ ਵਿਖੇ ਵੀ 9 ਜੂਨ ਤੋਂ 29 ਜੂਨ 2025 ਤੱਕ ਗੁਰਮਤ ਸਿਖਲਾਈ ਕੈਂਪ ਚੱਲ ਰਿਹਾ ਹੈ। ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਦਸਤਾਰ, ਦੁਮਾਲਾ, ਸ਼ਸਤਰ ਵਿੱਦਿਆ ਅਤੇ ਗੁਰ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਹਾਜ਼ਰ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ,ਭਾਈ ਮਲਕੀਤ ਸਿੰਘ ਫਗਵਾੜਾ, ਪ੍ਰਧਾਨ ਅਜੈਬ ਸਿੰਘ ਜਗਦੀਸ ਪੁਰ, ਮਨਪ੍ਰੀਤ ਸਿੰਘ, ਰਣਵੀਰ ਸਿੰਘ ਫਗਵਾੜਾ, ਲਖਬੀਰ ਸਿੰਘ ,ਅਰਸ਼ਦੀਪ ਸਿੰਘ , ਗਗਨਦੀਪ ਸਿੰਘ, ਅਮਨਦੀਪ ਸਿੰਘ, ਸਰਬਜੀਤ ਸਿੰਘ, ਅੰਜਲੀ, ਜਸਪ੍ਰੀਤ ਕੌਰ, ਮਨਪ੍ਰੀਤ ਸਿੰਘ, ਇੰਦਰਜੀਤ ਸਿੰਘ, ਗੌਰਵ ਸਿੰਘ, ਪੂਰਬ ਸਿੰਘ, ਸਰਬਜੀਤ ਸਿੰਘ ,ਜਸਕਰਨ ਸਿੰਘ ਜਗਜੀਤ ਪੁਰ,ਏਕਮ ਸਿੰਘ ਮਲਕਪੁਰ,ਗੁਰਜੋਤ ਕੌਰ ਅਜਨੋਹਾ, ਜਸ਼ਨਦੀਪ ਸਿੰਘ ਪ੍ਰੇਮਪੁਰ, ਕਿਰਨਜੀਤ ਕੌਰ ਪਾਸ਼ਟਾਂ,ਅਤਿੰਦਰ ਕੌਰ ਪਾਸ਼ਟਾਂ,ਜਸਕਰਣ ਸਿੰਘ ਨੂਰੜ, ਸਾਹਿਬਜੀਤ ਸਿੰਘ, ਰਣਜੀਤ ਸਿੰਘ, ਸੰਦੀਪ ਸਿੰਘ, ਕੁਲਵੰਤ ਸਿੰਘ, ਪ੍ਰਭਜੋਤ ਸਿੰਘ, ਸੰਦੀਪ ਕੌਰ, ਹਰਦੀਪ ਕੌਰ ਸਿਮਰਜੀਤ ਕੌਰ, ਰਣਜੀਤ ਕੌਰ, ਸਰਬਜੀਤ ਕੌਰ, ਰੋਸ਼ਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਵਿਰਾਸਤੀ ਮੰਚ ਬਟਾਲਾ ਦੀਨਾਨਗਰ ਵਿਖੇ ਮਨਾਵੇਗਾ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ



**ਗੁਰਦਾਸਪੁਰ, (ਜਨਕ ਮਹਾਜਨ)**

ਵਿਰਾਸਤੀ ਮੰਚ ਬਟਾਲਾ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਗੁਰਦੁਆਰਾ ਕਮੇਟੀ ਦੀਨਾਨਗਰ, ਬਾਬਾ ਸ੍ਰੀ ਚੰਦ ਜੀ ਸੇਵਾ ਸੁਸਾਇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 29 ਜੂਨ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਗੁਰਦੁਆਰਾ ਦੀਨਾਨਗਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ ਪੂਰੀ ਸ਼ਰਧਾ ਭਾਵਨਾ ਨਾਲ ਮਨਾਈ ਜਾਵੇਗੀ। ਬਰਸੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਗੁਰਦੁਆਰਾ ਦੀਨਾਨਗਰ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਵਿਰਾਸਤੀ ਮੰਚ ਬਟਾਲਾ ਦੇ ਚੇਅਰਮੈਨ ਐੱਚ. ਐੱਸ. ਮਾਂਗਟ, ਪ੍ਰਧਾਨ ਬਲਦੇਵ ਸਿੰਘ ਰੰਧਾਵਾ, ਸ਼ਮਸ਼ੇਰ ਸਿੰਘ ਮੱਲ੍ਹੀ, ਉੱਘੇ ਆਗੂ ਜਥੇਦਾਰ ਨਰਿੰਦਰ ਸਿੰਘ ਬਾੜਾ, ਗੁਰਦੁਆਰਾ ਕਮੇਟੀ ਪ੍ਰਧਾਨ ਕੈਪਟਨ ਅਜੀਤ ਸਿੰਘ, ਮੈਨੇਜਰ ਲਖਵਿੰਦਰ ਸਿੰਘ, ਇੰਦਰਜੀਤ ਸਿੰਘ ਹਰਪੁਰਾ, ਬਲਕਾਰ ਸਿੰਘ, ਗੁਰਦੀਪ ਸਿੰਘ ਕੋਠੇ ਜੱਟਾਂ, ਮਨਪ੍ਰੀਤ ਸਿੰਘ ਬਾੜਾ, ਜਰਨੈਲ ਸਿੰਘ, ਕਰਮਜੀਤ ਕੌਰ, ਕੁਲਦੀਪ ਕੌਰ, ਗੁਰਵਿੰਦਰ ਕੌਰ, ਚਰਨਜੀਤ ਕੌਰ, ਰਜਿੰਦਰ ਸਿੰਘ, ਤਰਸੇਮ ਸਿੰਘ, ਬਲਵਿੰਦਰ ਸਿੰਘ ਸਿੱਧੂ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਹੋਏ ਫੈਸਲੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਦੱਸਿਆ ਕਿ 27 ਜੂਨ ਨੂੰ ਸਵੇਰੇ 8 ਵਜੇ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਜਿਸ ਉਪਰੰਤ ਕੀਰਤਨੀ ਜਥੇ ਵੱਲੋਂ ਇਲਾਹੀ ਬਾਣੀ ਦਾ ਗੁਣਗਾਨ ਕੀਤਾ ਜਾਵੇਗਾ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਢਾਡੀ ਜਥੇ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਪ੍ਰਸੰਗ ਪੇਸ਼ ਕੀਤੇ ਜਾਣਗੇ। ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਉਪਰੰਤ ਵੱਖ-ਵੱਖ ਵਿਦਵਾਨਾਂ ਤੇ ਬੁਲਾਰਿਆਂ ਵੱਲੋਂ ਮਹਾਰਾਜਾ ਰਣਹੀਤ ਸਿੰਘ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਜਾਵੇਗਾ। ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਸ. ਬਲਦੇਵ ਸਿੰਘ ਨੇ ਕਿਹਾ ਕਿ ਇਹ ਸਾਰਾ ਪ੍ਰੋਗਰਾਮ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਦੀਨਾਨਗਰ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 29 ਜੂਨ ਨੂੰ ਸਵੇਰੇ 10 ਵਜੇ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਨਾਨਗਰ ਵਿਖੇ ਆਪਣੀ ਹਾਜ਼ਰੀ ਜ਼ਰੂਰ ਭਰਨ।

26-June-PAGE-12.qxd 6/25/2025 10:51 PM Page 1



### ਜਨਮ ਦਿਨ ਮੁਬਾਰਕ



ਅਮਰਜੀਤ ਸਿੰਘ, ਪਟਿਆਲਾ

# ਨਗਰ ਕੌਂਸਲ ਕਾਦੀਆਂ ਦੇ ਦਾਅਵੇ ਠੁੱਸ, ਅੱਧੇ ਘੰਟੇ 'ਚ ਹੋਇਆ ਜਲਥਲ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਬੇਸ਼ੱਕ ਪੰਜਾਬ ਦੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਕਾਦੀਆਂ ਸ਼ਹਿਰ ਦੇ ਵਿੱਚ ਕਾਦੀਆਂ ਹਲਕੇ ਦੇ ਵਿਧਾਇਕ ਕਾਂਗਰਸੀ ਹਨ ਜੋ ਕਿ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵੀ ਹਨ। ਇਸ ਦੇ ਨਾਲ ਨਗਰ ਪਾਲਿਕਾ ਕਾਦੀਆਂ ਉੱਤੇ ਵੀ ਕਾਂਗਰਸ ਧਿਰ ਦਾ ਕਬਜ਼ਾ ਹੋਣ ਦੇ ਬਾਵਜੂਦ ਜੇਕਰ ਕਾਦੀਆਂ ਸ਼ਹਿਰ ਦੇ ਵਿਕਾਸ ਵੱਲ ਝਾਤ ਮਾਰੀਏ ਤਾਂ ਕਾਦੀਆਂ ਸ਼ਹਿਰ ਦੇ ਵਿਕਾਸ ਕਾਰਜ ਰੱਬ ਆਸਰੇ ਵਿਖਾਈ ਦਿੰਦੇ ਹਨ ਕਿਉਂਕਿ ਸ਼ਹਿਰ ਵਿੱਚ ਕਰੀਬ ਅੱਧਾ ਘੰਟਾ ਹੀ ਪਏ ਮੀਂਹ ਨੇ ਸਰਕਾਰ ਅਤੇ ਸੰਬੰਧਿਤ ਮਹਿਕਮੇ ਸਮੇਤ ਨਗਰ ਕੌਂਸਲ ਕਾਦੀਆਂ ਦੀ ਉਸ ਵੇਲੇ ਪੋਲ ਖੋਲ੍ਹ ਦਿੱਤੀ ਜਦੋਂ ਮੀਂਹ ਦੇ ਨਾਲ ਸ਼ਹਿਰ ਕਾਦੀਆਂ ਦੇ ਪੋਸ਼ ਇਲਾਕਿਆਂ ਅਤੇ ਹੋਰਨਾਂ ਥਾਵਾਂ ਦੇ ਉੱਤੇ ਮੀਂਹ ਦੇ ਨਾਲ ਚਾਰੇ ਪਾਸੇ ਜਲਥਲ ਹੋ ਗਿਆ ਜਿੱਥੇ ਸਥਾਨਕ ਲੋਕ ਪਰੇਸ਼ਾਨ ਦਿਖਾਈ ਦਿੱਤੇ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਇੰਟਰਨੈਸ਼ਨਲ ਹਿਊਮਨ ਰਾਈਟ ਡਿਫੈਂਡਰ ਪੰਜਾਬ ਮੀਡੀਆ ਇੰਚਾਰਜ ਗੁਰਪ੍ਰੀਤ ਸਿੰਘ ਤੋਂ ਇਲਾਵਾ ਸਥਾਨਕ ਲੋਕ ਬਲਵਿੰਦਰ ਸਿੰਘ, ਨਿਰੰਜਨ ਸਿੰਘ, ਤੀਰਥ ਸਿੰਘ, ਪੰਜਾਬ ਸਿੰਘ, ਮਨਜਿੰਦਰ ਸਿੰਘ, ਤਜਿੰਦਰ ਸਿੰਘ, ਸੁਨੀਲ ਕੁਮਾਰ, ਹਰਜਿੰਦਰ ਸਿੰਘ, ਮਨਜਿੰਦਰ ਸਿੰਘ ਤੇ ਪਰਮਜੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਬੇਸ਼ੱਕ ਸਰਕਾਰ ਵੱਲੋਂ ਵੱਡੇ ਵੱਡੇ ਦਾਅਵੇ ਕਰ ਰਹੀ ਹੈ ਪਰ ਇਹ ਦਾਅਵੇ ਇਨ੍ਹਾਂ ਤਸਵੀਰਾਂ ਵਿੱਚ ਠੁੱਸ ਹਨ ਕਿਉਂਕਿ ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਤੇ ਗਲੀਆਂ ਮੀਂਹ ਦੇ ਪਾਣੀ ਨਾਲ ਭਰੀਆਂ ਹੋਈਆਂ ਹਨ। ਲੋਕ ਆਪਣੇ ਘਰਾਂ ਦੇ ਅੰਦਰ ਗਏ ਮੀਂਹ ਦੇ ਪਾਣੀ ਨੂੰ ਬਾਹਰ ਕੱਢਣ ਦੇ ਲਈ ਮਜਬੂਰ ਹਨ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਬੀਤੇ ਕੁਝ ਦਿਨ ਪਹਿਲਾਂ ਵੀ ਸ਼ਹਿਰ ਦੀਆਂ ਨਾਲੀਆਂ ਦੇ ਵਿੱਚੋਂ ਗਾਰ ਕੱਢਣ ਦੇ ਲਈ ਇੱਕ ਮਸ਼ੀਨ ਨਗਰ ਕੌਂਸਲ ਨੂੰ ਮੁਹੱਈਆ ਕਰਵਾਈ ਗਈ ਜਿਸ ਦਾ ਉਦਘਾਟਨ ਸੰਬੰਧਿਤ ਨਗਰ ਕੌਂਸਲ ਦੇ ਪ੍ਰਧਾਨ ਸਮੇਤ ਸਮੂਹ ਕਰਮਚਾਰੀਆਂ ਦੇ ਵੱਲੋਂ ਕੀਤਾ ਗਿਆ ਪਰ ਕਾਫੀ ਦਿਨ ਬੀਤ ਜਾਣ ਦੇ ਬਾਵਜੂਦ ਵੀ ਸ਼ਹਿਰ ਦੇ ਅੰਦਰੋਂ ਕਿਤੋਂ ਵੀ ਨਾਲੀਆਂ ਵਿੱਚੋਂ ਗਾਰ ਨਹੀਂ ਕੱਢੀ ਗਈ ਜਿਸ ਕਾਰਨ ਸ਼ਹਿਰ ਦੀ ਦਸ਼ਾ ਵਿਗੜੀ ਹੋਈ ਹੈ। ਉਹਨਾਂ ਦੱਸਿਆ ਕਿ ਸ਼ਹਿਰ ਦੇ ਅੰਦਰ ਮੌਜੂਦਾ ਵਿਧਾਇਕ ਕਾਂਗਰਸੀ ਅਤੇ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਬਾਵਜੂਦ ਵੀ ਸ਼ਹਿਰ ਦੀ ਮੰਦੀ ਹਾਲਤ ਹੈ। ਵਿਰੋਧੀ ਧਿਰ ਦੇ ਨੇਤਾ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਸ਼ਹਿਰ ਦੇ ਵਿਕਾਸ ਲਈ ਕਰੋੜਾਂ ਰੁਪਏ ਆਏ ਹਨ ਪਰ ਸ਼ਹਿਰ ਦੀ ਅਜਿਹੀ ਸਥਿਤੀ ਨੂੰ ਦੇਖਦੇ ਹੋਏ ਇੰਜ ਲੱਗਦਾ ਹੈ ਕਿ ਜਿਵੇਂ ਪਿਛਲੇ ਕਈ ਸਾਲਾਂ ਤੋਂ ਸ਼ਹਿਰ ਕਾਦੀਆਂ ਪੱਛੜਿਆ ਹੋਇਆ ਹੋਵੇ। ਇਸ ਮੌਕੇ ਉਨ੍ਹਾਂ ਨੇ ਪੰਜਾਬ ਸਰਕਾਰ ਸਮੇਤ ਹਲਕਾ ਵਿਧਾਇਕ ਅਤੇ ਸੰਬੰਧਿਤ ਮਹਿਕਮੇ ਦੇ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਕਾਦੀਆਂ ਸ਼ਹਿਰ ਦੀਆਂ ਗਲੀਆਂ/ਨਾਲੀਆਂ ਨੂੰ ਸਾਫ ਕਰਵਾਇਆ ਜਾਵੇ ਅਤੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਜਾਵੇ।





# ਡਾ. ਜਗਰੂਪ ਸਿੰਘ ਨੇ ਮੁੰਬਈ ਵਿਖੇ ਹਾਸਲ ਕੀਤਾ ਬੈੱਸਟ ਪੋਲੀਟੈਕਨਿਕ ਐਵਾਰਡ

**ਜਲੰਧਰ (ਸ਼ੈਲੀ ਐਲਬਰਟ)**

ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਮੁੰਬਈ ਵਿਖੇ ਹਾਊਸਫੁਲ ਅਤੇ ਗੋਲਮਾਲ ਸੀਰੀਜ਼ ਦੇ ਪ੍ਰਸਿੱਧ ਬਾਲੀਵੁੱਡ ਐਕਟਰ ਸ਼੍ਰੇਅਸ ਤਲਪੜੇ ਤੋਂ ਹਾਲ ਹੀ ਵਿੱਚ ਦੋ ਡਿਪਲੋਮਾ ਪ੍ਰੋਗ੍ਰਾਮਾਂ ਇਲੈਕਟ੍ਰੀਕਲ ਤੇ ਫਾਰਮੇਸੀ ਵਿੱਚ ਹਾਸਿਲ ਕੀਤੀ ਐਨ.ਬੀ.ਏ ਐਕਰੀਡਿਟੇਸ਼ਨ ਲਈ ਬੈਸਟ ਪੋਲੀਟੈਕਨਿਕ ਇਨ ਪੰਜਾਬ ਦਾ ਐਵਾਰਡ ਹਾਸਿਲ ਕੀਤਾ। ਇਹ ਪ੍ਰੋਗਰਾਮ ਐਮੀਨੈਂਟ ਰਿਸਰਚ ਟੀਮ ਮੁੰਬਈ ਵੱਲੋਂ ਆਯੋਜਿਤ ਕੀਤਾ ਗਿਆ ਸੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਕਾਲਜ ਦੀਆਂ ਵਿਸ਼ੇਸ਼ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਉਹਨਾ ਦੱਸਿਆ ਕਿ 2006-2009 ਤੱਕ ਵੀ ਇਸ ਕਾਲਜ ਨੂੰ ਚਾਰ ਪ੍ਰੋਗਰਾਮਾਂ ਵਿੱਚ ਐਨ.ਬੀ.ਏ ਐਕਰੀਡੀਟੇਸ਼ਨ ਹਾਸਿਲ ਹੋਈ ਸੀ ਤੇ ਹੁਣ 30.6.2027 ਤੱਕ ਦੋ ਪ੍ਰੋਗਰਾਮਾਂ ਵਿੱਚ ਐਕਰੀਡੀਟੇਸ਼ਨ ਮਿਲ ਚੁੱਕੀ ਹੈ ਤੇ ਇਹ ਉਪਲੱਬਧੀ ਹਾਸਿਲ ਕਰਨ ਵਾਲਾ ਪੰਜਾਬ ਦਾ ਪਹਿਲਾ ਪੋਲੀਟੈਕਨਿਕ ਕਾਲਜ ਬਣ ਗਿਆ ਹੈ। ਇਸ ਕਾਲਜ ਨੂੰ ਕੇਂਦਰੀ ਸੰਸਥਾ ਨਿੱਟਰ ਚੰਡੀਗੜ੍ਹ ਵਲੋਂ ਵੀ ਪੰਜ ਵਾਰ ਉੱਤਰ ਭਾਰਤ ਦੇ ਸਰਬੋਤਮ ਪੋਲੀਟੈਕਨਿਕ ਦਾ ਖਿਤਾਬ ਮਿਲਿਆ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕਿਹਾ ਕਿ ਇਸ ਉਪਲੱਬਧੀ ਦਾ ਸਿਹਰਾ ਕਾਲਜ ਦੇ ਮਿਹਨਤੀ ਸਟਾਫ ,ਵਿਦਿਆਰਥੀਆਂ ,ਅਲੂਮਨੀ ਮੈਂਬਰਾਂ ਅਤੇ ਡੀ .ਏ.ਵੀ ਮੈਨੇਜਮੈਂਟ ਨੂੰ ਜਾਂਦਾ ਹੈ। ਕਾਲਜ ਵਿੱਚ 2025-26 ਲਈ ਐਡਮਿਸ਼ਨ ਜ਼ੋਰਾਂ ਨਾਲ ਚਲ ਰਹੀ ਹੈ। ਬਹੁਤ ਸਾਰੇ ਪ੍ਰੋਗਰਾਮਾਂ ਵਿੱਚ ਸੀਟਾਂ ਫੁੱਲ ਹੋ ਚੁੱਕੀਆਂ ਹਨ ਤੇ ਖਾਲੀ ਪਈਆਂ ਕੁੱਝ ਸੀਟਾਂ ਲਈ ਰਜਿਸਟਰੇਸ਼ਨ ਅਤੇ ਐਡਮਿਸ਼ਨ ਜਾਰੀ ਹੈ। ਦਸਵੀਂ ਪਾਸ, +2 ਪਾਸ, ਵੋਕੇਸ਼ਨਲ ਜਾਂ ਆਈ.ਟੀ.ਆਈ ਵਿਦਿਆਰਥੀ ਕਾਲਜ ਵਿੱਚ ਦਾਖਲ ਹੋ ਸਕਦੇ ਹਨ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਹ ਵੀ ਕਿਹਾ ਕਿ ਇਸ ਸਾਲ ਦੇ ਹੋਰ ਪ੍ਰੋਗਰਾਮਾਂ ਵਿੱਚ ਐਕਰੀਡੀਟੇਸ਼ਨ ਲਈ ਅਪਲਾਈ ਕੀਤਾ ਜਾਵੇਗਾ।



## ਪਸ਼ੂਆਂ ਨੂੰ ਸੜਕਾਂ ਦੇ ਕੰਢੇ 'ਤੇ ਚਰਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤਹਿਤ ਜ਼ਿਲ੍ਹੇ ਵਿੱਚ ਪਸ਼ੂਆਂ ਨੂੰ ਸ਼ਹਿਰਾਂ/ਕਸਬਿਆਂ ਵਿੱਚ ਸੜਕਾਂ ਦੇ ਕੰਢੇ ਚਰਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਕਿ ਲੋਕਾਂ ਵੱਲੋਂ ਚਾਰੇ ਦੀ ਖਾਤਰ ਮੱਝਾਂ ਅਤੇ ਗਾਵਾਂ ਨੂੰ ਸ਼ਹਿਰਾਂ, ਕਸਬਿਆਂ ਅਤੇ ਸੜਕਾਂ ਕੰਢੇ ਛੱਡ ਦਿੱਤਾ ਜਾਂਦਾ ਹੈ ਜਿਸ ਨਾਲ ਲੋਕਾਂ ਦੀਆਂ ਫਸਲਾਂ ਅਤੇ ਸੜਕਾਂ ਕੰਢੇ ਲੱਗੇ ਬੂਟਿਆਂ ਨੂੰ ਨੁਕਸਾਨ ਪਹੁੰਚਦਾ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਅਜਿਹੇ ਵਿੱਚ ਕਿਸਾਨਾਂ ਅਤੇ ਪਸ਼ੂ ਪਾਲਕਾਂ ਵਿਚਾਲੇ ਤਕਰਾਰ ਪੈਦਾ ਹੁੰਦੀ ਹੈ ਅਤੇ ਕਈ ਵਾਰ ਪਸ਼ੂਆਂ ਕਰਕੇ ਹਾਦਸਿਆਂ ਦਾ ਵੀ ਖਦਸ਼ਾ ਬਣਿਆ ਰਹਿੰਦਾ ਹੈ ਜਿਸ ਨੂੰ ਰੋਕਣਾ ਅਤਿ ਲਾਜ਼ਮੀ ਹੈ। ਇਹ ਹੁਕਮ 23 ਅਗਸਤ 2025 ਤੱਕ ਲਾਗੂ ਰਹਿਣਗੇ।

## ਸੀ ਪੀ ਆਈ ਐੱਮ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਭਲਕੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਸਕੱਤਰ ਕਾਮਰੇਡ ਗੁਰਨੇਕ ਸਿੰਘ ਭੱਜਲ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸੀ ਪੀ ਆਈ ਐਮ ਜ਼ਿਲ੍ਹਾ ਹੁਸ਼ਿਆਰਪੁਰ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ 27 ਜੂਨ ਨੂੰ ਪਾਰਟੀ ਦਫਤਰ ਹੁਸ਼ਿਆਰਪੁਰ ਵਿਖੇ ਠੀਕ ਸਵੇਰੇ 10 ਵਜੇ ਕੀਤੀ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਨ ਲਈ ਪਾਰਟੀ ਪੰਜਾਬ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਕਾਮਰੇਡ ਭੱਜਲ ਨੇ ਜ਼ਿਲ੍ਹਾ ਪਾਰਟੀ ਦੇ ਸਮੂਹ ਮੈਂਬਰਾਂ ਨੂੰ ਸਮੇਂ ਸਿਰ ਪਹੁੰਚ ਕੇ ਮੀਟਿੰਗ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ।

# ਐੱਲ ਪੀ ਯੂ ਨੇ ਅਲਾਈਡ ਹੈੱਲਥ ਸਾਇੰਸਿਜ਼ ਲਈ ਦਾਖਲੇ ਖੋਲ੍ਹੇ

**ਜਲੰਧਰ (ਸ਼ੈਲੀ ਐਲਬਰਟ)**

ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗਜ਼ 2025 ਦੁਆਰਾ ਮੈਡੀਕਲ ਅਤੇ ਹੈਲਥ ਸਾਇੰਸਿਜ਼ ਵਿੱਚ ਭਾਰਤੀ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚੋਂ ਦੂਜੇ ਸਥਾਨ 'ਤੇ ਰਹਿਣ ਵਾਲੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਅਕਾਦਮਿਕ ਸੈਸ਼ਨ 2025-26 ਲਈ ਅਲਾਈਡ ਹੈਲਥ ਸਾਇੰਸਿਜ਼ ਪ੍ਰੋਗਰਾਮਾਂ ਲਈ ਦਾਖਲੇ ਖੋਲ੍ਹੇ ਹਨ।ਇਹ ਪ੍ਰੋਗਰਾਮ ਉਨ੍ਹਾਂ ਵਿਦਿਆਰਥੀਆਂ ਲਈ ਉੱਚ-ਮੰਗ ਵਾਲੇ ਕਰੀਅਰ ਦੇ ਰਸਤੇ ਖੋਲ੍ਹਦੇ ਹਨ ਜੋ ਸਿਹਤ ਸੰਭਾਲ ਖੇਤਰ ਵਿੱਚ ਕਰੀਅਰ ਬਣਾਉਣਾ ਚਾਹੁੰਦੇ ਹਨ ਪਰ ਰਵਾਇਤੀ ਐਮਬੀਬੀਐਸ ਪ੍ਰੋਗਰਾਮਾਂ ਵਿੱਚ ਸੀਟ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ। ਐਲਪੀਯੂ ਵਿੱਚ ਦਾਖਲੇ ਉਨ੍ਹਾਂ ਵਿਦਿਆਰਥੀਆਂ ਲਈ ਵੀ ਖੁੱਲ੍ਹੇ ਹਨ ਜਿਨ੍ਹਾਂ ਨੇ ਨੀਟ ਲਈ ਅਰਜ਼ੀ ਦਿੱਤੀ ਹੈ ਅਤੇ ਨੀਟ ਸਕੋਰਾਂ ਦੇ ਆਧਾਰ 'ਤੇ 70% ਤੱਕ ਸਕਾਲਰਸ਼ਿਪ ਪ੍ਰਾਪਤ ਕਰਨ ਦੇ ਯੋਗ ਹਨ। ਵਿਦਿਆਰਥੀ ਫਿਜ਼ੀਓਥੈਰੇਪੀ, ਮੈਡੀਕਲ ਲੈਬਾਰਟਰੀ ਟੈਕਨਾਲੋਜੀ, ਆਪਟੋਮੈਟਰੀ, ਰੇਡੀਓਲੋਜੀ ਅਤੇ ਇਮੇਜਿੰਗ ਟੈਕਨਾਲੋਜੀ, ਅਨੱਸਥੀਸੀਆ ਅਤੇ ਆਪ੍ਰੇਸ਼ਨ ਥੀਏਟਰ ਟੈਕਨਾਲੋਜੀ, ਡਾਇਲਸਿਸ ਥੈਰੇਪੀ ਅਤੇ ਰੇਸਪੀਰੇਟਰੀ ਥੈਰੇਪੀ, ਆਦਿ ਵਿੱਚ ਗ੍ਰੈਜੂਏਟ ਡਿਗਰੀਆਂ ਪ੍ਰਾਪਤ ਕਰ ਸਕਦੇ ਹਨ।ਡਾ. ਮੋਨਿਕਾ ਗੁਲਾਟੀ, ਸੀਨੀਅਰ ਡੀਨ, ਸਕੂਲ ਆਫ ਅਲਾਈਡ ਮੈਡੀਕਲ ਸਾਇੰਸਿਜ਼, ਐਲਪੀਯੂ, ਨੇ ਕਿਹਾ, 'ਸਿਹਤ ਸੰਭਾਲ ਸਿੱਖਿਆ ਸਿਰਫ਼ ਇੱਕ ਰੁਝਾਨ ਨਹੀਂ ਹੈ; ਇਸਨੂੰ ਵਿਕਸਤ ਹੋਣਾ ਚਾਹੀਦਾ ਹੈ।' ਐਲਪੀਯੂ ਦੇ ਅਧਿਕਾਰਤ ਦਾਖਲਾ ਪੋਰਟਲ ਰਾਹੀਂ ਅਰਜ਼ੀਆਂ ਖੁੱਲ੍ਹੀਆਂ ਹਨ। ਵਿਦਿਆਰਥੀ ਐਲਪੀਯੂ ਨੈਸਟ ਜਾਂ ਯੂਨੀਵਰਸਿਟੀ ਦੀਆਂ ਹੋਰ ਮਾਨਤਾ ਪ੍ਰਾਪਤ ਰਾਸ਼ਟਰੀ ਪੱਧਰ ਦੀਆਂ ਦਾਖਲਾ ਪ੍ਰੀਖਿਆਵਾਂ ਰਾਹੀਂ ਵਾਧੂ ਸਕਾਲਰਸ਼ਿਪ ਲਈ ਵੀ ਅਰਜ਼ੀ ਦੇ ਸਕਦੇ ਹਨ।



# ਰਿਆਤ ਬਾਹਰਾ ਇੰਸਟੀਚਿਊਟ ਆਫ਼ ਫਾਰਮੇਸੀ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਇੰਸਟੀਚਿਊਟ ਆਫ਼ ਫਾਰਮੇਸੀ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਹ ਸਮਾਗਮ ਕਾਲਜ ਦੇ ਯੋਗਾ ਅਤੇ ਤੰਦਰੁਸਤੀ ਸੈੱਲ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਮੈਂਬਰਾਂ ਨੇ ਸਰਗਰਮ ਭਾਗੀਦਾਰੀ ਦਿਖਾਈ।ਪ੍ਰੋਗਰਾਮ ਦੀ ਸ਼ੁਰੂਆਤ ਸੰਸਥਾ ਦੇ ਪ੍ਰਿੰਸੀਪਲ ਡਾ. ਮਨਿੰਦਰ ਸਿੰਘ ਗਰੇਵਾਲ ਦੇ ਸਵਾਗਤੀ ਭਾਸ਼ਣ ਨਾਲ ਹੋਈ। ਉਨ੍ਹਾਂ ਨੇ ਇਸ ਸਾਲ ਦੇ ਥੀਮ 'ਯੋਗ ਸੰਗਮ' 'ਤੇ ਚਾਨਣਾ ਪਾਇਆ ਅਤੇ ਰੋਜ਼ਾਨਾ ਜੀਵਨ ਵਿੱਚ ਯੋਗਾ ਨੂੰ ਅਪਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਯੋਗਾ ਨਾ ਸਿਰਫ਼ ਸਰੀਰਕ ਤੰਦਰੁਸਤੀ ਦਾ ਸਗੋਂ ਮਾਨਸਿਕ ਸ਼ਾਂਤੀ ਅਤੇ ਭਾਵਨਾਤਮਕ ਸੰਤੁਲਨ ਦਾ ਵੀ ਇੱਕ ਪ੍ਰਭਾਵਸ਼ਾਲੀ ਸਾਧਨ ਹੈ।ਇਸ ਮੌਕੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਕਿਹਾ, 'ਯੋਗਾ ਸਿਰਫ਼ ਇੱਕ ਕਸਰਤ ਨਹੀਂ ਹੈ, ਸਗੋਂ ਇੱਕ ਜੀਵਨ ਸ਼ੈਲੀ ਹੈ ਜੋ ਸੰਤੁਲਨ, ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਨੂੰ ਉਤਸ਼ਾਹਿਤ ਕਰਦੀ ਹੈ। ਰਿਆਤ ਬਾਹਰਾ ਗਰੁੱਪ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਅਤੇ ਸਟਾਫ ਦੀ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਵੀ ਪਹਿਲ ਦਿੰਦਾ ਹੈ। ਅੰਤਰਰਾਸ਼ਟਰੀ ਯੋਗ ਦਿਵਸ ਵਰਗੇ ਸਮਾਗਮ ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਯੋਗਾ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ।' ਇਸ ਮੌਕੇ 'ਤੇ ਸਿਖਲਾਈ ਪ੍ਰਾਪਤ ਯੋਗਾ ਮਾਹਿਰਾਂ ਦੁਆਰਾ ਇੱਕ ਯੋਗ ਅਭਿਆਸ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਗੀਦਾਰਾਂ ਨੇ ਤਾੜਾਸਨ, ਵ੍ਰਿਕਸ਼ਾਸਨ, ਤ੍ਰਿਕੋਣਾਸਨ, ਭੁਜੰਗਾਸਨ ਅਤੇ ਸ਼ਵਾਸਨ ਵਰਗੇ ਵੱਖ-ਵੱਖ ਯੋਗ ਆਸਣਾਂ ਦਾ ਅਭਿਆਸ ਕੀਤਾ। ਇਸ ਤੋਂ ਇਲਾਵਾ, ਪ੍ਰਾਣਾਯਾਮ ਅਤੇ ਧਿਆਨ ਦੀਆਂ ਤਕਨੀਕਾਂ ਦਾ ਵੀ ਅਭਿਆਸ ਕੀਤਾ ਗਿਆ, ਜਿਸਨੂੰ ਸਾਰਿਆਂ ਨੇ ਬਹੁਤ ਉਤਸ਼ਾਹ ਨਾਲ ਅਪਣਾਇਆ।ਪ੍ਰੋਗਰਾਮ ਦੀ ਸਮਾਪਤੀ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਮਤੇ ਨਾਲ ਕੀਤੀ ਗਈ, ਜਿਸ ਵਿੱਚ ਸਾਰੇ ਭਾਗੀਦਾਰਾਂ, ਟ੍ਰੇਨਰਾਂ ਅਤੇ ਸਹਾਇਕ ਮੈਂਬਰਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਇਲਾਵਾ, ਡਾ. ਦੀਪਿੰਦਰ ਕੌਰ, ਸੰਤੋਸ਼ ਰਾਣੀ, ਸਾਗਰ ਅਤੇ ਮਨੋਜ ਭਾਰਤੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।



## ਅੰਬਾਂ ਨਾਲ ਭਰਿਆ ਟੈਂਪੂ ਪਲਟਿਆ



**ਫਿਲੌਰ, (ਨਿਰਮਲ)** ਫਿਲੌਰ-ਗੁਰਾਇਆ ਵਿਚਕਾਰ ਸਿਕਸ ਲੇਨ 'ਤੇ ਰਾਤ ਵੇਲੇ ਇੱਕ ਅੰਬਾਂ ਨਾਲ ਭਰਿਆ ਟੈਂਪੂ ਪਲਟ ਗਿਆ ਤੇ ਅੰਬ ਸੜਕ 'ਤੇ ਖਿੱਲਰ ਗਏ। ਸੜਕ ਸੁਰੱਖਿਆ ਫੋਰਸ ਦੇ ਏਐਸਆਈ ਸਰਬਜੀਤ ਸਿੰਘ ਸਾਥੀ ਕਰਮਚਾਰੀਆਂ ਨਾਲ ਮੌਕੇ 'ਤੇ ਪਹੁੰਚੇ ਤੇ ਕਰੇਨ ਮੰਗਵਾ ਕੇ ਟੈਂਪੂ ਸਿੱਧਾ ਕੀਤਾ। ਚਾਲਕ ਨੂੰ ਮੁੱਢਲੀ ਡਾਕਟਰੀ ਸਹਾਇਤਾ ਦਿਵਾਈ। ਚਾਲਕ ਨੇ ਦੱਸਿਆ ਕਿ ਮੈਨੂੰ ਰਾਤ ਵੇਲੇ ਨੀਂਦ ਆਉਣ ਕਾਰਨ ਇਹ ਹਾਦਸਾ ਵਾਪਰ ਗਿਆ। ਇਹ ਵੀ ਪਤਾ ਲੱਗਾ ਕਿ ਲੰਘ ਰਹੇ ਰਾਹਗੀਰਾਂ ਵੱਲੋਂ ਅੰਬਾਂ ਦਾ ਖੂਬ ਮਜ਼ਾ ਲਿਆ ਗਿਆ। ਇਹ ਟੈਂਪੂ ਸਹਾਰਨਪੁਰ ਤੋਂ ਜਲੰਧਰ ਵੱਲ ਜਾ ਰਿਹਾ ਸੀ।

## ਉਸਮਾਨਪੁਰ ਵਿਖੇ ਦੋ ਦਿਨਾ ਸਾਲਾਨਾ ਜੋੜ ਮੇਲਾ 30 ਤੋਂ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਬਾਬਾ ਮੀਆਂ ਸ਼ਾਹ ਮਾਨਾ ਦਾ 22ਵਾਂ ਦੋ ਦਿਨਾ ਸਾਲਾਨਾ ਜੋੜ ਮੇਲਾ ਪਿੰਡ ਉਸਮਾਨਪੁਰ ਵਿਖੇ ਸ਼ਰਧਾ ਪੂਰਵਕ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।ਸੇਵਾਦਾਰ ਜਸਵਿੰਦਰ ਨੇ ਦੱਸਿਆ ਕਿ 30 ਜੂਨ ਨੂੰ ਚਿਰਾਗ਼ ਰੋਸ਼ਨ ਕੀਤੇ ਜਾਣਗੇ। ਵਿਸ਼ੈਲ ਪੰਡਾਲ ਸਜਾਇਆ ਜਾਵੇਗਾ ਅਤੇ ਰਾਤ ਨੂੰ ਕਵਾਲੀਆਂ ਤੇ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਪਹਿਲੀ ਜੁਲਾਈ ਨੂੰ ਝੰਡਾ ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਮੇਲੇ ਦੇ ਦੋਨੋਂ ਦਿਨ ਚਾਹ-ਪਕੌੜਿਆਂ ਤੋਂ ਬਾਅਦ ਵੱਖ-ਵੱਖ ਪਕਵਾਨਾਂ ਅਤੇ ਮਠਿਆਈਆਂ ਦਾ ਲੰਗਰ ਅਟੁੱਟ ਵਰਤਾਇਆ ਜਾਵੇਗਾ। ਪ੍ਰਸਿੱਧ ਕਲਾਕਾਰ ਗਾਇਕ ਅਮਰ ਹਰਸ਼ੀ ਨਰਿੰਦਰ ਜੋਤ, ਸਰਦਾਰ ਅਲੀ, ਸਾਡੀ ਮੰਗਤ,ਰਾਜਵਿੰਦਰ ਕੌਰ ਸਲੀਮ ਕਵਾਲ ਜਾਡਲਾ ਕਲਾਕਾਰਾਂ ਪਾਰਟੀਆਂ ਵੱਲੋਂ ਪੋਗਰਾਮ ਪੇਸ਼ ਕੀਤਾ ਜਾਵੇਗਾ

# ਨਵਾਂਸ਼ਹਿਰ ਵਿਖੇ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਹੋਈ



**ਬੰਗਾ (ਅਵਤਾਰ ਕਲੇਰ)**

ਪੰਜਾਬ ਪੈਨਸ਼ਨ ਯੂਨੀਅਨ ਦੀ ਮੀਟਿੰਗ ਸ਼ਹੀਦ ਮਲਕੀਤ ਸਿੰਘ ਮੇਹਲੀ ਭਵਨ ਨਵਾਂ ਸ਼ਹਿਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਜ਼ਿਲ੍ਹੇ ਦੇ ਸਾਰੇ ਪੈਨਸ਼ਨਰ ਸਾਥੀ ਹਾਜ਼ਰ ਹੋਏ। ਮੀਟਿੰਗ ਦੀ ਪ੍ਰਧਾਨਗੀ ਸੁਰਿੰਦਰ ਕੁਮਾਰ ਨੇ ਕੀਤੀ । ਸਭ ਤੋਂ ਪਹਿਲਾਂ ਅਹਿਮਦਾਬਾਦ ਦੇ ਜਹਾਜ਼ ਹਾਦਸੇ ਵਿੱਚ ਮਾਰੇ ਗਏ ਲੋਕਾਂ ਅਤੇ ਨਵਾਂਸ਼ਹਿਰ ਜ਼ਿਲ੍ਹੇ ਦੇ ਸਿਰ ਕੱਢ ਆਗੂ ਕਾਮਰੇਡ ਸਤੰਤਰ ਕੁਮਾਰ ਦੀ ਕੋਈ ਅਚਨਚੇਤ ਮੌਤ ਪ੍ਰਤੀ ਸ਼ੋਕ ਪ੍ਰਗਟ ਕੀਤਾ।ਫਿਰ ਸਰਕਾਰ ਪ੍ਰਤੀ ਰੋਹ ਪ੍ਰਗਟ ਕੀਤਾ। ਮੌਜੂਦਾ ਕਾਨੂੰਨੀ ਹਾਲਤ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਤੇ ਵੱਖ ਵੱਖ ਮਹਿਕਮਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਪ੍ਰਤੀ ਸਰਕਾਰ ਦੇ ਵਤੀਰੇ ਦੀ ਵੀ ਘੋਰ ਨਿੰਦਾ ਕੀਤੀ ਗਈ। ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਖਜ਼ਾਨਿਆਂ 'ਤੇ ਲਾਈ ਬੇਵਜ੍ਹਾ ਪਾਬੰਦੀ ਅਦਾਇਗੀਆਂ ਨਾ ਕਰਨ ਦੇ ਹੁਕਮ ਨਾਦਰਸ਼ਾਹੀ ਫਰਮਾਨ ਕਰਨ ਦੀ ਵੀ ਘੋਰ ਨਿੰਦਾ ਕੀਤੀ ਗਈ। ਤਿੰਨ ਜੁਲਾਈ ਨੂੰ ਖਜ਼ਾਨਾ ਦਫਤਰ ਦਾ ਘਰਾਓ ਕੀਤਾ ਜਾਵੇਗਾ ਤੇ ਪੰਜਾਬ ਸਰਕਾਰ ਦਾ ਪੁਤਲਾ ਵੀ ਫੂਕਿਆ ਜਾਵੇਗਾ। ਨਾਲ ਹੀ ਨੌਂ ਤਰੀਕ ਨੂੰ ਭਾਰਤ ਬੰਦ ਦੇ ਸੱਦੇ ਤੇ ਸਮੂਹ ਜਥੇਬੰਦੀਆਂ ਅਤੇ ਸਮੁੱਚਾ ਵਰਗ ਜੋ ਕੰਮ ਕਰਦਾ ਹੈ ਤੇ ਟਰੇਡ ਯੂਨੀਅਨ ਦੇ ਨੁਮਾਇੰਦੇ ਇਸ ਬੰਦ ਦੀ ਪੁਰਜ਼ੋਰ ਹਮਾਇਤ ਕਰਦੇ ਹਨ। ਮੀਟਿੰਗ 'ਚ ਕਾਵੜ ਵਿਜੇ ਕੁਮਾਰ ਬੰਗਾ, ਗੁਰਮੇਲ ਚੰਦ, ਸੁਖਦੇਵ ਸਿੰਘ, ਦਸਵੰਧਾ ਸਿੰਘ, ਬਲਵੀਰ ਸਿੰਘ, ਪ੍ਰੇਮ ਕੁਮਾਰ, ਜਸਵਿੰਦਰ ਸਿੰਘ ਭੰਗਲ, ਸੁਰਿੰਦਰ ਕੁਮਾਰ, ਮਹਿੰਦਰ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਸਿੰਘ, ਜੀਵਨ, ਮਹਿੰਦਰ ਸਿੰਘ, ਦੇਸ ਰਾਜ, ਵਿਜੇ ਕੁਮਾਰ, ਸੁਰਿੰਦਰ ਕੁਮਾਰ, ਅਮਰਾਓ ਸਿੰਘ, ਸੋਹਣ ਸਿੰਘ, ਕਸ਼ਮੀਰ ਸਿੰਘ, ਜਗਤਾਰ ਸਿੰਘ ਤੇ ਕੇਹਰ ਚੰਦ ਇੰਸਪੈਕਟਰ ਸ਼ਾਮਲ ਸਨ।

# ਲੁਧਿਆਣਾ 'ਚ ਲੋਕਾਂ ਨੇ ਵਿਰੋਧੀਆਂ ਨੂੰ ਨਕਾਰ ਕੇ ਵਿਕਾਸ ਕੰਮਾਂ 'ਤੇ ਮੋਹਰ ਲਗਾਈ : ਰੰਧਾਵਾ, ਜੌਹਲ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਆਪ ਆਗੂ ਅਤੇ ਚੇਅਰਮੈਨ ਮਾਰਕੀਟ ਕਮੇਟੀ ਸੂਬੇਦਾਰ ਛਨਾਖ ਸਿੰਘ ਵਡਾਲਾ ਜੌਹਲ, ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ ਅਤੇ ਮੇਜਰ ਸਿੰਘ ਸੈਦੋਲੇਹਲ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਹੋਈ ਜਿੱਤ ਉਪਰੰਤ ਗੱਲਬਾਤ ਦੌਰਾਨ ਕਿਹਾ ਕਿ ਵੋਟਰਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੀਤੇ ਹੋਏ ਵਿਕਾਸ ਕੰਮਾਂ 'ਤੇ ਮੋਹਰ ਲਗਾ ਕੇ ਸਰਕਾਰ ਦੇ ਹੱਕ ਵਿੱਚ ਫੈਸਲਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀਆਂ ਵੱਲੋਂ ਲੋਕਾਂ ਨੂੰ ਸੁਣਾਈਆਂ ਗਈਆਂ ਮਨਘੜਤ ਕਹਾਣੀਆਂ ਅਤੇ ਅਫਵਾਹਾਂ ਨੂੰ ਲੋਕਾਂ ਨੇ ਸਿਰੇ ਤੋਂ ਨਕਾਰ ਦਿੱਤਾ ਹੈ ਤੇ ਵਿਕਾਸ ਕਾਰਜਾਂ ਨੂੰ ਪਹਿਲ ਦਿੰਦੇ ਹੋਏ ਆਪਣਾ ਸਹੀ ਫੈਸਲਾ ਲਿਆ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਨਾਲ ਖੜਨ ਵਾਲੀ, ਲੋਕਾਂ ਦੇ ਹੱਕ ਦੀ ਗੱਲ ਕਰਨ ਵਾਲੀ, ਲੋਕਾਂ ਦੀ ਆਪਣੀ ਪਾਰਟੀ ਹੈ। ਇਸੇ ਕਰਕੇ ਹੀ ਗੁਜਰਾਤ ਵਿੱਚ ਵੀ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਝੰਡੇ ਬੁਲੰਦ ਕੀਤੇ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਸੂਬਿਆਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਹੋਣ 'ਤੇ ਸਪੱਸ਼ਟ ਹੋ ਗਿਆ ਹੈ ਕਿ ਲੋਕ ਭਗਵੰਤ ਸਿੰਘ ਮਾਨ ਦਾ ਸਾਥ ਦੇਣਗੇ ਤੇ ਆਉਣ ਵਾਲੀਆਂ 2027 ਦੀਆਂ ਚੋਣਾਂ ਦੌਰਾਨ ਉਹ ਫਿਰ ਜਿੱਤ ਹਾਸਿਲ ਕਰਕੇ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਾ ਕੇ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈ ਕੇ ਜਾਣਗੇ।

# ਜ਼ਿਲ੍ਹਾ ਟੀਕਾਕਰਨ ਅਫਸਰ ਵੱਲੋਂ ਟੀਕਾਕਰਨ ਮੁਹਿੰਮ ਦਾ ਨਿਰੀਖਣ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਮਾਣਯੋਗ ਡਿਪਟੀ ਕਮਿਸ਼ਨਰ ਰਾਹੁਲ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਰ ਕੌਰ ਨੇ ਸੀਐੱਚਸੀ ਖੇਮਕਰਨ ਵਿਖੇ ਟੀਕਾਕਰਨ ਪ੍ਰੋਗਰਾਮ ਦਾ ਨਿਰੀਖਣ ਕੀਤਾ। ਇਸ ਸਬੰਧੀ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਮੀਜ਼ਲ ਰੁਬੇਲਾ ਟੀਕਿਆਂ ਦੀਆਂ ਦੋਵੇਂ ਖੁਰਾਕਾਂ ਯੋਗ ਬੱਚਿਆਂ ਨੂੰ ਲਗਾਉਣ ਲਈ ਜ਼ਿਲੇ ਵਿੱਚ ਵਿਸ਼ੇਸ਼ ਐੱਮਆਰ ਟੀਕਾਕਰਨ ਕੈਂਪ ਲਾਏ ਜਾ ਰਹੇ ਹਨ। ਉਨ੍ਹਾਂ ਨੇ ਬਲਾਕ ਖੇਮਕਰਨ ਵਿਖੇ ਐੱਮਆਰ ਟੀਕਕਰਨ ਕੈਂਪ ਦਾ ਨਿਰੀਖਣ ਕਰਦਿਆਂ ਸਿਹਤ ਕਰਮਚਾਰੀਆਂ ਨੂੰ ਵੱਧ ਤੋਂ ਵੱਧ ਯੋਗ ਬੱਚਿਆਂ ਨੂੰ ਟੀਕਿਆਂ ਦੀਆਂ ਖੁਰਾਕਾਂ ਲਗਾਉਣ ਦੀ ਹਦਾਇਤ ਕੀਤੀ। ਉਨ੍ਹਾਂ ਨੇ ਸਿਹਤ ਵਿਭਾਗ ਵੱਲੋਂ ਸ਼ੁਰੂ ਕੀਤੇ ਗਏ ਟੀਕਾਕਰਨ ਪ੍ਰੋਗਰਾਮ ਦਾ ਫਾਇਦਾ ਯੋਗ ਲਾਭਪਾਤਰੀਆਂ ਤੱਕ ਪਹੁੰਚਾਉਣ ਲਈ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਬਲਾਕ ਖੇਮਕਰਨ ਦੇ ਐੱਮਪੀ ਐੱਚ ਡਬਲਿਊ ਮੇਲ, ਫੀਮੇਲ ਸੀਐੱਚਓ, ਆਸ਼ਾ ਫੈਸਿਲੀਟੇਟਰਾਂ ਨਾਲ ਮੀਟਿੰਗ ਕੀਤੀ। ਡਬਲਿਊ ਐੱਚ ਓ ਸਰਵੀਲੈਂਸ ਅਫਸਰ ਡਾਕਟਰ ਇਸ਼ਤਾ ਨੇ ਏਐੱਫਪੀ, ਫੀਵਰ ਰੈਸ਼, ਵੀਪੀਡੀ ਕੇਸਾਂ ਦੀ ਜਾਣਕਾਰੀ ਅਤੇ ਇਨ੍ਹਾਂ ਦੀ ਜਾਗਰੂਕਤਾ ਵਧਾਉਣ ਲਈ ਦਿਸ਼ਾ ਨਿਰਦੇਸ਼ ਦਿੱਤੇ। ਇਸ ਮੌਕੇ ਡਾ. ਅਮਰਦੀਪ ਸਿੰਘ, ਐੱਸ. ਆਈ. ਜੁਗਰਾਜ ਸਿੰਘ, ਬਲਾਕ ਐਜੂਕੇਟਰ ਗੁਰਵਿੰਦਰ ਸਿੰਘ, ਬਲਜਿੰਦਰ ਸਿੰਘ, ਆਈ. ਏ. ਜੁਗਰਾਜ ਸਿੰਘ, ਜਗਜੀਤ ਸਿੰਘ, ਜਸਵਿੰਦਰ ਸਿੰਘ, ਕੁਲਵਿੰਦਰ ਕੌਰ ਏਐੱਨਐੱਮ, ਐੱਲ. ਐੱਚ. ਵੀ. ਹਰਜੀਤ ਕੌਰ ਹਾਜ਼ਰ ਸਨ।



## ਬਾਬਾ ਅੰਬੋ ਸ਼ਹੀਦ ਦੇ ਸਥਾਨ 'ਤੇ ਸਾਲਾਨਾ ਜੋੜ ਮੇਲਾ ਕਰਵਾਇਆ

**ਅੱਡਾ ਸਰਾਂ (ਜਸਵੀਰ ਕਾਜਲ)** -ਪਿੰਡ ਸੀਕਰੀ ਵਿਖੇ ਸਥਿਤ ਬਾਬਾ ਅੰਬੋ ਸ਼ਹੀਦ ਦੇ ਸਥਾਨ 'ਤੇ ਜੋੜ ਮੇਲਾ ਤੇ ਸਾਲਾਨਾ ਭੰਡਾਰਾ ਧੂਮਧਾਮ ਨਾਲ ਕਰਵਾਇਆ ਗਿਆ। ਮੁੱਖ ਸੇਵਾਦਾਰ ਬਾਬਾ ਮੇਘਨਾਥ ਦੀ ਅਗਵਾਈ ਵਿੱਚ ਹੋਏ 2 ਦਿਨਾ ਸਾਲਾਨਾ ਭੰਡਾਰੇ ਤੇ ਜੋੜ ਮੇਲੇ ਦੌਰਾਨ ਸਭ ਤੋਂ ਪਹਿਲਾਂ ਚਿਰਾਗ ਰੋਸ਼ਨ ਕਰਨ ਦੀ ਰਸਮ ਕੀਤੀ ਗਈ ਜਦਕਿ ਦੂਸਰੇ ਦਿਨ ਪਵਿੱਤਰ ਦਰਗਾਹ 'ਤੇ ਚਾਦਰ ਤੇ ਝੰਡਾ ਚੜ੍ਹਾਉਣ ਦੀ ਰਸਮ ਉਪਰੰਤ ਪ੍ਰਸਿਧ ਸੂਫੀ ਗਾਇਕ ਪਰਵੇਜ਼ ਆਲਮ, ਗਾਇਕ ਲੱਖੀ ਸਿੱਧੂ, ਮਹਿਦੀ ਬਰਾੜ, ਰਾਜਨ ਐਂਡ ਗਗਨ ਨਕਾਲ ਪਾਰਟੀ ਨੇ ਆਪਣੇ ਫਨ ਦਾ ਮੁਜ਼ਾਹਰਾ ਕਰਦੇ ਹੋਏ ਪੀਰਾਂ ਦੀ ਦਰਗਾਹ 'ਤੇ ਹਾਜ਼ਰੀ ਲਗਵਾਈ।ਸੇਵਾਦਾਰਾਂ ਨੂੰ ਯਾਦਗਾਰੀ ਚਿੰਨ ਭੇਟ ਕਰਦਿਆਂ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਸ਼ਾਮਿਲ ਹੋਈਆਂ ਸੰਗਤਾਂ ਦੀ ਸੇਵਾ ਵਾਸਤੇ ਠੰਡੇ-ਮਿੱਠੇ ਜਲ ਦੀ ਛਬੀਲ ਤੇ ਗੁਰੂ ਦੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ ਪ੍ਰਬੰਧਕ ਸੇਵਾਦਾਰ ਨਿਰਮਲ ਸਿੰਘ, ਬਖਸ਼ੀਸ਼ ਸਿੰਘ, ਸ਼ਮਸ਼ੇਰ ਸਿੰਘ, ਬਲਵੀਰ ਸਿੰਘ, ਓਂਕਾਰ ਸਿੰਘ ਸੀਕਰੀ, ਹਰਪ੍ਰੀਤ ਸਿੰਘ ਤੇ ਡਾ. ਅਮਰਜੀਤ ਸਿੰਘ ਵੀ ਹਾਜ਼ਰ ਸਨ ।



# ਪੋਲਿੰਗ ਸਟੇਸ਼ਨਾਂ 'ਤੇ ਦਿਵਿਆਂਗ ਵੋਟਰਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ : ਡੀ ਸੀ

**ਨਵਾਂਸ਼ਹਿਰ (ਮਨੋਜ ਲਾਡੀ)**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਵੋਟਾਂ ਦੌਰਾਨ ਪੋਲਿੰਗ ਸਟੇਸ਼ਨਾਂ ਵਿਖੇ ਜ਼ਿਲ੍ਹੇ ਦੇ ਸਮੂਹ ਦਿਵਿਆਂਗ ਵੋਟਰਾਂ ਨੂੰ ਸੁਚੱਜਾ ਅਤੇ ਸੁਖਾਵਾਂ ਮਾਹੌਲ ਮੁਹੱਈਆ ਕਰਵਾਉਣ ਦੇ ਮੱਦੇਨਜਰ ਜ਼ਿਲ੍ਹਾ ਪੱਧਰੀ ਮੋਨਿਟਰਿੰਗ ਕਮੇਟੀ ਨੂੰ ਪੋਲਿੰਗ ਸਟੇਸ਼ਨਾਂ 'ਤੇ ਹਰ ਲੋੜੀਂਦੀ ਸਹੂਲਤ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ।ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜਿਲ੍ਹਾ ਚੋਣ ਅਫਸਰ ਰਾਜੀਵ ਵਰਮਾ ਨੇ ਕਿਹਾ ਕਿ ਦਿਵਿਆਂਗ ਵੋਟਰਾਂ ਨੂੰ ਪੋਲਿੰਗ ਸਟੇਸ਼ਨਾਂ 'ਤੇ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ। ਉਨ੍ਹਾਂ ਕਿਹਾ ਕਿ ਪੋਲਿੰਗ ਸਟੇਸ਼ਨਾਂ ਨੂੰ ਦਿਵਿਆਂਗ ਵੋਟਰਾਂ ਦੀ ਸਹੂਲਤ ਅਨੁਸਾਰ ਬਣਾਇਆ ਜਾਵੇ ਤਾਂ ਜੋ ਉਹ ਆਸਾਨੀ ਨਾਲ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ। ਉਨ੍ਹਾਂ ਨੇ ਬੀ.ਐਲ.ਓਜ਼ ਨੂੰ ਹਦਾਇਤ ਕੀਤੀ ਕਿ ਵੋਟਰ ਸੂਚੀ ਵਿੱਚ ਦਿਵਿਆਂਗ ਵੋਟਰਾਂ ਦੀ ਜਾਣਕਾਰੀ ਦੇ ਨਾਲ-ਨਾਲ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਦੱਸਿਆ ਜਾਵੇ । ਉਨ੍ਹਾਂ ਦੱਸਿਆ ਕਿ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਜ਼ਿਲ੍ਹਾ ਪੱਧਰ ਤੇ ਮੋਨਿਟਰਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਦੀ ਜਿੰਮੇਵਾਰੀ ਜ਼ਿਲ੍ਹੇ ਦੇ ਦਿਵਿਆਂਗ ਵੋਟਰਾਂ ਲਈ ਪੋਲਿੰਗ ਸਟੇਸ਼ਨਾਂ ਤੇ ਸੁਖਾਵਾਂ ਮਾਹੌਲ ਸਥਾਪਤ ਕਰਨਾ ਹੈ।ਰਾਜੀਵ ਵਰਮਾ ਨੇ ਕਿਹਾ ਕਿ ਵੋਟਾਂ ਵਾਲੀ ਥਾਂ 'ਤੇ ਰੈਂਪ, ਵ੍ਹੀਲ ਚੇਅਰ ਦਾ ਪ੍ਰਬੰਧ ਰੱਖਣ ਦੇ ਨਾਲ-ਨਾਲ ਉਨ੍ਹਾਂ ਦੀ ਸਹੂਲਤ ਲਈ ਵਲੰਟੀਅਰ ਤੈਨਾਤ ਕਰਨ ਲਈ ਵੀ ਵਿਸ਼ੇਸ ਧਿਆਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਬੂਥ ਲੈਵਲ ਅਧਿਕਾਰੀ ਸਬੰਧਤ ਵੋਟਰਾਂ ਦੀ ਇਲਾਕਿਆਂ ਵਿੱਚ ਦਿਵਿਆਂਗ ਵੋਟਰਾਂ ਲਈ ਉਪਲਬਧ ਸਹੂਲਤਾਂ ਬਾਰੇ ਵੋਟਰਾਂ ਨੂੰ ਅਗਾਂਊਂ ਸੂਚਿਤ ਕਰਨ ਤਾਂ ਜੋ ਉਹ ਇਨ੍ਹਾਂ ਸਹੂਲਤਾਂ ਦਾ ਲਾਭ ਲੈ ਸਕਣ।ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫਸਰ ਰਾਜੀਵ ਵਰਮਾ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਬੂਥ ਲੈਵਲ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਜਾ ਚੁੱਕੀ ਹੈ ਜਿਨ੍ਹਾਂ ਨੂੰ ਆਈ.ਆਈ.ਡੀ.ਐਮ. ਨਵੀਂ ਦਿੱਲੀ ਵੱਲੋਂ 2 ਜੁਲਾਈ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ। ਉਨ੍ਹਾਂ ਨੇ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਇਸ ਟ੍ਰੇਨਿੰਗ ਲਈ ਲੋੜੀਂਦੀਆਂ ਨੂੰ ਸਮੇਂ ਸਿਰ ਅੰਤਿਮ ਰੂਪ ਦਿੱਤਾ ਜਾਵੇ ਤਾਂ ਜੋ ਇਸ ਉਪਰੰਤ ਹਲਕਾ ਪੱਧਰ 'ਤੇ ਵੀ ਟ੍ਰੇਨਿੰਗ ਦੌਰਾਨ ਕੋਈ ਪਰੇਸ਼ਾਨੀ ਨਾ ਆਵੇ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਲਈ 25 ਬੀ.ਐਲ.ਓਜ਼ ਨੂੰ ਪਾਬੰਦ ਕੀਤਾ ਜਾਵੇ ਜਿਸ ਉਪਰੰਤ 3 ਜੁਲਾਈ ਤੋਂ 17 ਜੁਲਾਈ ਤੱਕ ਹਲਕਾ ਪੱਧਰ 'ਤੇ ਈ.ਆਰ.ਓਜ਼ ਦੀ ਨਿਗਰਾਨੀ ਹੇਠ ਟ੍ਰੇਨਿੰਗ ਹੋਵੇਗੀ। ਇਸ ਮੌਕੇ ਐਸ.ਡੀ.ਐਮ. ਅਨਮਜੋਤ ਕੌਰ, ਬਲਾਚੌਰ ਦੇ ਐਸ.ਡੀ.ਐਮ. ਇੰਦਰਪਾਲ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



# ਘਰਾਲਾ ਦੀ 80 ਏਕੜ ਜ਼ਮੀਨ ਲੈਂਡ ਪੂਲਿੰਗ 'ਚ ਜਾਣੋਂ ਰੋਕਣ ਲਈ ਐੱਸ ਕੇ ਐੱਮ ਵੱਲੋਂ ਪਿੰਡ ਵਾਸੀਆਂ ਨਾਲ ਮੀਟਿੰਗ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਨਾਲ ਸੰਬੰਧਿਤ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਪਿੰਡ ਘਰਾਲਾ ਪਹੁੰਚ ਕੇ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ। ਸਰਪੰਚ ਸੁਖਵਿੰਦਰ ਸਿੰਘ ਘਰਾਲਾ, ਬਰਿੰਦਰ ਸਿੰਘ, ਸੋਨਾ ਸ਼ਾਹ, ਬਲਪ੍ਰੀਤ ਸਿੰਘ, ਪ੍ਰਿੰਸ, ਅਮਰਜੀਤ ਕੌਰ, ਦਵਿੰਦਰ ਕੌਰ, ਬਲਵਿੰਦਰ ਕੌਰ, ਪਰਮਜੀਤ ਕੌਰ, ਰਣਜੀਤ ਸਿੰਘ ਰਾਣਾ, ਜਗਦੇਵ ਸਿੰਘ ਜੱਗਾ, ਗੁਰਦੇਵ ਸਿੰਘ ਰੌਣਕੀ ਆਦਿ ਨੇ ਦੱਸਿਆ ਕਿ ਉਹ ਬਹੁਤ ਹੀ ਚਿੰਤਾ ਵਿੱਚ ਹਨ। ਉਨ੍ਹਾਂ ਨੂੰ ਰਾਤ ਭਰ ਸੋਚ ਸੋਚ ਕੇ ਨੀਂਦ ਨਹੀਂ ਆਉਂਦੀ ਕਿ ਜੇ ਉਨ੍ਹਾਂ ਦੀ ਜ਼ਮੀਨ ਸਰਕਾਰ ਨੇ ਖੋਹ ਲਈ ਤਾਂ ਉਹ ਕੀ ਕਰਨਗੇ? ਉਹ ਤਾਂ ਰੁਲ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਪਿੰਡ ਦੀ ਜ਼ਮੀਨ ਪਹਿਲਾਂ ਹੀ ਬਾਈਪਾਸ ਹਾਈਵੇ ਅਤੇ ਇੰਪਰੂਵਮੈਂਟ ਟਰੱਸਟ ਵਿੱਚ ਆ ਚੁੱਕੀ ਹੈ। ਹੁਣ ਜੋ ਥੋੜ੍ਹੀ ਬਹੁਤੀ ਰਹਿ ਗਈ ਹੈ ਉਹ ਸਰਕਾਰ ਲੈਂਡ ਪੂਲਿੰਗ ਤਹਿਤ ਕੋਈ ਹੋਰ ਕਲੋਨੀ ਉਸਾਰਨ ਲਈ ਲੈਣ ਲੱਗੀ ਹੈ। ਜੇ ਅਜਿਹਾ ਹੋਇਆ ਤਾਂ ਉਹ ਬਰਬਾਦ ਹੋ ਜਾਣਗੇ। ਭੁੱਖੇ ਮਰ ਜਾਣਗੇ। ਸਾਰੇ ਪਿੰਡ ਨੇ ਇੱਕਮੁੱਠ ਹੋ ਕੇ ਕਿਹਾ ਕਿ ਉਹ ਮਰ ਜਾਣਗੇ ਪਰ ਜ਼ਮੀਨ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਉਹ ਲਿਖਤੀ ਰੂਪ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਹਾਕਮ ਪਾਰਟੀ ਦੇ ਹਲਕਾ ਇੰਚਾਰਜ ਰਮਨ ਬਹਿਲ ਨੂੰ ਦਰਖਾਸਤਾਂ ਵੀ ਦੇ ਚੁੱਕੇ ਹਨ। ਸਮੂਹ ਪਿੰਡ ਵਾਸੀਆਂ ਵਿਸ਼ਵਾਸ ਦਿਵਾਇਆ ਕਿ ਸੰਯੁਕਤ ਕਿਸਾਨ ਮੋਰਚਾ ਜੋ ਵੀ ਸਲਾਹ ਦੇਵੇਗਾ ਉਸ ਮੁਤਾਬਕ ਤੁਰਿਆ ਜਾਵੇਗਾ। ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਮੱਖਣ ਸਿੰਘ ਕੁਹਾੜ, ਗੁਰਵਿੰਦਰ ਸਿੰਘ ਜੀਵਨ ਚੱਕ, ਹਰਜੀਤ ਸਿੰਘ ਕਾਹਲੋਂ, ਸੁਖਦੇਵ ਸਿੰਘ ਭਾਗੋਕਾਵਾਂ, ਤ੍ਰਲੋਕ ਸਿੰਘ ਬਹਿਰਾਮਪੁਰ, ਅਜੀਤ ਸਿੰਘ ਹੁੰਦਲ, ਰਘਬੀਰ ਸਿੰਘ ਚਾਹਲ, ਬਲਜੀਤ ਸਿੰਘ ਕਲਾਨੌਰ ਆਦਿ ਨੇ ਦੱਸਿਆ ਕਿ ਐੱਸਕੇਐੱਮ ਨੇ ਇਸ ਜ਼ਮੀਨ ਨੂੰ ਬਚਾਉਣ ਲਈ 26 ਜੂਨ ਨੂੰ ਅਗਲੀ ਰਣਨੀਤੀ ਬਣਾਉਣ ਵਾਸਤੇ ਮੀਟਿੰਗ ਰੱਖ ਲਈ ਹੈ। ਇਸ ਮੀਟਿੰਗ ਵਿੱਚ ਹਰ ਉਹ ਪੱਖ ਵਿਚਾਰਿਆ ਜਾਵੇਗਾ ਜਿਸ ਨਾਲ ਮਾਨ ਸਰਕਾਰ ਨੂੰ ਜ਼ਮੀਨ ਹੜੱਪਣ ਤੋਂ ਰੋਕਿਆ ਜਾ ਸਕੇ। ਆਗੂਆਂ ਸਪੱਸ਼ਟ ਕੀਤਾ ਕਿ ਇਹ ਲੜਾਈ ਲੰਬੀ ਹੋ ਸਕਦੀ ਹੈ ਅਤੇ ਬੜੇ ਸਿਰੜ ਨਾਲ ਲੜੀ ਜਾਣੀ ਹੈ। ਕਿਸਾਨਾਂ ਨੂੰ ਜ਼ਮੀਨਾਂ 'ਚੋਂ ਬੇਦਖਲ ਕਰਨ ਦੀ ਨੀਤੀ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਆਗੂਆਂ ਨੇ ਪਿੰਡ ਵਾਸੀਆਂ ਨੂੰ ਸਿਰੜੀ ਘੋਲ ਲੜੇ ਜਾਣ ਵਾਸਤੇ ਤਿਆਰ ਰਹਿਣ ਲਈ ਕਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਥਾਣੇਵਾਲ, ਪਰਮਿੰਦਰ ਸਿੰਘ ਕੋਠੇ, ਵੀਰ ਸਿੰਘ ਕਾਲਾਨੌਰ, ਪਲਵਿੰਦਰ ਸਿੰਘ ਘਰਾਲਾ, ਬਲਬੀਰ ਸਿੰਘ ਕਾਲਾ ਆਦਿ ਆਗੂ ਵੀ ਹਾਜ਼ਰ ਸਨ।

## ਹੈਰੋਇਨ ਸਮੇਤ ਦੋ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਤਲਵੰਡੀ ਭਾਈ ਤੇ ਥਾਣਾ ਮੱਲਾਂਵਾਲਾ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ 10 ਗ੍ਰਾਮ ਹੈਰੋਇਨ ਤੇ ਹੈਰੋਇਨ ਦਾ ਸੇਵਨ ਕਰਨ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਦੌਰਾਨੇ ਗਸ਼ਤ ਸੀ ਤਾਂ ਇਸ ਦੌਰਾਨ ਦੋਸ਼ੀ ਨਰਿੰਦਰ ਸਿੰਘ ਉਰਫ ਬੱਬੀ ਪੁੱਤਰ ਬ੍ਰਿਜ ਲਾਲ ਵਾਸੀ ਛੀਨਾ ਕਾਲੋਨੀ ਤਲਵੰਡੀ ਭਾਈ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ। ਉਧਰ ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਗੁਰਕੰਵਲਜੀਤ ਕੌਰ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਸਾਥੀ ਕਰਮਚਾਰੀਆਂ ਨਾਲ ਮੱਲਾਂਵਾਲਾ ਤੋਂ ਸੁਨਮਾ ਦੇ ਏਰੀਆ ਗਸ਼ਤ ਕਰਦੇ ਸਮੇਂ ਪੁਲਸ ਪਾਰਟੀ ਨੇੜੇ ਦਾਣਾ ਮੰਡੀ ਪਹੁੰਚੀ ਤਾਂ ਇਕ ਨੌਜਵਾਨ ਬਲਵਿੰਦਰ ਸਿੰਘ ਵਾਸੀ ਗੁਰਦਿੱਤੀ ਵਾਲਾ ਕੋਈ ਨਸ਼ੀਲੀ ਚੀਜ਼ ਸੁੰਘ ਰਿਹਾ ਸੀ, ਜਿਸ ਨੂੰ ਕਾਬੂ ਕਰਕੇ 1 ਪੰਨੀ, 1 ਲਾਈਟਰ ਸਮੇਤ 10 ਰੁਪਏ ਦਾ ਨੋਟ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।



ਫਿਲੌਰ ਵਿਖੇ ਮਰਹੂਮ ਕਾਮਰੇਡ ਬਲਵੀਰ ਸਿੰਘ ਗੋਗੀ ਤੇ ਸਵ. ਗੋਲੂ ਦੀ ਯਾਦ ਨੂੰ ਸਮਰਪਿਤ ਨਿਊ ਸਟਾਰ ਕ੍ਰਿਕਟ ਕਲੱਬ ਫਿਲੌਰ ਵਲੋਂ ਪੰਜਵੇਂ ਟੂਰਨਾਮੈਂਟ ਮੌਕੇ ਕਾਮਰੇਡ ਬਲਵੀਰ ਗੋਗੀ ਦੀ ਬੇਟੀ ਹਰਮੀਤ ਕੌਰ ਨੂੰ ਸਨਮਾਨਿਤ ਕਰਦੇ ਹੋਏ, ਨਾਲ ਹਨ ਕਲੱਬ ਦੇ ਸਮੂਹ ਮੈਂਬਰ। (ਫੋਟੋ ਤੇ ਵੇਰਵਾ ਬੀ ਐੱਸ ਕੈਨੇਡੀ ਫਿਲੌਰ)

# ਬਾਬਾ ਬੰਦਾ ਸਿੰਘ ਬਹਾਦਰ ਦਾ 309ਵਾਂ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ



**ਮੋਹਾਲੀ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਮਰ ਸ਼ਹੀਦ ਜੱਥੇਦਾਰ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ 309ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦਿਹਾੜੇ ਦੇ ਸਬੰਧ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਪਰਮਜੀਤ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੁਆਰਾ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਸੂਬਾ ਸਰਹੰਦ ਵਜੀਰ ਖਾਨ ਨੂੰ ਮੌਤ ਦੇ ਘਾਟ ਉਤਾਰ ਕੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਬਦਲਾ ਲੈਣ ਅਤੇ ਮੁਗਲ ਰਾਜ ਨੂੰ ਮਾਤ ਦੇਣ ਦਾ ਪ੍ਰਸੰਗ ਸੰਗਤਾਂ ਨੂੰ ਵਿਸਥਾਰ ਵਿੱਚ ਸਰਵਣ ਕਰਾਇਆ। ਭਾਈ ਸੁਖਦੇਵ ਸਿੰਘ ਪਟਿਆਲੇ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਸ਼੍ਰੋਮਣੀ ਪ੍ਰਚਾਰਕ ਭਾਈ ਬੇਅੰਤ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਂਹੀ ਦਸਿੱਆ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲ ਰਾਜ ਦਾ ਖਾਤਮਾ ਕਰਕੇ ਦੇਸ਼ ਦੀ ਆਜ਼ਾਦੀ ਦਾ ਮੁੱਢ ਬੰਨ੍ਹਿਆ ਅਤੇ ਜਬਰ ਜੁਲਮ ਦਾ ਟਾਕਰਾ ਕਰਦੇ ਹੋਏ ਸੰਨ 1716 ਈ: ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਭਾਈ ਹੀਰਾ ਸਿੰਘ ਸ੍ਰੀ ਮਾਛੀਵਾੜਾ ਸਾਹਿਬ ਵਾਲੇ, ਭਾਈ ਗੁਰਦੇਵ ਸਿੰਘ, ਭਾਈ ਅੰਮ੍ਰਿਤਪਾਲ ਸਿੰਘ ਮੋਗੇ ਵਾਲੇ, ਭਾਈ ਕਰਨਵੀਰ ਸਿੰਘ , ਭਾਈ ਰਵਿੰਦਰ ਸਿੰਘ , ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਾਈ ਸੁਖਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਨਿਤਿੰਨ ਸਿੰਘ, ਭਾਈ ਸੰਦੀਪ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਗੁਰਦੀਪ ਸਿੰਘ ਸੀਹਰਾ ਬਣੇ ਬਾਬਾ ਵਿਸ਼ਵਕਰਮਾ ਮੰਦਰ ਸਭਾ ਦੇ ਪ੍ਰਧਾਨ



**ਅੱਡਾ ਸਰਾਂ/ ਟਾਂਡਾ ਉੜਮੁੜ, (ਕਾਜਲ / ਓਂਕਾਰ ਸਿੰਘ)**-ਬਾਬਾ ਵਿਸ਼ਵਕਰਮਾ ਮੰਦਰ ਸਭਾ ਦਾ ਇਕ ਵਿਸ਼ੇਸ਼ ਇਜਲਾਸ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿਚ ਹੋਇਆ। ਜਿਸ ਵਿਚ ਸਭਾ ਵੱਲੋਂ ਪਿਛਲੇ ਵਰ੍ਹੇ ਕੀਤੇ ਗਏ ਸਮਾਜਿਕ ਵਿਕਾਸ ਦੇ ਕਾਰਜਾਂ ਤੇ ਧਰਮ ਕਰਮ ਦੇ ਕੰਮਾਂ ਦੀ ਸਮੀਖਿਆ ਕਰਨ ਦੇ ਨਾਲ ਨਾਲ ਸਭਾ ਦਾ ਪੁਨਰਗਠਨ ਕੀਤਾ ਗਿਆ। ਸਭਾ ਦੀ ਸਮੂਹ ਟੀਮ ਦੀ ਮੌਜੂਦਗੀ ਵਿਚ ਬਲਵਿੰਦਰ ਸਿੰਘ ਚੱਤੋਵਾਲ ਅਤੇ ਹਰਬੰਸ ਸਿੰਘ ਪਾਤੜ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਦੌਰਾਨ ਸਰਬ ਸੰਮਤੀ ਦੇ ਨਾਲ ਸਭਾ ਦੀ ਨਵੀਂ ਟੀਮ ਚੋਣ ਕੀਤੀ ਗਈ,ਜਿਸ ਵਿਚ ਗੁਰਦੀਪ ਸਿੰਘ ਸੀਹਰਾ ਨੂੰ ਪ੍ਰਧਾਨ ਬਣਾਇਆ ਗਿਆ ਜਦਕਿ ਬਲਵਿੰਦਰ ਸਿੰਘ ਚੱਤੋਵਾਲ ਅਤੇ ਹਰਬੰਸ ਸਿੰਘ ਪਾਤੜ ਨੂੰ ਚੇਅਰਮੈਨ ਬਣਾਇਆ ਗਿਆ। ਜੋਗਿੰਦਰ ਸਿੰਘ ਸੀਹਰਾ ਸਰਪ੍ਰਸਤ , ਸੁਰਜੀਤ ਸਿੰਘ ਚੱਤੋਵਾਲ ਨੂੰ ਸਹਾਇਕ ਸਰਪ੍ਰਸਤ, ਮਹਿੰਗਾ ਸਿੰਘ ਚੱਤੋਵਾਲ ਨੂੰ ਵਾਈਸ ਚੇਅਰਮੈਨ, ਕਰਨੈਲ ਸਿੰਘ ਮਾਲਵਾ, ਤਜਿੰਦਰ ਸਿੰਘ ਸੀਹਰਾ ਅਤੇ ਹਰਪ੍ਰੀਤ ਸਿੰਘ ਹੈਪੀ ਸੀਹਰਾ ਨੂੰ ਸੀਨੀਅਰ ਮੀਤ ਪ੍ਰਧਾਨ, ਜਸਵੰਤ ਸਿੰਘ ਸੱਗੂ ਜਲੰਧਰ ਨੂੰ ਵਾਈਸ ਪ੍ਰਧਾਨ, ਹਰਭਜਨ ਸਿੰਘ ਭਾਰਜ ਨੂੰ ਜਨਰਲ ਸਕੱਤਰ, ਹਰਦੇਵ ਸਿੰਘ ਵੱਸਣ ਨੂੰ ਸਕੱਤਰ, ਬਲਰਾਜ ਭੰਡਾਰੀ ਨੂੰ ਜਾਇੰਟ ਸਕੱਤਰ, ਬਲਵਿੰਦਰ ਸਿੰਘ ਮਰਵਾਹਾ ਨੂੰ ਸਟੇਜ ਅਤੇ ਜਾਇੰਟ ਸੈਕਟਰੀ, ਗੁਰਬਖਸ ਸਿੰਘ ਧੀਰਫੀਲਡ ਨੂੰ ਕੈਸ਼ੀਅਰ, ਤਲਵਿੰਦਰ ਸਿੰਘ ਸੀਹਰਾ ਨੂੰ ਸਹਾਇਕ ਕੈਸ਼ੀਅਰ ਚੁਣਿਆ ਗਿਆ। ਤਰਲੋਕ ਸਿੰਘ ਚੱਤੋਵਾਲ, ਬਲਜੀਤ ਸਿੰਘ ਸੀਹਰਾ, ਸੁਰਜੀਤ ਸਿੰਘ ਪੀ.ਐੱਸ. ਰੇਡੀਓ, ਜਸਵਿੰਦਰ ਸਿੰਘ ਧੀਰ ਫੀਲਡ, ਜਸਵਿੰਦਰ ਸਿੰਘ ਪੱਪੀ,ਹਰਜੀਤ ਸਿੰਘ ਉਭੀ ਭੋਗਲ ਨੂੰ ਸਲਾਹਕਾਰ ਬਣਾਇਆ ਗਿਆ। ਐੱਮ. ਸੀ. ਸੁਰਿੰਦਰਜੀਤ ਸਿੰਘ ਬਿੱਲੂ, ਹਰੀ ਕਿਸਨ ਸੈਣੀ ਅਤੇ ਕ੍ਰਿਸਨ ਕੁਮਾਰ ਬਿੱਟੂ ਨੂੰ ਸਪੈਸ਼ਲ ਇਨਵਾਇਟੀ ਮੈਂਬਰ, ਵਰਿੰਦਰ ਪੁੰਜ ਨੂੰ ਪ੍ਰੈਸ ਸਕੱਤਰ, ਚੌਧਰੀ ਕਮਲ ਸੈਣੀ, ਗੁਰਮੀਤ ਸਿੰਘ ਵੱਸਣ, ਹਰਜੀਤ ਸਿੰਘ ਗੋਗਾ, ਦਲਜੀਤ ਸਿੰਘ ਸੱਗੂ, ਸਤਵਿੰਦਰ ਸਿੰਘ ਸੱਤੀ, ਵਰਿੰਦਰ ਸਿੰਘ ਰੇਲਵੇ, ਸਰਵਣ ਸਿੰਘ ਬਿਜਲੀ ਵਾਲੇ ਮੂਨਕਾਂ, ਨਰਿੰਦਰ ਸਿੰਘ ਪਾਤੜ, ਜਸਵਿੰਦਰ ਸਿੰਘ ਪਾਤੜ, ਗੁਰਪ੍ਰੀਤ ਸਿੰਘ ਨੂੰ ਕਾਰਜਕਾਰਨੀ ਮੈਂਬਰ ਬਣਾਇਆ ਗਿਆ। ਕੁਲਜੀਤ ਸਿੰਘ ਪਿੰਕੂ, ਸੁਖਜਿੰਦਰ ਸਿੰਘ ਧੀਰ, ਮਨਜੀਤ ਸਿੰਘ ਜਾਜਾ ਬਾਈਪਾਸ, ਭੁਪਿੰਦਰ ਸਿੰਘ ਬਬਲੂ, ਗੁਰਪ੍ਰੀਤ ਸਿੰਘ ਰਾਜੂ, ਬਲਰਾਮ ਨੰਦਰਾ, ਪਰਮਿੰਦਰ ਵਿਰਦੀ, ਰਕੇਸ ਗੋਮਰ, ਗੌਰਵ ਫੋਕਲ ਪੁਆਇੰਟ ਅਤੇ ਬ੍ਰਿਜ ਸੋਧੀ ਨੂੰ ਮੈਂਬਰ ਵਜੋਂ ਨੋਮੀਨੇਟ ਕੀਤਾ ਗਿਆ। ਪ੍ਰਧਾਨ ਬਣੇ ਗੁਰਦੀਪ ਸਿੰਘ ਸੀਹਰਾ ਨੇ ਸਮੂਹ ਸਭਾ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਆਖਿਆ ਕਿ ਉਹ ਮੰਦਰ ਅਤੇ ਸਭਾ ਦੀ ਬੇਹਤਰੀ ਲਈ ਸਾਰੇ ਮੈਂਬਰਾਂ ਨਾਲ ਮਿਲਕੇ ਤਨਦੇਹੀ ਦੇ ਨਾਲ ਸੇਵਾਵਾਂ ਦੇਣਗੇ। ਉਨ੍ਹਾਂ ਦੱਸਿਆ ਕਿ ਸਭਾ ਦੀ ਟੀਮ ਦਾ ਹੋਰ ਵਿਸਤਾਰ ਕੀਤਾ ਜਾਵੇਗਾ। ਇਸ ਮੌਕੇ ਸਭਾ ਦੇ ਸਮੂਹ ਮੈਂਬਰਾਂ ਨੇ ਚੁਣੇ ਗਏ ਅਹੁਦੇਦਾਰਾਂ ਦਾ ਸਨਮਾਨ ਕੀਤਾ ਅਤੇ ਸਾਰਿਆਂ ਨੇ ਮਿਲਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।



ਭਾਈ ਉਧੂ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਗੁਰਦੁਆਰਾ ਸਾਹਿਬ ਬਿਲਗਾ ਵਿਖੇ ਭਾਈ ਗੁਰਮੁਖ ਸਿੰਘ ਦਾ ਰਾਗੀ ਜਥਾ ਕੀਰਤਨ ਕਰਦਾ ਹੋਇਆ। (ਫੋਟੋ ਤੇ ਵੇਰਵਾ : ਬਾਲ ਕ੍ਰਿਸ਼ਨ ਬਾਲੀ, ਨੂਰਮਹਿਲ)